

ਦਰਸ਼ਨ ਮਿਤਵਾ ਦਾ
ਨਾਵਲ ਜਗਤ

ਪ੍ਰੋ. ਬ੍ਰਹਮਜਗਦੀਸ਼ ਸਿੰਘ

ਦਰਸ਼ਨ ਮਿਤਵਾ ਦਾ
ਨਾਵਲ ਜਗਤ

ਪ੍ਰੋ. ਬ੍ਰਹਮਜਗਦੀਸ਼ ਸਿੰਘ

ਉਡਾਨ ਪਬਲੀਕੇਸ਼ਨਜ਼, ਮਾਨਸਾ

ਦੁਆਵਾਂ ਅਤੇ ਅਸੀਸਾਂ ਨਾਲ!
ਆਪਣੀਆਂ ਬੇਟੀਆਂ ਨਵਨੂਰ ਰਾਣਾ, ਸ਼ੈਰੀ ਸਿੰਘ
ਅਤੇ ਦਰਸ਼ਨ ਮਿਤਵਾ ਦੀ ਬੇਟੀ ਰਿਚਾ ਦੇ ਨਾਮ!

ਪ੍ਰੋ. ਬ੍ਰਹਮਜਗਦੀਸ਼ ਸਿੰਘ ਰਚਨਾਵਲੀ

ਆਲੋਚਨਾ

ਸੁਜਾਨ ਸਿਘ ਬਾਰੇ, ਪੰਜਾਬੀ ਗੱਦ ਸ਼ਿਰੋਮਣੀ, ਸਾਹਿਤ ਸਭਿਆਚਾਰ ਤੇ ਪੰਜਾਬ, ਰਾਣਾ ਸੂਰਤ ਸਿੰਘ : ਚਿੰਤਨ ਤੇ ਕਲਾ, ਆਧੁਨਿਕ ਪੰਜਾਬੀ ਕਾਵਿ ਅਤੇ ਭਾਈ ਵੀਰ ਸਿੰਘ, ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ, ਭਾਈ ਵੀਰ ਸਿੰਘ ਦਾ ਰਚਨਾ ਸੰਸਾਰ, ਪੱਛਮੀ ਸਮੀਖਿਆ: ਸਿਧਾਂਤ ਤੇ ਸੰਦਰਭ, ਸਭਿਆਚਾਰ ਮਾਨਵ ਵਿਗਿਆਨ, ਗੁਰੂ ਨਾਨਕ ਅਤੇ ਸੰਤ ਬਾਣੀ, ਭਗਤ ਬਾਣੀ : ਚਿੰਤਨ ਅਤੇ ਕਲਾ, ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ, ਰਵਿੰਦਰ ਰਵੀ ਦਾ ਰਚਨਾ ਸੰਸਾਰ, ਪੰਜਾਬੀ ਸਭਿਆਚਾਰ : ਸੰਤਦਰਭ ਮੂਲਕ ਅਧਿਐਨ, ਨਾਟਕ ਅਤੇ ਰੰਗਮੰਚ, ਗੁਰੂ ਗੋਬਿੰਦ ਸਿੰਘ : ਬਾਣੀ ਸੰਸਾਰ, ਭਾਈ ਗੁਰਦਾਸ ਦੀ ਪਹਿਲੀ ਵਾਰ : ਵਿਆਖਿਆ, ਵਿਸ਼ਲੇਸਣ ਤੇ ਪਾਠ, ਰਾਸ਼ਟਰੀ ਚੇਤਨਾ ਦਾ ਕਵੀ : ਗੁਰਦੇਵ ਸਿੰਘ ਰਾਏ, ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ।

ਮੋਨਗ੍ਰਾ.ਫ

ਬੋਲੈ ਸ਼ੇਖ਼ ਫ਼ਰੀਦ, ਪਰਮਸੰਤ ਨਾਮਦੇਵ, ਭਗਤ ਸ਼ਿਰੋਮਣੀ ਰਵਿਦਾਸ, ਸੰਤ ਕਬੀਰ, ਗੁਰੂ ਨਾਨਕ : ਸਾਹਿਤਿਕ ਪਰਿਪੇਖ, ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਸੰਦੇਸ਼, ਭਾਈ ਗੁਰਦਾਸ : ਰਚਨਾ ਸੰਸਾਰ, ਤੇਜਾ ਸਿੰਘ ਸਾਬਰ : ਜੀਵਨ ਤੇ ਰਚਨਾ, ਗਿਆਨੀ ਲਾਲ ਸਿੰਘ : ਜੀਵਨ ਤੇ ਰਚਨਾ, ਡਾ. ਗੰਡਾ ਸਿੰਘ : ਜੀਵਨ ਤੇ ਰਚਨਾ, ਭਾਈ ਵੀਰ ਸਿੰਘ : ਜੀਵਨ ਤੇ ਰਚਨਾ, ਗੁਰੂ ਨਾਨਕ ਦੇਵ ਜੀ : ਜੀਵਨ, ਦਰਸ਼ਨ ਅਤੇ ਬਾਣੀ, ਜਪੁਜੀ : ਵਿਚਾਰਧਾਰਾ, ਪ੍ਰਬੰਧ ਅਤੇ ਪਾਠ, ਸਿਧ ਗੋਸ਼ਟਿ : ਪਾਠ,ਪ੍ਰਸੰਗ ਅਤੇ ਪ੍ਰਵਚਨ, ਜਾਪੁ ਸਾਹਿਬ : ਪਾਠ ਅਤੇ ਪ੍ਰਸੰਗ, ਦਖਣੀ ਓਅੰਕਾਰ : ਰੂਪਰਚਨਾ ਅਤੇ ਪਾਠ, ਸੁਖਮਨੀ ਸਾਹਿਬ : ਪਾਠ ਅਤੇ ਵਿਵਚਨ, ਮਾਝ ਦੀ ਵਾਰ : ਰੂਪ ਰਚਨਾ ਅਤੇ ਪਾਠ, ਬਾਵਨ ਅੱਖਰੀ ਤੇ ਬਾਹਮਾਹ ਮਾਂਝ : ਵਿਚਾਰਧਾਰਾ ਅਤੇ ਰੂਪਾਕਾਰਕ ਅਧਿਐਨ, ਗਿੱਲ ਮੋਰਾਂਵਾਲੀ : ਸੋਚ ਅਤੇ ਸੰਵੇਦਨਾ, ਅੰਮ੍ਰਿਤਾ ਪ੍ਰੀਤਮ : ਜੀਵਨ ਤੇ ਰਚਨਾ, ਸ਼ਬਦ ਤੇ ਸ਼ਲੋਕ ਗੁਰੂ ਤੇਗ਼ ਬਹਾਦਰ : ਪਾਠ, ਵਿਆਖਿਆ ਅਤੇ ਪ੍ਰਵਚਨ, ਦਰਸ਼ਨ ਮਿਤਵਾ

ਸੰਪਾਦਨ

ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ, ਡਾ. ਕੁਲਬੀਰ ਸਿੰਘ ਕਾਂਗ : ਅਭਿਨੰਦਨ ਗ੍ਰੰਥ, ਕਰਮਜੀਤ ਸਿੰਘ : ਜੀਵਨ ਤੇ ਰਚਨਾ, ਭਗਤ ਰਵਿਦਾਸ : ਬਾਣੀ ਅਤੇ ਚਿੰਤਨ, ਕਾਵਿਧਾਰਾ, ਅਭਿਨੰਦਨ : ਪ੍ਰੇਮਪਾਲੀ, ਬ੍ਰਿਜਿੰਦਰ ਕਾਲਜ : ਇਤਿਹਾਸਕ-ਸਭਿਆਚਾਰਕ ਪਰਿਪੇਖ, ਸ਼ੇਖ ਫ਼ਰੀਦ : ਕ੍ਰੋਨੀਕਲਜ਼ (21 ਅੰਕ), ਮਿੱਟੀ ਮਾਲਵੇ ਦੀ : ਸਾਹਿਤਕ ਮੈਗਜੀਨ (2002 ਤੋਂ)

ਅਨੁਵਾਦ

ਗੋਲਦੋਨੀ ਦੇ ਪ੍ਰਸਿੱਧ ਨਾਟਕ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਪ੍ਰਮੁੱਖ ਘਟਨਾਵਾਂ

ਜੀਵਨ-ਬ੍ਰਿਤਾਂਤ

ਅਸਤਿਤਵ, ਗਿਆਨ ਦੀ ਆਬਸ਼ਾਰ : ਪ੍ਰੋ. ਬ੍ਰਹਮਜਗਦੀਸ਼ ਸਿੰਘ

ਤਤਕਰਾ

ਭੂਮਿਕਾ

ਉੱਤਰ-ਸੁਤੰਤਰਤਾ ਯੁਗ ਵਿਚ ਜਨਮੇ ਅਤੇ ਪ੍ਰਵਾਨ ਚੜ੍ਹੇ ਲੇਖਕਾਂ ਵਿਚੋਂ ਦਰਸ਼ਨ ਮਿਤਵਾ ਇਕ ਉੱਲੇਖਯੋਗ ਨਾਮ ਹੈ। ਉਸਦਾ ਸਮੁਚਾ ਜੀਵਨ ਹੀ ਸਾਹਿੱਤ-ਸਿਰਜਣਾ ਅਤੇ ਪ੍ਰਕਾਸ਼ਨਾ ਨੂੰ ਸਮਰਪਿਤ ਹੈ। ਉਸਨੇ ਆਪਣੇ ਵਿਅਕਤਿਤਵ ਨੂੰ ਅਭਿਵਿਅਕਤ ਕਰਨ ਦੀ ਇੱਛਾ ਨਾਲ ਲਿਖਣਾ ਸ਼ੁਰੂ ਕੀਤ ਸੀ, ਬਹੁਤ ਸਾਰੇ ਲੇਖਕਾਂ ਦੀ ਸ਼ੁਰੂਆਤ ਇਸੇ ਤਰ੍ਹਾਂ ਨਾਲ ਹੁੰਦੀ ਹੈ ਪਰ ਸਾਨੂੰ ਇਸ ਗੱਲ ਦੀ ਖੁਸ਼ੀ ਅਤੇ ਸੰਤੋਸ਼ ਹੈ ਕਿ ਉਸਨੇ ਆਪਣੇ ਮਕਸਦ ਦੀ ਪ੍ਰਾਪਤੀ ਕਰ ਲਈ ਹੈ। ਪੰਜਾਬੀ ਗਲਪ ਅਤੇ ਨਾਟਕ ਦੋਹਾਂ ਖੇਤਰਾਂ ਵਿਚ ਉਸਨੇ ਆਪਣੇ ਨਵੇਕਲੇ ਹਸਤਾਖਰ ਸਥਾਪਿਤ ਕਰ ਲਏ ਹਨ।

ਪੰਜਾਬੀ ਗਲਪ ਦੇ ਖੇਤਰ ਵਿਚ ਮਿਤਵਾ ਨੂੰ ਪ੍ਰਵੇਸ਼ ਕੀਤਿਆਂ ਲਗਪਗ ਤਿੰਨ ਦਹਾਕੇ ਬੀਤ ਚੁੱਕੇ ਹਨ; ਹੁਣ ਤੱਕ ਉਸਦੇ ਅੱਠ ਨਾਵਲ ਅਤੇ ਸੱਤ ਕਹਾਣੀ ਸੰਗ੍ਰਿਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਨੌਵਾਂ ਨਾਵਲ 'ਇੰਦਰੋ' ਪ੍ਰਕਾਸ਼ਨਾਧੀਨ ਹੈ। ਇਸ ਸੂਰਤ ਵਿਚ ਪੰਜਾਬੀ ਆਲੋਚਕਾਂ ਦਾ ਇਹ ਫ਼ਰਜ਼ ਬਣਦਾ ਸੀ ਕਿ ਪੰਜਾਬੀ ਨਾਵਲ ਵਿਚ ਉਸਦੇ ਸਥਾਨ ਅਤੇ ਵਿਸ਼ਿਸ਼ਿਟਤਾ ਨੂੰ ਲੈ ਕੇ ਕੋਈ ਸੰਬਾਦ ਰਚਾਇਆ ਜਾਂਦਾ। ਪਿਛਲੇ ਦਿਨੀਂ ਉਸਦੇ ਇਕ ਨਾਵਲ 'ਕੁੜੀਆਂ ਚਿੜੀਆਂ' ਬਾਰੇ ਇਕ ਸੰਪਾਦਿਤ ਆਲੋਚਨਾਤਮਕ ਪੁਸਤਕ ਛਪ ਵੀ ਚੁੱਕੀ ਹੈ ਪਰੰਤੂ ਇਹ ਕਾਫ਼ੀ ਨਹੀਂ ਸੀ ਕਿਉਂਕਿ ਪੰਜਾਬ ਦੇ ਕਈ ਵਿਸ਼ਵ-ਵਿਦਿਆਲਿਆਂ ਵਿਚ ਐਮ. ਫਿਲ. ਅਤੇ ਉਚੇਰੇ ਸ਼ੋਧ-ਕਾਰਜਾਂ ਲਈ ਉਸਦੇ ਰਚਨਾਤਮਕ ਕਾਰਜ ਨੂੰ ਕਾਫ਼ੀ ਗੰਭੀਰਤਾ ਲਾਲ ਲਿਆ ਜਾਣ ਲੱਗਾ ਹੈ, ਇਸ ਕਾਰਨ ਮੈਂ ਇਹ ਪ੍ਰਯਾਸ ਕੀਤਾ ਹੈ ਕਿ ਦਰਸ਼ਨ ਮਿਤਵਾ ਦੇ ਨਾਵਲ ਜਗਤ ਬਾਰੇ ਇਕ ਸਰਬਾਂਗੀ ਰਚਨਾ ਤਿਆਰ ਕੀਤੀ ਜਾਵੇ। ਹਥਲਾ ਕਾਰਜ ਮੇਰੀ ਇਸੇ ਸੋਚ ਵਿਚੋਂ ਸਾਕਾਰ ਅਤੇ ਪ੍ਰਾਣਵੰਤ ਹੋਇਆ ਹੈ।

ਦਰਸ਼ਨ ਮਿਤਵਾ ਨੇ ਪੰਜਾਬ ਦੇ ਹਾਸ਼ੀਆਕ੍ਰਿਤ (ਦਲਿਤਾਂ, ਬਾਲ ਮਜ਼ਦੂਰਾਂ, ਨਾਰੀਆਂ, ਟੁੱਟੇ-ਥੁੜੇ ਹਟਬਾਣੀਆਂ ਅਤੇ ਬੇਰੁਜ਼ਗਾਰਾਂ) ਨੂੰ ਆਪਣੇ ਨਾਵਲ-ਜਗਤ ਦਾ ਵਿਸ਼ਾ ਬਣਾਇਆ ਹੈ। ਉਸ ਨੂੰ ਪੰਜਾਬੀ ਸਮਾਜ ਦੇ ਇਨ੍ਹਾਂ ਵਰਗਾਂ ਨਾਲ ਸੱਚੀ ਸੁਹਾਨਭੂਤੀ ਹੈ। ਇਹੀ ਕਾਰਨ ਹੈ ਕਿ ਉਸਨੇ ਇਨ੍ਹਾਂ ਵਰਗਾਂ ਦੇ ਜੀਵਨ ਨਾਲ ਸੰਬੰਧਿਤ ਬਹੁਤ ਸਾਰੇ ਨਵੇਂ ਅਤੇ ਧਿਆਨ ਮੰਗਦੇ ਜ਼ਾਵੀਏ ਸਾਹਮਣੇ ਲਿਆਂਦੇ ਹਨ। ਉਹ ਪੂਰੀ ਸੁਹਿਰਦਤਾ ਅਤੇ ਸ਼ਿੱਦਤ ਨਾਲ ਲਿਖਣ ਵਾਲਾ ਨਾਵਲਕਾਰ ਹੈ। ਉਹ ਆਪਣੀ ਕਿਸੇ ਰਚਨਾ ਦੀ ਸਫਲਤਾ ਤੋਂ ਉਤਸਾਹਿਤ ਹੋ ਕੇ ਉਸਦੇ ਵਿਸ਼ੇ ਜਾਂ ਵਿਉਂਤ

ਨੂੰ ਦੁਹਰਾਉਣ ਦੀ ਉਪਭਾਵੁਕ ਭੁੱਲ ਨਹੀਂ ਕਰਦਾ। ਉਸਦੀ ਹਰ ਰਚਨਾ ਅਨੁਭਵ ਦੀ ਤਾਜ਼ਗੀ ਅਤੇ ਅਭਿਵਿਅਕਅਤੀ ਦੀ ਸਟੀਕਤਾ ਨਾਲ ਲਬਰੇਜ਼ ਹੁੰਦੀ ਹੈ।

ਦਰਸ਼ਨ ਮਿਤਵਾ ਟਾਈਮ-ਫਰੇਮ ਨੂੰ ਇਕ ਨੁਕਤੇ ਉਪਰ ਫਰੀਜ਼ ਕਰ ਕੇ ਆਪਣੇ ਵਿਸ਼ੇ ਨੂੰ ਰੂਪਮਾਨ ਕਰਦਾ ਹੈ। ਉਸਦੀ ਹਰ ਰਚਨਾ ਆਪਣੇ ਵਿਸ਼ੇ ਉਪਰ ਪੂਰੀ ਤਰ੍ਹਾਂ ਸੁਕੇਂਦ੍ਰਿਤ ਹੁੰਦੀ ਹੈ। ਇਸ ਕਾਰਨ ਉਸ ਦੇ ਨਾਵਲਾਂ ਵਿਚ ਅਨਾਵੱਸ਼ਕ ਵਿਸਤਾਰ ਨਹੀਂ ਹੁੰਦਾ। ਭਾਵੇਂ ਕੁਝ ਆਲੋਚਕ ਅਤੇ ਨਾਵਲਕਾਰ, ਵਿਸਤਾਰ ਨੂੰ ਨਾਵਲ-ਰਚਨਾ ਦਾ ਜ਼ਰੂਰੀ ਅੰਗ ਮੰਨਦੇ ਹਨ ਕਿਉਂਕਿ ਵਿਸਤਾਰ ਦੁਆਰਾ ਸਮਾਜਿਕ ਤਾਣੇ-ਬਾਣੇ ਦੀ ਇਕ ਜਟਿਲ ਅਤੇ ਬਹੁਪਾਸਾਰੀ ਤਸਵੀਰ ਦ੍ਰਿਸ਼ਟੀਗੋਚਰ ਹੁੰਦੀ ਹੈ ਪਰੰਤੂ ਦਰਸ਼ਨ ਮਿਤਵਾ 'ਮੈਕਰੋ' ਦੀ ਬਜਾਇ 'ਮਾਈਕਰੋ' ਦ੍ਰਿਸ਼ਟੀ ਨਾਲ ਕਿਸੇ ਸਮੱਸਿਆ ਜਾਂ ਸਰੋਕਾਰ ਨੂੰ ਦੇਖਣ ਵਾਲਾ ਇਕ ਸੰਜੀਦਾ ਲੇਖਕ ਹੈ। ਉਹ ਪੰਜਾਬੀ ਸਮਾਜ ਦੇ ਕਿਸੇ ਇਕ ਸਰੋਕਾਰ ਨੂੰ ਚੁੱਕ ਕੇ, ਫੈਲਾ ਕੇ ਇਸ ਦੀ ਇੰਨਟੈਂਸਿਵ ਪੜ੍ਹਤ ਤਿਅਰ ਕਰਨ ਦੀ ਕੋਸ਼ਿਸ਼ ਕਰਦਾ ਹੈ।

ਉਹ ਆਪਣੇ ਭੋਗੇ ਹੋਏ ਅਨੁਭਵ ਤੋਂ ਵਰ੍ਹੇ ਜਾ ਕੇ ਸਿਰਜਣਾ ਦੇ ਮਾਰਗ ਉਪਰ ਨਹੀਂ ਚੱਲਦਾ। ਅਜੋਕੇ ਯੁਗ ਵਿਚ ਜੇ ਬਹੁਤਾ ਪੰਜਾਬੀ ਸਾਹਿੱਤ ਨਿਮਨ-ਕਿਰਸਾਨੀ ਦੀਆਂ ਵਿਸੰਗਤੀਆਂ ਅਥਵਾ ਦੁਸ਼ਵਾਰੀਆਂ ਬਾਰੇ ਲਿਖਿਆ ਜਾ ਰਿਹਾ ਹੈ ਤਾਂ ਦਰਸ਼ਨ ਮਿਤਵਾ ਇਸ ਗਾਡੀ-ਰਾਹ ਉਪਰ ਚੱਲਣ ਦੀ ਕੋਸ਼ਿਸ਼ ਨਹੀਂ ਕਰਦਾ। ਬਣੇ-ਬਣਾਏ ਰਾਹਾਂ ਦਾ ਪ੍ਰਯੋਗ ਕਰਨ ਦੀ ਬਜਾਇ ਉਹ ਖ਼ੁਦ ਆਪਣੇ ਰਾਹਾਂ ਦੀ ਸਿਜ਼ਰਣਾ ਕਰਦਾ ਹੈ ਅਤੇ ਇਸ ਪ੍ਰਯਾਸ ਵਿਚ ਜੇ ਉਸਨੂੰ ਕੋਈ ਜੋਖਮ ਵੀ ਉਠਾਉਣਾ ਪਵੇ ਤਾਂ ਵੀ ਉਹ ਇਸਦੀ ਪ੍ਰਵਾਹ ਨਹੀਂ ਕਰਦਾ।

ਦਰਸ਼ਨ ਮਿਤਵਾ ਨੇ ਪੰਜਾਬੀ ਸਮਾਜ ਵਿਚ ਲੇਖਕਾਂ ਬਾਰੇ ਬਣੀ ਇਸ ਮਿਥ ਦਾ ਵੀ ਭੰਜਨ ਕੀਤਾ ਹੈ ਕਿ ਲੇਖਕ ਲੋਕਾਂ ਤੋਂ ਕਿਸੇ ਪ੍ਰਕਾਰ ਦੇ ਸਮਾਜਿਕ-ਪਰਿਵਾਰਿਕ ਦਾਇਤਵ ਨੂੰ ਨਿਭਾਉਣ ਦੀ ਆਸ਼ਾ ਰੱਖਣੀ ਵਿਅਰਥ ਹੈ ਕਿਉਂਕਿ ਇਹ ਲੋਕ ਕਿਸੇ ਪ੍ਰਕਾਰ ਦੇ ਨੇਮ ਵਿਚ ਬੱਝਣ ਦੇ ਆਦੀ ਨਹੀਂ ਹੁੰਦੇ ਪਰੰਤੂ ਮਿਤਵਾ ਦਾ ਸਾਰਾ ਜੀਵਨ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਦਾ ਇਕ ਅਨੂਠਾ ਦਸਤਾਵੇਜ਼ ਹੈ। ਉਹ ਪਲਾਇਣਵਾਦੀ ਵਿਅਕਤੀ ਨਹੀਂ ਹੈ ਬਲਕਿ ਹਰ ਚੁਣੌਤੀ ਨੂੰ ਸਿੰਗਾਂ ਤੋਂ ਫੜਨ ਦੀ ਜੁਅੱਰਤ ਰੱਖਦਾ ਹੈ। ਮੈਨੂੰ ਦਰਸ਼ਨ ਮਿਤਵਾ ਦੀ ਅਜਿਹੀ ਪ੍ਰਤੀਬੱਧਤਾ ਵਿਸ਼ੇਸ਼ ਰੂਪ ਵਿਚ ਪਸੰਦ ਆਈ ਹੈ ਕਿਉਂਕਿ ਲਿਖਣਾ ਕੋਈ ਬੇਪ੍ਰਵਾਹੀ ਜਾਂ ਮੌਜ-ਮਸਤੀ ਵਾਲੀ ਪ੍ਰਕ੍ਰਿਆ ਨਹੀਂ ਬਲਕਿ ਇਕ ਵਿਸ਼ੇਸ਼ ਜ਼ਿੰਮੇਵਾਰੀ ਵਾਲਾ ਸਮਾਜਿਕ ਕਾਰਜ ਹੈ। ਮੈਂ ਦਰਸ਼ਨ ਮਿਤਵਾ ਦੇ ਫ਼ਨ ਅਤੇ ਫ਼ਿਕਰ ਦਾ ਪ੍ਰਸ਼ੰਸਕ ਹਾਂ। ਉਸਨੇ ਬਹੁਤ ਅੱਗੇ ਜਾਣਾ ਹੈ।

ਹੋਲਾ ਮਹੱਲਾ, 2008 ਪ੍ਰੋ. ਬ੍ਰਹਮਜਗਦੀਸ਼ ਸਿੰਘ

ਦਰਸ਼ਨ ਮਿਤਵਾ ਦਾ ਨਾਵਲ ਜਗਤ

ਦਰਸ਼ਨ ਮਿਤਵਾ ਦਾ ਨਾਵਲ ਜਗਤ ਤਿੰਨ ਦਹਾਕਿਆਂ ਵਿੱਚ ਫੈਲਿਆ ਹੋਇਆ ਹੈ। ਉਸ ਨੇ 'ਇਕ ਰਾਤ ਦਾ ਜ਼ਖ਼ਮ' ਨਾਵਲ ਲਿਖ ਕੇ ਪੰਜਾਬੀ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਇਸ ਨਾਵਲ ਵਿਚ ਨਸ਼ਿਆਂ ਤੋਂ ਉਤਪੰਨ ਪਰਿਵਾਰਿਕ-ਸਮਾਜ ਦੁਖਾਂਤ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਦੌਰ ਵਿਚ ਮਾਨਸੇ ਦਾ ਇਲਾਕਾ ਡਰਗਜ਼ ਦਾ ਸ਼ਿਕਾਰ ਹੋ ਚੁੱਕਾ ਸੀ। ਕਾਲਜਾਂ ਵਿਚ ਪੜ੍ਹ ਰਹੇ, ਪੜ੍ਹ ਕੇ ਹਟ ਚੁੱਕੇ ਅਤੇ ਕਾਲਜਾਂ ਵਿਚ ਦਾਖਲ ਨਾ ਹੋ ਸਕੇ, ਸਾਰੇ ਨੌਜਵਾਨ ਨਸ਼ੇ ਦੀਆਂ ਗੋਲੀਆਂ ਦਾ ਸੇਵਨ ਕਰਨ ਵਿਚ ਮਾਨ ਸਮਝਦੇ ਸਨ। ਪੰਜਾਬ ਵਿਚ ਇਸ ਸਮੇਂ ਨਕਸਲਵਾਦ ਲਹਿਰ ਛਿੰਨ-ਭਿੰਨ ਹੋ ਚੁੱਕੀ ਸੀ ਅਤੇ ਯੁਵਕਾਂ ਲਈ ਪਰਾਕ੍ਰਮ ਦਾ ਕੋਈ ਖੇਤਰ ਨਹੀਂ ਸੀ ਬਚਿਆ। ਪੰਜਾਬ ਸਟੂਡੈਂਟਸ ਯੂਨੀਅਨ (ਐਮ. ਐਲ.) ਵੀ ਉਤਰਾਉ ਤੇ ਸੀ। ਯੁਵਾ ਪੀੜ੍ਹੀ ਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਉਹ ਕਿੱਧਰ ਜਾਵੇ। ਇਸ ਤੋਂ ਕਈ ਵਰ੍ਹੇ ਪਹਿਲਾਂ ਭਾਰਤ ਵਿਚ ਯੁਵਕਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਅਗਵਾਈ ਕਰਨ ਵਾਲੀ ਭਾਰਤ ਕਮਿਊਨਿਸਟ ਪਾਰਟੀ ਦੋਫਾੜ ਹੋ ਚੁੱਕੀ ਸੀ। 1970-71 ਦੇ ਆਸ-ਪਾਸ ਨਕਸਲਵਾਦੀ ਲਹਿਰ ਨੇ ਜ਼ੋਰ ਫੜਿਆ ਅਤੇ ਪੰਜਾਬ ਵਿਚ ਛੋਟੀ ਕਿਰਸਾਨੀ ਅਤੇ ਹੋਰ ਵਰਗਾਂ ਨਾਲ ਸੰਬੰਧਤ ਬਹੁਤ ਸਾਰੇ ਚੇਤਨ ਯੁਵਕ ਇਸ ਲਹਿਰ ਦੇ ਪ੍ਰਭਾਵ ਹੇਠ ਆ ਗਏ ਸਨ। ਇਸ ਲਹਿਰ ਨਾਲ ਸੰਬੰਧਿਤ ਯੁਵਕਾਂ ਵਿਚ ਬੇਹੱਦ ਜੋਸ਼ ਸੀ ਪਰੰਤੂ ਆਮ ਆਦਮੀ ਨੂੰ ਇਨਕਲਾਬ ਵਗੈਰਾ ਬਾਰੇ ਕੀ ਮਾਲੂਮ ਸੀ। ਸਾਡੇ ਲੋਕ ਲੁੱਟ-ਖਸੁੱਟ ਵਿਚ ਸ਼ਾਮਲ ਹੋਣ ਵਾਸਤੇ ਤਾਂ ਸਦਾ ਤਤਪਰ ਰਹਿੰਦੇ ਹਨ ਪਰੰਤੂ ਜਦੋਂ ਦੁਖ ਜਾਂ ਮੁਸੀਬਤਾਂ ਝੱਲਣ ਦਾ ਵਕਤ ਆਉਂਦਾ ਹੈ ਤਾਂ ਬੇਦਾਅਵੇ ਲਿਖ ਕੇ ਚਲਦੇ ਬਣਦੇ ਹਨ। ਨਕਸਲੀ ਲਹਿਰ ਨਾਲ ਵੀ ਇਸੇ ਤਰ੍ਹਾਂ ਹੋਇਆ। ਸਮੇਂ ਦੀ ਸਰਕਾਰ ਨੇ ਜਦੋਂ ਪੁਲਿਸ ਨੂੰ ਪੂਰੇ ਅਧਿਕਾਰ ਦੇ ਕੇ ਨਕਸਲਵਾਦੀ ਲਹਿਰ ਦੇ ਖ਼ਾਤਮੇ ਦਾ ਆਦੇਸ਼ ਦਿੱਤਾ ਤਾਂ ਗਿਣੇ-ਚੁਣੇ ਨੇਤਾਵਾਂ ਨੂੰ ਛੱਡ ਕੇ ਬਾਕੀ ਸਭ ਪੱਤਰੇ ਵਾਚ ਗਏ। ਬਹੁਤੇ ਤਾਂ ਕੁਝ ਦੇ-ਦਿਵਾ ਕੇ ਵਿਦੇਸ਼ਾਂ ਵੱਲ ਉਡਾਰੀ ਮਾਰ ਗਏ ਅਤੇ ਡਾਲਰਾਂ-ਪਾਊਂਡਾਂ ਆਦਿ ਦੀ ਚਕਾਚੌਂਧ ਵਿਚ ਗੁਆਚ ਗਏ।

ਨਕਸਲਵਾਦੀ ਲਹਿਰ ਦੇ ਖ਼ਾਤਮੇ ਤੋਂ ਬਾਅਦ ਪੰਜਾਬ ਵਿਚ ਕੁਝ ਦੇਰ ਪ੍ਰਯੋਗਵਾਦ ਦਾ ਦੌਰ ਵੀ ਰਿਹਾ। ਇਸ ਲਹਿਰ ਨਾਲ ਸੰਬੰਧਿਤ ਯੁਵਕਾਂ ਨੇ ਪਿਸਤੌਲਾਂ ਵਿਚਲੀਆਂ ਗੋਲੀਆਂ ਦੀ ਬਜਾਇ ਪੱਤਿਆਂ ਵਿਚਲੀਆਂ ਗੋਲੀਆਂ (ਡਰੱਗਜ਼) ਦਾ

ਸਹਾਰਾ ਲਿਆ ਅਤੇ ਡਰਾਪ-ਆਊਟ ਬਣ ਗਏ। 1978-79 ਤਕ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿਚ ਡਰੱਗਜ਼ ਦਾ ਪ੍ਰਚਲਨ ਹੋ ਗਿਆ। ਮੈਂਡਰੈਕਸ ਉਨ੍ਹਾਂ ਦਿਨਾਂ ਵਿਚ ਇਕ ਪ੍ਰਸਿੱਧ ਡਰੱਗ ਹੋਇਆ ਕਰਦੀ ਸੀ। ਆਪਣੇ ਆਪ ਨੂੰ ਚੇਤੰਨ ਅਤੇ ਬੁੱਧੀਜੀਵੀ ਕਹਿਣ-ਕਹਾਉਣ ਵਾਲਾ ਹਰ ਨੌਜਵਾਨ ਮੈਂਡਰੈਕਸ ਦਾ ਪ੍ਰਯੋਗ ਕਰਦਾ ਸੀ। ਮੈਨੂੰ ਯਾਦ ਹੈ ਕਿ ਮਾਨਸਾ ਦੇ ਨਹਿਰੂ ਮੈਮੋਰੀਅਲ ਕਾਲਜ ਵਿਚ ਅਸੀਂ ਕੁਝ ਪ੍ਰਾਧਿਆਪਕ ਸਾਲਾਨਾ ਪਰੀਖਿਆਵਾਂ ਕੰਡਕਟ ਕਰਵਾਉਣ ਲਈ ਗਏ। ਇਸ ਕਾਲਜ ਵਿਚ ਉਨ੍ਹੀਂ ਦਿਨੀਂ ਨਕਲ ਦਾ ਬਹੁਤ ਬੋਲ-ਬਾਲਾ ਹੋਇਆ ਕਰਦਾ ਸੀ। ਅਸੀਂ ਪਰੀਖਿਆਰਥੀਆਂ ਦੀ ਜਾਮਾਤਲਾਸ਼ੀ ਲੈ ਕੇ ਉਨ੍ਹਾਂ ਤੋਂ ਗਾਈਡਾਂ ਤੇ ਨਕਲ ਦਾ ਹੋਰ ਸਾਮਾਨ ਬਰਾਮਦ ਕਰਨਾ। ਇਸੇ ਤਰ੍ਹਾਂ ਇਕ ਅਧਿਆਪਕ ਜਦੋਂ ਕਿਸੇ ਪਰੀਖਿਆਰਥੀ ਦੀ ਜਾਮਾਤਲਾਸ਼ੀ ਲੈ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਉਸ ਦੀ ਜੇਬ ਵਿਚ ਇਕ ਮੈਂਡਰੈਕਸ ਦੀ ਗੋਲੀ ਹੈ। ਉਸਨੇ ਜਾ ਕੇ ਆਪਣੇ ਇਕ ਬੁੱਧੀਜੀਵੀ ਸਹਿਯੋਗੀ ਨਾਲ ਗੱਲ ਕੀਤੀ। ਉਹ ਬੜਾ ਖੁਸ਼ ਹੋਇਆ ਕਿਉਂਕਿ ਬੁੱਧੀਜੀਵੀ ਹੋਣ ਦੇ ਨਾਤੇ ਉਸ ਨੂੰ ਵੀ ਇਹ ਗੋਲੀ ਬੇਹੱਦ ਪਸੰਦ ਸੀ। ਉਹ ਫਟਾਫਟ ਜਾ ਕੇ ਉਸ ਪਰੀਖਿਆਰਥੀ ਦੀ ਤਲਾਸ਼ੀ ਲੈਣ ਲੱਗਾ ਪਰੰਤੂ ਉਸਨੂੰ ਉਸਦੀ ਜੇਬ ਵਿਚੋਂ ਕੁਝ ਵੀ ਬਰਾਮਦ ਨਾ ਹੋਇਆ। ਇਸ ਬੁੱਧੀਜੀਵੀ ਪ੍ਰਾਧਿਆਪਕ ਨੂੰ ਮਾਯੂਸ ਹੋਏ ਦੇਖ ਕੇ ਉਸ ਪਰੀਖਿਆਰਥੀ ਨੇ ਦੱਸ ਦਿੱਤਾ ਕਿ ਤੁਸੀਂ ਜਿਸ ਵਸਤ ਦੀ ਤਲਾਸ਼ ਵਿਚ ਆਏ ਹੋ, ਮੈਂ ਉਸਦਾ ਸੇਵਨ ਕਰ ਲਿਆ ਹੈ। ਇਸ ਤਰ੍ਹਾਂ ਉਸ ਦੌਰ ਵਿਚ ਵਿਦਿਆਰਥੀ ਤਾਂ ਵਿਦਿਆਰਥੀ, ਅਧਿਆਪਕ ਲੋਕ ਵੀ ਡਰੱਗਜ਼ ਦੇ ਆਦੀ ਹੋ ਚੁੱਕੇ ਸਨ।

ਅਸਲ ਵਿਚ ਇਸ ਦੌਰ ਵਿਚ ਯੁਵਾ ਪੀੜ੍ਹੀ ਦਾ ਸਰਕਾਰ ਅਤੇ ਇਸਦੀ ਮਸ਼ੀਨਰੀ ਤੋਂ ਪੂਰੀ ਤਰ੍ਹਾਂ ਮੋਹਭੰਗ ਹੋ ਚੁੱਕਾ ਸੀ। ਆਪਣੇ ਤਾਨਾਸ਼ਾਹੀ ਵਤੀਰੇ ਵਿਰੁੱਧ ਉਠੇ ਵਿਦਰੋਹ ਅਤੇ ਆਕ੍ਰੋਸ਼ ਨੂੰ ਦਬਾਉਣ ਲਈ ਤਤਕਾਲੀਨ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕਰ ਕੇ ਵੇਖ ਲਈ ਸੀ। ਫਿਰ ਜਨਤਾ ਪਾਰਟੀ ਆਈ, ਤਾਂ ਉਹ ਵੀ ਅਵਾਮ ਨੂੰ ਆਪਣੇ ਨਾਲ ਨਾ ਜੋੜ ਸਕੀ। ਸਿੱਟੇ ਵਜੋਂ ਇੰਦਰਾ ਗਾਂਧੀ ਦੋਬਾਰਾ ਪ੍ਰਧਾਨ ਮੰਤਰੀ ਬਣ ਗਈ। ਅਵਾਮ ਦੀ ਮਾਯੂਸੀ ਅਤੇ ਨਿਰਾਸ਼ਾ ਹੋਰ ਵੀ ਵਧ ਗਈ। ਇਸੇ ਕਾਰਨ ਬੁੱਧੀਜੀਵੀ ਵਰਗ ਅਲਕੋਹਲ, ਸਿਗਰਟ ਅਤੇ ਹੋਰ ਨਸ਼ਿਆਂ ਵਿਚ ਪਲਾਇਣ ਲੱਭਣ ਲੱਗਿਆ ਸੀ। ਇਸ ਵਰਗ ਦੀ ਦੇਖਾ ਦੇਖੀ ਯੁਵਾ-ਪੀੜ੍ਹੀ ਅਤੇ ਆਮ ਲੋਕ ਵੀ ਡਰਗਜ਼ ਦੇ ਆਦੀ ਹੋਣ ਲੱਗੇ ਸਨ। ਇਸ ਯੁਗ ਵਿਚ ਕਿਸਾਨੀ ਉੱਤੇ ਪੈਣ ਵਾਲੇ ਦਬਾਉ ਦੀਆਂ ਸੋਆਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਹਰੀ ਕ੍ਰਾਂਤੀ ਦੇ ਕਾਰਨ ਇਕ ਵਾਰ ਤਾਂ ਕਿਸਾਨਾਂ ਪਾਸ ਕਾਫ਼ੀ ਪੈਸਾ ਆਉਣ ਲੱਗ ਪਿਆ ਸੀ ਜਿਸ ਦੇ ਸਿੱਟੇ ਵਜੋਂ ਇਕ ਤਰਫ਼ ਤਾਂ ਕਿਸਾਨ ਮੁੰਡਿਆਂ ਨੇ ਆਪਣੇ ਮਾਪਿਆਂ ਨਾਲ ਖੇਤੀ ਦਾ ਕੰਮ ਕਰਵਾਉਣਾ ਬੰਦ ਕਰ ਦਿੱਤਾ ਅਤੇ ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਯੂ. ਪੀ. ਅਤੇ ਬਿਹਾਰ ਦੇ ਮਜ਼ਦੂਰਾਂ ਨੇ ਪੰਜਾਬ

ਉੱਤੇ ਧਾਵਾ ਬੋਲ ਦਿੱਤਾ। ਇਉਂ ਦਸ-ਬਾਰਾਂ ਵਰ੍ਹਿਆਂ ਦੇ ਅਰਸੇ ਵਿਚ ਹੀ ਕਿਸਾਨੀ ਦਾ ਕਚੂਮਰ ਨਿਕਲ ਗਿਆ। ਇਕ ਵਾਰ ਤਾਂ ਕਿਸਾਨੀ ਨੇ ਅਤਿਵਾਦ ਦੀ ਮੁਦਰਾ ਅਪਣਾ ਕੇ ਆਪਣੇ ਆਪ ਨੂੰ ਸੁਰੱਖਿਅਤ ਕਰਨ ਦਾ ਯਤਨ ਕੀਤਾ ਪਰੰਤੂ ਸਟੇਟ ਦੇ ਵਿਰੁੱਧ ਕਿਸੇ ਖਾੜਕੂ ਲਹਿਰ ਨੂੰ ਲਾਮਬੰਦ ਕਰਨਾ ਕੋਈ ਸੌਖਾ ਕੰਮ ਨਹੀਂ ਹੁੰਦਾ। ਸੋ ਇਸ ਖਾੜਕੂਵਾਦ ਦਾ ਵੀ ਦਸ-ਬਾਰਾਂ ਵਰ੍ਹਿਆਂ ਵਿਚ ਭੋਗ ਪੈ ਗਿਆ ਅਤੇ ਪੰਜਾਬ ਦੀ ਕਿਸਾਨੀ ਦਾ ਸੰਕਟ ਉਸ ਮੁਕਾਮ ਤੇ ਜਾ ਪਹੁੰਚਿਆ, ਜਿਥੋਂ ਵਾਪਸੀ ਦੀ ਆਸ਼ਾ ਕਰਨਾ ਵਿਅਰਥ ਹੈ। ਕਿਸਾਨੀ ਨੇ ਵੀ ਇਸ ਖੌਫ਼ਨਾਕ ਹਕੀਕਤ ਨੂੰ ਸਮਝ ਲਿਆ ਹੈ ਅਤੇ ਇਸੇ ਕਾਰਨ ਉਹ ਆਪਣੇ ਵਤਨ ਅਤੇ ਕਿੱਤੇ ਨੂੰ ਤਿਆਗ ਕੇ ਅਮੀਰ/ਵਿਕਸਿਤ ਦੇਸ਼ਾਂ ਵੱਲ ਪੂਰੇ ਜ਼ੋਰ-ਸ਼ੋਰ ਨਾਲ ਪ੍ਰਵਾਜ਼ ਕਰ ਰਹੀ ਹੈ। ਆਉਣ ਵਾਲੇ ਚੰਦ ਵਰ੍ਹਿਆਂ ਵਿਚ ਪੰਜਾਬ ਦੀ ਸਰਜ਼ਮੀਨ ਉਤੇ ਕੇਵਲ ਚੰਦ ਪ੍ਰਵਾਸੀ ਕਿਰਸਾਨ ਹੀ ਨਜ਼ਰ ਆਉਣਗੇ। ਇਥੋਂ ਦੀ ਖੇਤੀਬਾੜੀ ਅਤੇ ਹੋਰ ਸਹਾਇਕ ਧੰਦਿਆਂ ਉਪਰ ਯੂ. ਪੀ. ਅਤੇ ਬਿਹਾਰ ਦੇ ਮਜ਼ਦੂਰਾਂ ਦਾ ਕਬਜ਼ਾ ਹੋਵੇਗਾ। ਫਿਰ ਸ਼ਾਇਦ ਸਾਡੇ ਪੰਥਕ ਨੇਤਾਵਾਂ ਨੂੰ ਇਕ ਹੋਰ ਪੰਜਾਬੀ ਸੂਬੇ ਦੀ ਸਥਾਪਨਾ ਵਾਸਤੇ ਸੰਘਰਸ਼ ਕਰਨਾ ਪਵੇ।

ਇਹ ਹੈ ਉਹ ਪਸਮੰਜ਼ਰ ਜਿਸ ਵਿਚ ਦਰਸ਼ਨ ਮਿਤਵਾ ਪਲਿਆ ਅਤੇ ਪ੍ਰਵਾਨ ਚੜ੍ਹਿਆ। 1972-73 ਵਿਚ ਉਹ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਖੇ ਬੀ. ਏ. ਭਾਗ ਪਹਿਲਾ ਦਾ ਵਿਦਿਆਰਥੀ ਸੀ। ਉਸਦਾ ਮੁਢਲਾ ਜੀਵਨ (ਬਚਪਨ) ਬਹੁਤ ਕਠਨਾਈਆਂ ਵਿਚੋਂ ਗੁਜਰਿਆ। ਮਿਤਵਾ ਹੋਰਾਂ ਦਾ ਬੜਾ ਭਰਿਆ-ਪੂਰਾ ਪਰਿਵਾਰ ਸੀ। ਉਹ ਛੇ ਭਰਾਵਾਂ ਵਿਚੋਂ ਤੀਸਰੇ ਸਥਾਨ ਤੇ ਸੀ, ਜਨਮ - 5 ਅਪ੍ਰੈਲ 1953। ਮੁਢਲੀ ਸਿੱਖਿਆ ਉਸ ਨੇ ਮਾਨਸਾ ਦੇ ਹੀ ਇਕ ਸਾਧੂ ਤੋਂ ਪ੍ਰਾਪਤ ਕੀਤੀ। ਉਸਦਾ ਮਾਮਾ ਸ੍ਰੀ ਹੰਸ ਰਾਜ ਗੁਜ਼ਾਰੇ ਵਾਲਾ ਵਿਅਕਤੀ ਸੀ। ਉਸਦੇ ਸੰਰਕਸ਼ਣ ਵਿਚ ਆ ਕੇ ਮਿਤਵਾ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਕਰ ਲਈ ਪਰ ਇਸ ਦੌਰਾਨ ਘਰ ਦਾ ਖਰਚਾ ਚਲਾਉਣ ਵਾਸਤੇ ਪੜ੍ਹਾਈ ਦੇ ਨਾਲ-ਨਾਲ ਉਸਨੂੰ ਹੋਰ ਵੀ ਬਹੁਤ ਸਾਰੇ ਨਿੱਕੇ-ਮੋਟੇ ਕੰਮ ਕਰਨੇ ਪਏ ਕਦੇ ਰੇਲ ਦੀਆਂ ਲਾਈਨਾਂ ਵਿਚੋਂ ਕੋਲੇ ਚੁਗੇ, ਕਦੇ ਕੁਲਫ਼ੀਆਂ ਵੇਚੀਆਂ ਅਤੇ ਕਦੇ ਦੁੱਧ ਪਾਉਣ ਦਾ ਕੰਮ ਕੀਤਾ। ਹਾਇਰ ਸੈਕੰਡਰੀ ਕਰਨ ਬਾਅਦ ਉਸ ਦੀ ਪੜ੍ਹਾਈ-ਲਿਖਾਈ ਛੁੱਟ ਗਈ ਕਿਉਂਕਿ ਪਿਤਾ ਬੀਮਾਰ ਰਹਿਣ ਲੱਗ ਪਿਆ ਸੀ। ਵੱਡਾ ਭਰਾ ਵੀ ਕੋਈ ਖਾਸ ਕੰਮ ਨਹੀਂ ਸੀ ਕਰਦਾ। ਇਸ ਵਾਸਤੇ ਦਰਸ਼ਨ ਮਿਤਵਾ ਨੂੰ ਕਈ ਕੰਮ ਕਰਨੇ ਪਏ। ਉਸ ਨੇ ਚੰਦੇ, ਖੇਸ ਅਤੇ ਚਾਦਰਾਂ ਆਦਿ ਠੇਕਣ ਦਾ ਕੰਮ ਸ਼ੁਰੂ ਕਰ ਦਿੱਤਾ। ਇਹ ਕੰਮ ਚੰਗਾ ਚੱਲ ਪਿਆ। ਇਸੇ ਦੌਰਾਨ ਉਸਨੇ 'ਪ੍ਰਾਗਰੈਸਿਵ ਨਾਟਕ ਕਲਬ' ਦੀ ਸਥਾਪਨਾ ਕਰ ਕੇ ਕੁਝ ਨਾਟਕਾਂ ਦਾ ਮੰਚਣ ਕੀਤਾ। ਇਨ੍ਹਾਂ ਨਾਟਕਾਂ ਦੁਆਰਾ ਉਸਦਾ ਪ੍ਰੋ. ਸਤਿੰਦਰ ਸ਼ਰਮਾ ਨਾਲ ਸੰਪਰਕ ਬਣ ਗਿਆ ਜਿਸ ਨੇ ਉਸਨੂੰ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਖੇ ਦਾਖਲ ਵੀ ਕਰ ਲਿਆ। ਕਾਲਜ ਵਿਚ ਪੜ੍ਹਨ ਸਮੇਂ ਉਸ ਨੇ ਪ੍ਰੋ.

ਸ਼ਰਮਾ ਨਾਲ ਮਿਲ ਕੇ ਕਈ ਨਾਟਕ ਖੇਡੇ। ਉਸ ਸਮੇਂ ਪ੍ਰੋ. ਅਜਮੇਰ ਸਿੰਘ ਔਲਖ ਅਜੇ ਰੰਗਮੰਚ ਦੇ ਖੇਤਰ ਵਿਚ ਸਕ੍ਰਿਅ ਨਹੀਂ ਸੀ ਹੋਇਆ। ਉਹ ਬਾਅਦ ਵਿਚ ਪ੍ਰੋ. ਅਸ਼ੋਕ ਪਲੈਟੋ ਨਾਲ ਮਿਲ ਕੇ ਇਸ ਖੇਤਰ ਵਿਚ ਸਰਗਰਮ ਹੋਇਆ ਸੀ। ਇਸ ਤਰ੍ਹਾਂ ਮਾਨਸਾ ਵਿਚ ਰੰਗਮੰਚ ਦੇ ਮੋਢੀਆਂ ਵਿਚ ਦਰਸ਼ਨ ਮਿਤਵਾ ਦਾ ਨਾਮ ਵੀ ਬੜੇ ਵਿਸ਼ਵਾਸ਼ ਨਾਲ ਲਿਆ ਜਾ ਸਕਦਾ ਹੈ।

ਦਰਸ਼ਨ ਮਿਤਵਾ ਨੇ 1976-77 ਵਿਚ ਕੁਝ ਸਮਾਂ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ-ਨਾਟ ਵਿਭਾਗ ਵਿਚ ਐਮ. ਏ. (ਡਰਾਮੈਟਿਕਸ ਆਰਟਸ) ਦੀ ਪੜ੍ਹਾਈ ਵੀ ਕੀਤੀ ਪਰੰਤੂ ਆਰਥਿਕ ਮਜਬੂਰੀਆਂ ਦੇ ਕਾਰਨ ਉਹ ਇਹ ਪੜ੍ਹਾਈ ਪੂਰੀ ਨਾ ਕਰ ਸਕਿਆ। ਬਾਅਦ ਵਿਚ ਉਸਨੇ ਐਮ. ਏ. (ਪੰਜਾਬੀ ਸਾਹਿਤ) ਦੀ ਪਰੀਖਿਆ ਪੱਤਰ ਵਿਹਾਰ ਰਾਹੀਂ ਪੂਰੀ ਕਰ ਲਈ। ਇਸੇ ਸਮੇਂ ਉਸਦਾ ਸਾਹਿਤਕ ਸਫ਼ਰ ਸ਼ੁਰੂ ਹੋ ਗਿਆ। ਉਸ ਦੇ ਸੱਤ ਕਹਾਣੀ ਸੰਗ੍ਰਹਿ, ਸੱਤ ਨਾਵਲ, ਚਾਰ ਨਾਟਕ ਸੰਗ੍ਰਹਿ (ਪੂਰੇ ਨਾਟਕ ਅਤੇ ਇਕਾਂਗੀ) ਪ੍ਰਕਾਸ਼ਿਤ ਹੋ ਚੁੱਕੇ ਹਨ। ਉਸਦੇ ਨਾਵਲਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਇਕ ਰਾਤ ਦਾ ਜ਼ਖ਼ਮ (ਪਹਿਲੀ ਵਾਰੀ 1980 ਈ.)
2. ਨੰਗੇ ਸਿਰ ਵਾਲੀ ਤੀਵੀਂ (ਪਹਿਲੀ ਵਾਰੀ 1983 ਈ.)
3. ਚੁੱਪ ਰਾਤ ਦਾ ਸਿਵਾ (ਪਹਿਲੀ ਵਾਰੀ 1985 ਈ.)
4. ਉਸ ਮੋੜ ਤੋਂ ਗੁਜ਼ਰਦਿਆਂ (ਪਹਿਲੀ ਵਾਰੀ 2000 ਈ.)
5. ਕਸਤੂਰੀ (ਪਹਿਲੀ ਵਾਰੀ 2002 ਈ.)
6. ਕੁੜੀਆਂ ਚਿੜੀਆਂ (ਪਹਿਲੀ ਵਾਰੀ 2004 ਈ.)
7. ਸੱਚਿਦਾਨੰਦ (ਪਹਿਲੀ ਵਾਰੀ 2007 ਈ.)

1. ਇਕ ਰਾਤ ਦਾ ਜ਼ਖ਼ਮ

ਦਰਸ਼ਨ ਮਿਤਵਾ ਦੇ ਇਹ ਸਾਰੇ ਨਾਵਲ ਪਿਛਲੇ ਤਿੰਨ ਦਹਾਕਿਆਂ ਦੀਆਂ ਸਮਾਜਿਕ-ਸਭਿਆਚਾਰਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਦੇ ਹਨ। 'ਇਕ ਰਾਤ ਦਾ ਜ਼ਖ਼ਮ' ਵਿਚ ਲੇਖਕ ਨੇ ਪੰਜਾਬੀਆਂ ਵਿਚ ਨਸ਼ਿਆਂ ਦੀ ਅਲਾਮਤ ਨੂੰ ਰੂਪਮਾਨ ਕੀਤਾ ਹੈ। ਨਸ਼ੇ, ਕਿਸੇ ਵਿਅਕਤੀ ਦੁਆਰਾ ਸਮਾਜਿਕ ਯਥਾਰਥ ਦੀ ਕਰੂਰਤਾ ਦੇ ਵਿਰੁੱਧ ਅਪਣਾਏ ਸਟੈਂਡ ਦੀ ਪੇਸ਼ਕਾਰੀ ਕਰਦੇ ਹਨ। ਸਾਡੇ ਸਮਾਜ ਦੇ ਬਹੁਤੇ ਵਿਅਕਤੀ ਸਮਾਜਿਕ-ਸਭਿਆਚਾਰਕ ਦਬਾਉ ਦਾ ਮੁਕਾਬਲਾ ਨਹੀਂ ਕਰ ਸਕਦੇ। ਉਹ ਘਬਰਾ ਜਾਂਦੇ ਹਨ ਅਤੇ ਨਸ਼ਿਆਂ ਵਿਚ ਪਲਾਇਣ ਲੱਭਣ ਲੱਗਦੇ ਹਨ। ਮਨੁੱਖੀ ਸਮਾਜ ਵਿਚ ਕਿਸੇ ਵਿਅਕਤੀ ਨੂੰ ਵੀ ਆਪਣੇ ਬਲਬੂਤੇ ਉਪਜੀਵਕਾ ਕਮਾਉਣੀ ਆਸਾਨ ਨਹੀਂ ਹੈ। ਜੇ ਕੋਈ ਸਰਕਾਰੀ ਨੌਕਰੀ ਆਦਿ ਮਿਲ ਜਾਵੇ ਤਾਂ ਕੰਮ ਕੁਝ ਆਸਾਨ ਹੋ ਜਾਂਦਾ ਹੈ, ਨਹੀਂ ਤਾਂ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਕਿਸਾਨੀ

ਜੀਵਨ ਕਾਫ਼ੀ ਸੰਘਰਸ਼ਮਈ ਹੈ ਅਤੇ ਕਿਸਾਨਾਂ ਨਾਲ ਕੰਮ ਕਰਦੇ ਸੀਰੀਆਂ ਅਤੇ ਮਜ਼ਦੂਰਾਂ ਦਾ ਕੰਮ ਤਾਂ ਹੋਰ ਵੀ ਕਠਿਨ ਅਤੇ ਜਾਨਲੇਵਾ ਹੈ। ਇਹੀ ਕਾਰਨ ਹੈ ਕਿ ਇਸ ਸਮਾਜ ਵਿਚ ਦਿਨ ਭਰ ਦੀ ਮਿਹਨਤ-ਮੁਸ਼ੱਕਤ ਦੇ ਬਾਅਦ ਸ਼ਰਾਬ ਜਾਂ ਅਫੀਮ ਆਦਿਕ ਦਾ ਸੇਵਨ ਆਮ ਗੱਲ ਹੈ। ਸੁਤੰਤਰਤਾ ਤੋਂ ਪਹਿਲਾਂ ਪੰਜਾਬੀ ਸਮਾਜ ਵਿਚ ਨਸ਼ਿਆਂ ਦਾ ਪ੍ਰਯੋਗ ਬਹੁਤ ਘੱਟ ਸੀ। ਨਾ ਹੋਣ ਦੇ ਬਰਾਬਰ ਸੀ ਪਰੰਤੂ ਕਈ ਕਾਰਨਾਂ ਕਰਕੇ ਸੁਤੰਤਰਤਾ ਉਪਰੰਤ ਨਸ਼ਿਆਂ ਦੀ ਅਲਾਮਤ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਸੁਤੰਤਰਤਾ ਤੋਂ ਪਹਿਲਾਂ ਪੜ੍ਹਾਈ-ਲਿਖਾਈ ਦੇ ਅਵਸਰ ਬਹੁਤ ਘੱਟ ਸਨ। ਅਨਪੜ੍ਹ ਲੋਕਾਂ ਨੂੰ ਏਨੀ ਚੇਤਨਤਾ ਨਹੀਂ ਹੁੰਦੀ ਕਿ ਉਹ ਆਪਣੇ ਨਾਲ ਹੁੰਦੇ ਵਿਤਕਰੇ ਜਾਂ ਸ਼ੋਸ਼ਣ ਨੂੰ ਪਹਿਚਾਣ ਸਕਣ। ਉਹ ਆਪਣੀਆਂ ਮੁਸ਼ਕਿਲਾਂ-ਮੁਸੀਬਤਾਂ ਦਾ ਕਾਰਨ ਆਪਣੇ ਲੇਖਾਂ ਨੂੰ ਮੰਨਦੇ ਸਨ ਅਤੇ ਇਸ ਕਾਰਨ ਚੁਪ-ਚਾਪ ਆਪਣੀ ਹੋਣੀ ਨੂੰ ਭੋਗਦੇ ਰਹਿੰਦੇ ਸਨ ਪਰ ਸੁਤੰਤਰਤਾ ਉਪਰੰਤ ਸਿੱਖਿਆ ਦੇ ਅਵਸਰ ਬਹੁਤ ਵਧ ਗਏ। ਆਮ ਲੋਕਾਂ ਨੂੰ ਆਪਣੇ ਨਾਲ ਹੁੰਦੀ ਧੱਕੇਸ਼ਾਹੀ ਬਾਰੇ ਪਤਾ ਚੱਲ ਗਿਆ। ਇਸ ਪ੍ਰਸੰਗ ਵਿਚ ਇਹ ਤੱਥ ਉਲੇਖਯੋਗ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਜਾਣ ਵਾਲੇ ਸੰਘਰਸ਼ ਦੀ ਅਗਵਾਈ ਉਨ੍ਹਾਂ ਨੇਤਾਵਾਂ ਨੇ ਕੀਤੀ ਜੋ ਬਾਹਰਲੀ ਦੁਨੀਆਂ ਅਰਥਾਤ ਵਿਦੇਸ਼ਾਂ ਵਿਚ ਜਾ ਚੁੱਕੇ ਸਨ। ਉਨ੍ਹਾਂ ਨੂੰ ਹੀ ਗ਼ੁਲਾਮੀ ਦਾ ਅਹਿਸਾਸ ਤੀਬਰ ਰੂਪ ਵਿਚ ਹੋਇਆ ਸੀ। ਇਨ੍ਹਾਂ ਵਿਚੋਂ ਬਹੁਤਿਆਂ ਨੇ ਵਿਦੇਸ਼ਾਂ ਵਿਚ ਰਹਿ ਕੇ ਉਚੇਰੀ ਪੜ੍ਹਾਈ ਕੀਤੀ ਹੋਈ ਸੀ। ਇਸੇ ਤਰ੍ਹਾਂ ਆਜ਼ਾਦ ਭਾਰਤ ਵਿਚ ਵੀ ਆਪਣੇ ਨਾਲ ਹੋ ਰਹੇ ਵਿਤਕਰੇ ਬਾਰੇ ਪੜ੍ਹੇ-ਲਿਖੇ ਲੋਕ ਹੀ ਚੇਤੰਨ ਸਨ। ਆਜ਼ਾਦੀ ਤੋਂ ਬਾਅਦ ਪੈਦਾ ਹੋਈ ਪੀੜ੍ਹੀ ਨੇ ਇਸ ਵਿਤਕਰੇ ਨੂੰ ਤੀਖਣ ਰੂਪ ਵਿਚ ਮਹਿਸੂਸ ਕੀਤਾ। ਬਹੁਤ ਸਾਰੇ ਯੁਵਾ ਲੋਕ ਪ੍ਰਗਤੀਸ਼ੀਲ ਪਾਰਟੀਆਂ ਵਿਚ ਸ਼ਾਮਲ ਹੋ ਕੇ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ ਲਈ ਸੰਘਰਸ਼ ਵੀ ਕਰਦੇ ਰਹੇ ਪਰੰਤੂ ਭਾਰਤੀ ਕਮਿਊਨਿਸਟ ਪਾਰਟੀ ਦੇ ਦੋਫਾੜ ਹੋ ਜਾਣ ਉਪਰੰਤ ਯੁਵਾ ਵਰਗ ਵਿਚ ਨਿਰਾਸ਼ਾ ਅਤੇ ਕੁੰਠਾ ਆ ਗਈ। ਇਸੇ ਸਮੇਂ ਹੀ ਨਸ਼ੇ ਜਨਜੀਵਨ ਵਿਚ ਪ੍ਰਵੇਸ਼ ਕਰਦੇ ਹਨ ਅਤੇ ਦਿਨ-ਪ੍ਰਤੀ-ਦਿਨ ਇਨ੍ਹਾਂ ਦਾ ਪ੍ਰਯੋਗ ਵਧਦਾ ਜਾ ਰਿਹਾ ਹੈ। ਵੱਖ-ਵੱਖ ਸਰਵੇਖਣਾਂ ਅਨੁਸਾਰ 60 ਪ੍ਰਤੀਸ਼ਤ ਲੋਕ ਨਸ਼ਿਆਂ ਦਾ ਨਿਯਮਿਤ ਰੂਪ ਵਿਚ ਸੇਵਨ ਕਰ ਰਹੇ ਹਨ। ਪੰਜਾਬ ਦੇ ਵਿਆਹਾਂ-ਸ਼ਾਦੀਆਂ, ਚੋਣਾਂ ਅਤੇ ਹੋਰ ਸਮਾਗਮਾਂ ਵਿਚ ਨਸ਼ਿਆਂ ਦੇ ਦਰਿਆ ਵਗ ਤੁਰਦੇ ਹਨ। ਸ਼ਰਾਬ ਆਦਿਕ ਨਸ਼ਿਆਂ ਨੂੰ ਤਾਂ ਸਮਾਜਿਕ ਸਵੀਕ੍ਰਿਤੀ ਪ੍ਰਾਪਤ ਹੋ ਚੁੱਕੀ ਸੀ। ਇਸ ਸੂਰਤ ਵਿਚ ਇਹ ਅਨੁਮਾਨ ਲਗਾਉਣਾ ਮੁਸ਼ਕਿਲ ਨਹੀਂ ਕਿ ਆਉਣ ਵਾਲੇ ਦਸ-ਬਾਰ੍ਹਾਂ ਵਰ੍ਹਿਆਂ ਵਿਚ ਪੰਜਾਬ ਵੱਡੇ ਸੰਕਟ ਵਿਚ ਫਸ ਜਾਵੇਗਾ।

ਸਾਡੀਆਂ ਸਰਕਾਰਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਵੀ ਨਸ਼ਿਆਂ ਦੁਆਰਾ ਹੋਣ ਵਾਲੀ ਸੰਕਟਕਾਲੀਨ ਸਥਿਤੀ ਬਾਰੇ ਫ਼ਿਕਰਮੰਦ ਨਹੀਂ ਹਨ। ਬਲਕਿ ਹਰ ਪ੍ਰਕਾਰ

ਦੀਆਂ ਚੋਣਾਂ (ਵਿਧਾਨ ਸਭਾ, ਲੋਕ ਸਭਾ, ਮਿਊਂਸਪਲ ਕਮੇਟੀ, ਪੰਚਾਇਤ ਆਦਿਕ) ਸਮੇਂ ਰਾਜਸੀ ਪਾਰਟੀਆਂ ਖੁੱਲ੍ਹੇ ਰੂਪ ਵਿਚ ਨਸ਼ਿਆਂ ਦਾ ਪ੍ਰਯੋਗ ਕਰਦੀਆਂ ਹਨ। ਪੂੰਜੀਵਾਦੀ ਕਿਸਮ ਦੀਆ ਸਰਕਾਰਾਂ ਨੇ ਚੰਗੇ ਜਾਂ ਜ਼ਿੰਮੇਵਾਰ ਸ਼ਹਿਰੀਆਂ ਤੋਂ ਕੀ ਲੈਣਾ ਹੁੰਦਾ ਹੈ, ਉਨ੍ਹਾਂ ਨੂੰ ਤਾਂ ਘੁੱਗੂ ਕਿਸਮ ਦੇ ਵੋਟਰ ਚਾਹੀਦੇ ਹਨ। ਜੋ ਹਫ਼ਤਾ-ਦੋ ਹਫ਼ਤੇ ਮੁਫ਼ਤ ਨਸ਼ਾ ਪ੍ਰਾਪਤ ਕਰ ਕੇ ਕਿਸੇ ਨਾ ਕਿਸੇ ਪਾਰਟੀ ਦੇ ਚੋਣ-ਨਿਸ਼ਾਨ ਉੱਤੇ ਮੋਹਰ ਲਾ ਛੱਡਦੇ ਹਨ। ਪਿਛਲੇ ਪੈਂਤੀ-ਚਾਲੀ ਵਰ੍ਹਿਆਂ ਵਿਚ ਪੰਜਾਬ ਦੀ ਕਿਸੇ ਸਰਕਾਰ ਨੇ ਰੋਜ਼ਗਾਰ ਦੇ ਅਵਸਰ ਪੈਦਾ ਕਰਨ ਵੱਲ ਧਿਆਨ ਨਹੀਂ ਦਿੱਤਾ। ਲੋਕਾਂ ਪਾਸ ਰੋਜ਼ਗਾਰ ਹੁੰਦਾ, ਤਾਂ ਉਨ੍ਹਾਂ ਨੇ ਆਪੇ ਨਸ਼ਿਆਂ ਤੋਂ ਬਚੇ ਰਹਿਣਾ ਸੀ। ਨਾ ਇਥੇ ਕਿਸੇ ਵੱਡੇ ਉਦਯੋਗ ਨੂੰ ਲੱਗਣ ਅਥਵਾ ਪ੍ਰਫੁਲਿਤ ਹੋਣ ਦਿੱਤਾ। ਇਸ ਪ੍ਰਸੰਗ ਵਿਚ ਯੁਵਾ ਪੀੜ੍ਹੀ ਜਾਵੇ ਤਾਂ ਕਿੱਥੇ ਜਾਵੇ? ਨਿਰਾਸ਼ਾ ਦੀ ਸੂਰਤ ਵਿਚ ਇਹ ਨਸ਼ਿਆਂ ਦੀ ਦਲਦਲ ਵਿਚ ਫਸ ਜਾਂਦੀ ਹੈ। ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਨੂੰ ਪ੍ਰਫੁਲਿਤ ਕਰਨ ਵਿਚ ਅੰਤਰ-ਰਾਸ਼ਟਰੀ ਡਰੱਗ ਮਾਫ਼ੀਆ ਦਾ ਵੀ ਵੱਡਾ ਰੋਲ ਹੈ। ਇਹ ਮਾਫ਼ੀਆ ਏਨਾ ਸਮਰੱਥ ਹੈ ਕਿ ਆਪਣੇ ਵਪਾਰਕ ਹਿਤਾਂ ਦੀ ਸਲਾਮਤੀ ਵਾਸਤੇ ਛੋਟੇ-ਛੋਟੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਵੀ ਉਲਟਾ ਦਿੰਦਾ ਹੈ। ਇਸ ਮਾਫ਼ੀਏ ਨੇ ਉੱਤਰੀ ਭਾਰਤ ਨੂੰ ਆਪਣੇ ਸ਼ਿਕੰਜੇ ਵਿਚ ਕੱਸਿਆ ਹੋਇਆ ਹੈ ਅਤੇ ਛੇਤੀ ਕੀਤਿਆਂ ਇਹ ਇਸ ਖਿੱਤੇ ਵਿਚੋਂ ਨਸ਼ਿਆਂ ਦਾ ਉਨਮੂਲਨ ਨਹੀਂ ਹੋਣ ਦੇਵੇਗਾ। ਇਸ ਵਰਗ ਵੱਲੋਂ ਸਰਕਾਰ ਦੇ ਕਰਤਿਆਂ-ਧਰਤਿਆਂ ਅਤੇ ਉਚ-ਅਫ਼ਸਰਾਂ ਨੂੰ ਮਹੀਨੇਵਾਰ ਮੋਟੀਆਂ ਰਕਮਾਂ ਦਿੱਤੀਆਂ ਜਾਂਦੀਆਂ ਹਨ। ਇਸ ਸੂਰਤ ਵਿਚ ਸਰਕਾਰਾਂ ਜਨਤਕ ਥਾਵਾਂ ਉਪਰ ਤਾਂ ਨਸ਼ਿਆਂ ਦੇ ਉਨਮੂਲਨ ਦੀ ਵਚਨਬੱਧਤਾ ਦੁਹਾਰਾਉਂਦੀਆਂ ਹਨ ਅਤੇ ਅੰਦਰਖ਼ਾਤੇ ਆਪਣੀਆਂ ਜੇਬਾਂ ਗਰਮ ਕਰਦੀਆਂ ਰਹਿੰਦੀਆਂ ਹਨ।

ਦਰਸ਼ਨ ਮਿਤਵਾ ਨੇ ਆਪਣੀ ਨਾਵਲ ਸਿਰਜਣਾ ਦੀ ਸ਼ੁਰੂਆਤ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਹੀ ਕੀਤੀ। ਉਸ ਨੇ ਆਪਣੇ ਪਰਿਵਾਰਕ ਸਦਸਯਾਂ ਨੂੰ ਵੀ ਨਸ਼ਿਆਂ ਦਾ ਸ਼ਿਕਾਰ ਹੁੰਦਾ ਦੇਖਿਆ ਹੈ। ਇਹੀ ਕਾਰਨ ਹੈ ਕਿ ਆਪਣੇ ਪ੍ਰਥਮ ਨਾਵਲ 'ਇਕ ਰਾਤ ਦਾ ਜ਼ਖ਼ਮ' ਵਿਚ ਉਸ ਨੇ ਇਸੇ ਸਮੱਸਿਆ ਨੂੰ ਰੂਪਮਾਨ ਕੀਤਾ। ਇਸ ਨਾਵਲ ਵਿਚ ਲੇਖਕ ਨੇ 'ਕਾਕੀ' ਨਾਮੀ ਇਕ ਔਰਤ ਦੇ ਦੁਖਾਂਤ ਦੀ ਪੇਸ਼ਕਾਰੀ ਕੀਤੀ ਹੈ। ਉਸਦਾ ਪਤੀ ਬਾਬੂ ਸਿੰਘ, ਪਿੰਡ ਦੇ ਕੁਝ ਬੁਰੇ ਲੋਕਾਂ ਦੀ ਬੁਰੀ ਸੰਗਤ ਵਿਚ ਪੈ ਕੇ ਨਸ਼ਿਆਂ ਦਾ ਗ਼ੁਲਾਮ ਬਣ ਜਾਂਦਾ ਹੈ। ਹੌਲੀ-ਹੌਲੀ ਨਸ਼ੇ ਉਸ ਉੱਤੇ ਏਨੇ ਹਾਵੀ ਹੋ ਜਾਂਦੇ ਹਨ ਕਿ ਉਸ ਨੂੰ ਚੰਗੇ-ਮੰਦੇ ਦੀ ਤਮੀਜ਼ ਵੀ ਨਹੀਂ ਰਹਿ ਜਾਂਦੀ। ਉਹ ਕਿਸੇ ਦੇ ਵੀ ਸਮਝਾਇਆਂ ਨਹੀਂ ਸਮਝਦਾ। ਮਾਂ-ਪਿਉ ਉਸਨੂੰ ਸਮਝਾ ਕੇ ਹਾਰ ਜਾਂਦੇ ਹਨ। ਆਖਰ ਉਹ ਸੋਚਦੇ ਹਨ ਕਿ ਸ਼ਾਇਦ ਵਿਆਹ ਕਰਵਾਇਆਂ ਉਹ ਕੁਝ ਸਮਝ ਜਾਵੇ, ਸੰਭਲ ਜਾਵੇ। ਇਸ ਲਈ ਉਹ ਇਕ ਗ਼ਰੀਬ ਘਰ ਦੀ ਸੋਹਣੀ-ਸਚਿਆਰੀ ਕੁੜੀ ਕਾਕੀ ਨਾਲ ਉਸ ਦਾ ਵਿਆਹ ਕਰ ਦਿੰਦੇ ਹਨ। ਪਰੰਤੂ ਬਾਬੂ ਨੇ ਨਾ ਸੰਭਲਣਾ ਸੀ

ਅਤੇ ਨਾ ਉਹ ਸੰਭਲ ਸਕਿਆ।

ਉਸਦੀ ਇਸ ਆਦਤ ਤੋਂ ਦੁਖੀ ਹੋ ਕੇ ਉਸਦਾ ਪਿਉ ਚਲਾਣਾ ਕਰ ਜਾਂਦਾ ਹੈ, ਵੱਡਾ ਭਰਾ ਨੰਦ ਸਿੰਘ ਵੰਡ-ਵੰਡਾਰੇ ਤੋਂ ਬਾਅਦ ਉਸ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਦਾ ਅਤੇ ਮਾਂ ਨੂੰ ਲੈ ਕੇ ਅੱਡ ਹੋ ਜਾਂਦਾ ਹੈ। ਅੱਡ ਹੋਣ ਤੋਂ ਬਾਅਦ ਬਾਬੂ ਆਪਣੇ ਹਿੱਸੇ ਦੀ ਆਉਂਦੀ ਜ਼ਮੀਨ ਦੇ ਦੋ-ਚਾਰ ਕਿੱਲੇ ਵੀ ਨਸ਼ਿਆਂ ਵਿਚ ਉਜਾੜ ਦਿੰਦਾ ਹੈ। ਇਸ ਤੋਂ ਬਾਅਦ ਉਹ ਘਰ ਦੀਆਂ ਚੀਜ਼ਾਂ, ਕਾਕੀ ਦੇ ਗਹਿਣੇ ਆਦਿ ਵੇਚ-ਵੱਟ ਕੇ ਆਪਣਾ ਝੱਸ ਪੂਰਾ ਕਰਦਾ ਹੈ। ਕਈ ਵਾਰ ਉਹ ਕਈ-ਕਈ ਦਿਨਾਂ ਲਈ ਘਰ ਤੋਂ ਬਾਹਰ ਨਿੱਕਲ ਜਾਂਦਾ ਹੈ। ਕਾਕੀ ਸੋਚਦੀ ਹੈ ਕਿ ਜੇ ਉਹ ਕਿਧਰੇ ਬਾਹਰ ਹੀ ਮਰ-ਖਪ ਜਾਵੇ ਤਾਂ ਉਸਦਾ ਖਹਿੜਾ ਛੁੱਟੇ ਪਰ ਉਹ ਫਿਰ ਕੁਝ ਦਿਨਾਂ ਦੇ ਵਕਫੇ ਤੋਂ ਬਾਅਦ ਪਿੰਡ ਵਿਚ ਕਿਤੇ ਏਧਰ-ਓਧਰ ਡਿੱਗਿਆ ਪਿਆ ਮਿਲ ਜਾਂਦਾ ਹੈ। ਇਸ ਤਰ੍ਹਾਂ ਕੁਝ ਹੀ ਵਰ੍ਹਿਆਂ ਵਿਚ ਉਹ ਘਰ ਦੀ ਸਾਰੀ ਖੁਸ਼ਹਾਲੀ, ਰੌਣਕ ਅਤੇ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ। ਲੇਖਕ ਦੇ ਸ਼ਬਦਾਂ ਵਿਚ:

> ਵੰਡਵਾਰੇ ਸਮੇਂ ਜੋ ਜ਼ਮੀਨ ਬਾਬੂ ਦੇ ਹਿੱਸੇ ਆਈ, ਉਸ ਨੇ ਕੁਝ ਹੀ ਸਮੇਂ ਵਿਚ ਗੁਆ ਕੇ ਆਪਣੇ ਨਸ਼ੇ ਦਾ ਝੱਸ ਪੂਰਾ ਕੀਤਾ ਸੀ। ਕੰਮ-ਧੰਦਾ ਵੀ ਉਹ ਕੁਝ ਨਹੀਂ ਕਰ ਸਕਦਾ ਸੀ। ਹੋਰ ਕਿਸੇ ਤਰ੍ਹਾਂ ਦੀ ਕੋਈ ਕਮਾਈ ਨਹੀਂ ਸੀ। ਖਰਚ ਉਵੇਂ-ਜਿਵੇਂ ਸੀ। ਘਰ ਦੀ ਹਾਲਤ ਦਿਨੋ-ਦਿਨ ਨਿੱਘਰਦੀ ਜਾਂਦੀ ਸੀ, ਪਰ ਬਾਬੂ ਦੀ ਆਦਤ ਨਾ ਛੁੱਟੀ। ਉਹ ਘਰ ਦੇ ਭਾਂਡੇ-ਟੀਂਡੇ ਤੱਕ ਵੇਚ ਕੇ ਖਾ ਗਿਆ।.....ਪਹਿਲਾਂ-ਪਹਿਲਾਂ ਤਾਂ ਬਾਬੂ ਇਕੱਲੀ ਸ਼ਰਾਬ ਪੀਂਦਾ ਸੀ। ਫੇਰ ਪੈਸਾ ਨਾ ਹੋਣ ਕਾਰਨ ਉਹ ਘਟੀਆ ਨਸ਼ਿਆਂ ਉੱਤੇ ਉੱਤਰ ਆਇਆ। ਉਹ ਗੋਲੀਆਂ ਖਾਣ ਲੱਗ ਪਿਆ। ਜਿਸ ਨਾਲ ਉਸਦਾ ਸਰੀਰ ਦਿਨਾਂ ਵਿਚ ਹੀ ਖੋਖਲਾ ਹੋ ਗਿਆ ਅਤੇ ਕਾਕੀ ਦੀ ਜਵਾਨੀ ਮਿੱਟੀ ਵਿਚ ਰੁਲਦੀ ਰਹੀ। ਉਸ ਦੀ ਉਮਰ ਦੇ ਜਵਾਨ ਵਰ੍ਹੇ ਉਸਦੇ ਅੰਗਾਂ ਦੀਆਂ ਗੋਲਾਈਆਂ ਤੋਂ ਝਰ-ਝਰ ਕੇ ਜ਼ਮੀਨ ਉਤੇ ਕਿਰਦੇ ਰਹੇ, ਪਰ ਬਾਬੂ ਨੂੰ ਇਸ ਗੱਲ ਦਾ ਭੋਰਾ ਵੀ ਅਹਿਸਾਸ ਨਹੀਂ ਸੀ। ਕਾਕੀ ਨੂੰ ਸਾਰਾ ਜੱਗ ਆਪਣਾ ਵੈਰੀ ਲੱਗਦਾ।

ਕਾਕੀ ਦਾ ਜੀਵਨ ਪੂਰੀ ਤਰ੍ਹਾਂ ਨਰਕ ਬਣ ਕੇ ਰਹਿ ਜਾਂਦਾ ਹੈ। ਬਾਬੂ ਨਾ ਤਾਂ ਉਸਦੀਆਂ ਆਰਥਿਕ ਲੋੜਾਂ ਪੂਰੀਆਂ ਕਰ ਸਕਦਾ ਹੈ ਅਤੇ ਨਾ ਕਾਮੁਕ ਲੋੜਾਂ। ਇਸੇ ਸਥਿਤੀ ਵਿਚ ਕਾਕੀ ਦੇ ਪਿੰਡ ਦੇ ਇਕ ਬਾਣੀਏ ਘੁਮੰਡੀ ਨਾਲ ਭਾਵੁਕ ਸੰਬੰਧ ਬਣ ਜਾਂਦੇ ਹਨ। ਬਾਬੂ ਚਾਰ-ਪੰਜ ਵਰ੍ਹੇ, ਨਸ਼ਿਆਂ ਵਿਚ ਘਿਸੜਦਾ-ਘਿਸੜਦਾ ਆਖਰ ਇਕ ਦਿਨ ਮਰ ਜਾਂਦਾ ਹੈ। ਕਾਕੀ ਅਤੇ ਬਾਬੂ ਆਪਸ ਵਿਚ ਵਿਆਹ ਕਰਨ ਦਾ ਫ਼ੈਸਲਾ ਕਰ ਲੈਂਦੇ ਹਨ। ਪਰ ਪਿੰਡਾਂ ਦੇ ਜੱਟ ਸਮਾਜ ਨੂੰ ਉਨ੍ਹਾਂ ਦਾ ਇਹ ਫ਼ੈਸਲਾ ਪ੍ਰਵਾਨ ਨਹੀਂ ਹੁੰਦਾ। ਬਾਬੂ ਦਾ ਭਰਾ ਨੰਦ ਸਿੰਘ ਬਾਹਰੋਂ ਕਿਰਾਏ ਉੱਤੇ ਬਦਮਾਸ਼ ਲਿਆ ਕੇ ਘੁਮੰਡੀ ਦੀ ਹੱਤਿਆ ਕਰਵਾ ਦਿੰਦਾ ਹੈ ਅਤੇ ਇਉਂ ਕਾਕੀ ਪਿੰਡ ਵਿਚ ਨਰਕੀ ਜੀਵਨ ਬਤੀਤ ਕਰਨ ਲਈ ਮਜਬੂਰ ਰਹਿ ਜਾਂਦੀ ਹੈ। ਦਰਸ਼ਨ ਮਿਤਵਾ ਨੇ

ਇਸ ਨਾਵਲ ਵਿਚ ਬਿਨਾਂ ਕੋਈ ਮੌਕਾ ਮੇਲ ਵਰਤਿਆਂ ਜਾਂ ਸੁਧਾਰਵਾਦੀ ਹੋਣ ਦਾ ਪ੍ਰਯੋਗ ਕੀਤਿਆਂ ਬੜੇ ਆਲੋਚਨਾਤਮਕ ਢੰਗ ਨਾਲ ਇਕ ਨਸ਼ਈ ਵਿਅਕਤੀ ਦੇ ਜੀਵਨ-ਬ੍ਰਿਤਾਂਤ ਨੂੰ ਰੂਪਮਾਨ ਕਰ ਦਿੱਤਾ ਹੈ। ਇਹ ਨਾਵਲ ਪਾਠਕ ਦੇ ਮਨ ਵਿਚ ਬਹੁਤ ਸਾਰੇ ਸਵਾਲ ਖੜ੍ਹੇ ਕਰਨ ਵਾਲੀ, ਇਕ ਖੁੱਲ੍ਹੇ ਅੰਤ ਵਾਲੀ ਰਚਨਾ ਹੈ। ਇਸ ਨਾਵਲ ਨੂੰ ਪੜ੍ਹ ਕੇ ਪਾਠਕਾਂ ਦੇ ਮਨ ਵਿਚ ਨਸ਼ਿਆਂ ਦੇ ਵਿਰੁੱਧ ਇਕ ਜ਼ਬਰਦਸਤ ਚੇਤਨਾ ਪੈਦਾ ਹੋ ਜਾਂਦੀ ਹੈ। ਇਉਂ ਇਸ ਨਾਵਲ ਦੀ ਵਸਤੂ-ਸਾਮਗਰੀ ਅਤੇ ਪੇਸ਼ਕਾਰੀ (treatment) ਸਮਾਜਿਕ-ਸਭਿਆਚਾਰਕ ਤੌਰ ਤੇ ਬੜੀ ਕਲਿਆਣਕਾਰੀ ਹੋ ਨਿੱਬੜਦੀ ਹੈ।

2. ਨੰਗੇ ਸਿਰ ਵਾਲੀ ਤੀਵੀਂ

ਇਸ ਨਾਵਲ ਵਿਚ ਦਰਸ਼ਨ ਮਿਤਵਾ ਨੇ ਪੰਜਾਬ ਦੇ ਪੇਂਡੂ ਸਮਾਜ ਦੀ ਇਕ ਹੋਰ ਪ੍ਰਮੁੱਖ ਸਮੱਸਿਆ ਦਾ ਚਿਤ੍ਰਣ ਕੀਤਾ ਹੈ। ਸਾਡੇ ਪੇਂਡੂ ਸਮਾਜ ਉਪਰ ਸਾਰੇ ਸਮਾਜਿਕ-ਆਰਥਿਕ ਦਬਾਉ ਹਨ। ਪਿੰਡਾਂ ਵਿਚ ਰੋਜ਼ੀ-ਰੋਟੀ ਦੀ ਵਿਵਸਥਾ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਕਿਸਾਨਾਂ ਅਤੇ ਹੋਰ ਬੇਜ਼ਮੀਨੇ ਵਰਗਾਂ ਨੂੰ ਦੋ ਡੰਗ ਦੀ ਰੋਟੀ ਅਰਜਿਤ ਕਰਨ ਵਾਸਤੇ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਪੇਂਡੂ ਔਰਤਾਂ ਲਈ ਸਥਿਤੀ ਹੋਰ ਵੀ ਦੁਖਦਾਈ ਅਤੇ ਕਸ਼ਟਦਾਇਕ ਹੈ। ਉਹ ਪੂਰਾ ਦਿਨ ਪਸ਼ੂਆਂ ਵਾਂਗ ਕੰਮ ਕਰਦੀਆਂ ਹਨ ਪਰ ਨਾ ਤਾਂ ਉਨ੍ਹਾਂ ਨੂੰ ਚੱਜ ਦੀ ਰੋਟੀ ਮਿਲਦੀ ਹੈ, ਨਾ ਕੱਪੜੇ ਅਤੇ ਨਾ ਪਿਆਰ-ਦੁਲਾਰ। ਪੇਂਡੂ ਔਰਤਾਂ ਲਈ ਸੈਕਸ ਦੀ ਪ੍ਰਾਪਤੀ ਵੀ ਇਕ ਬਹੁਤ ਵੱਡੀ ਸਮੱਸਿਆ ਰਹੀ ਹੈ। ਉਨ੍ਹਾਂ ਦੇ ਪਤੀਆਂ ਪਾਸ ਨਾ ਏਨਾ ਵਕਤ ਹੁੰਦਾ ਹੈ, ਨਾ ਏਨਾ ਚੱਜ-ਆਚਾਰ ਕਿ ਉਹ ਆਪਣੀਆਂ ਪਤਨੀਆਂ ਨੂੰ ਸੈਕਸ-ਸੁਖ ਦੇ ਸਕਣ। ਪਿੰਡਾਂ ਵਿਚ ਸੈਕਸ ਦਾ ਰੂਪ ਪ੍ਰਾਕ੍ਰਿਤਕ (Natural) ਜਿਹਾ ਹੁੰਦਾ ਹੈ। ਜਿਵੇਂ ਪਸ਼ੂਆਂ-ਪਰਿੰਦਿਆਂ ਨੇ ਸੈਕਸ ਕਰ ਲਿਆ, ਉਸੇ ਤਰ੍ਹਾਂ ਪੁਰਸ਼-ਇਸਤ੍ਰੀਆਂ ਸੈਕਸ ਕਰਦੇ ਹਨ। ਸਿੱਟੇ ਵਜੋਂ ਪੁਰਸ਼ ਨੂੰ ਤਾਂ 'ਰੀਲੀਜ਼' ਹੋਣ ਪਿਛੋਂ ਕੁਝ 'ਰੀਲੀਫ਼' ਮਿਲ ਜਾਂਦਾ ਹੈ, ਇਸਤ੍ਰੀਆਂ ਨੂੰ ਅਜਿਹਾ ਰੀਲੀਫ਼ ਪ੍ਰਾਪਤ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਪਿੰਡਾਂ ਵਿਚ ਜਵਾਨ ਉਮਰ ਦੀਆਂ ਇਸਤ੍ਰੀਆਂ ਨੂੰ ਅਕਸਰ ਦੌਰੇ ਪੈਣ ਲੱਗਦੇ ਹਨ, ਜੋ ਉਨ੍ਹਾਂ ਦੇ ਅਨਿਯਮਿਤ 'ਸੈਕਸੁਅਲ-ਬੀਹੇਵੀਅਰ' ਦੀ ਇਕ 'ਡੇਵੀਏਸ਼ਨ' ਹੁੰਦੀ ਹੈ। ਪਿੰਡ ਦੇ ਸਾਧ-ਸੰਤ ਇਸ 'ਡੇਵੀਏਸ਼ਨ' ਤੋਂ ਫਾਇਦਾ ਉਠਾਉਂਦੇ ਹਨ ਅਤੇ ਇਹੋ ਜਿਹੀਆਂ 'ਸੈਕਸੁਅਲੀ-ਫਰਸਟਰੇਟਿਡ' ਔਰਤਾਂ ਨਾਲ ਸੈਕਸ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ।

ਬਹੁਤ ਸਾਰੀਆਂ ਜਵਾਨ ਔਰਤਾਂ ਭੂਤ-ਪ੍ਰੇਤ ਚਿੰਬੜਨ ਦਾ ਬਹਾਨਾ ਕਰ ਕੇ ਦੇਹੀ-ਸੁਖ ਪ੍ਰਾਪਤ ਕਰਦੀਆਂ ਹਨ। ਸਾਧ ਜਾਂ ਉਨ੍ਹਾਂ ਦੇ ਚੇਲੇ ਅਜਿਹੀਆਂ ਔਰਤਾਂ ਨੂੰ ਭੂਤ ਕੱਢਣ ਦੇ ਬਹਾਨੇ ਮਧੋਲਦੇ ਹਨ, ਤਾਂ ਮਧੋਲਣ ਦੀ ਇਸ ਪ੍ਰਕ੍ਰਿਆ ਵਿਚੋਂ

ਉਨ੍ਹਾਂ ਨੂੰ ਆਤਮਪੀੜਕ (Mosochistic pleasure) ਆਨੰਦ ਪ੍ਰਾਪਤ ਹੁੰਦਾ ਹੈ। ਕਈ ਵਾਰ ਕੁਝ ਦਲੇਰ ਕਿਸਮ ਦੀਆਂ ਔਰਤਾਂ ਪਿੰਡ ਦੇ ਕਿਸੇ ਬਿਗਾਨੇ ਆਦਮੀ ਨਾਲ ਕਾਮੁਕ-ਸਬੰਧ ਬਣਾ ਲੈਂਦੀਆਂ ਹਨ ਅਤੇ ਹੋਰ ਲੋਕਾਂ ਤੋਂ ਬਚਣ ਦੇ ਉਪਾਇ ਵਜੋਂ ਆਪਣੇ ਵਿਚ ਭੂਤ (ਸਾਇਆ/ਛਾਇਆ) ਆਉਣ ਦਾ ਬਹਾਨਾ ਕਰ ਲੈਂਦੀਆਂ ਹਨ। 'ਨੰਗੇ ਸਿਰ ਵਾਲੀ ਤੀਵੀਂ' ਵਿਚ ਦਰਸ਼ਨ ਮਿਤਵਾ ਨੇ ਹਰਨਾਮੋ ਨਾਮ ਦੀ ਇਕ ਔਰਤ ਦੇ ਨਾਜਾਇਜ਼ ਸੰਬੰਧਾਂ ਨੂੰ ਇਸ ਭੂਤ-ਪ੍ਰੇਤ ਵਾਲੀ ਗ੍ਰਾਮੀਣ ਰੂੜ੍ਹੀ ਦੇ ਪ੍ਰਸੰਗ ਵਿਚ ਰੱਖ ਕੇ ਰੂਪਮਾਨ ਕੀਤਾ ਹੈ। ਇਸ ਔਰਤ ਦਾ ਫੌਜੀ ਪਤੀ ਵਿਆਹ ਤੋਂ ਇਕ-ਦੋ ਵਰ੍ਹਿਆਂ ਅੰਦਰ-ਅੰਦਰ ਹੀ ਸ਼ਹੀਦ ਹੋ ਗਿਆ ਸੀ। ਘਰ ਵਿਚ ਕੋਈ ਦਿਉਰ-ਜੇਠ ਨਾ ਹੋਣ ਕਰਕੇ ਇਹ ਔਰਤ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਵਾਲੇ ਇਕ ਅਧਿਆਪਕ ਨਾਲ ਕਾਮੁਕ-ਸੰਬੰਧ ਜੋੜ ਲੈਂਦੀ ਹੈ। ਅਨ੍ਹੇਰੀਆਂ ਰਾਤਾਂ ਨੂੰ ਉਹ ਉਸ ਅਧਿਆਪਕ ਨੂੰ ਪਿੰਡ ਦੇ ਬਾਹਰਵਾਰ ਬਣੇ ਕਿੱਕਰਾਂ ਦੇ ਇਕ ਨਿਰਜਨ ਵਾੜੇ ਵਿਚ ਬੁਲਾ ਲੈਂਦੀ ਹੈ ਅਤੇ ਦਿਖਾਵਾ ਇਉਂ ਕਰਦੀ ਹੈ ਜਿਵੇਂ ਉਹ ਆਪ ਹੀ ਇਕ ਭੂਤ ਹੋਵੇ। ਅਨ੍ਹੇਰੀਆਂ ਰਾਤਾਂ ਨੂੰ ਇਸ ਵਾੜੇ ਵਿਚੋਂ ਆਉਂਦੀ ਚੂੜੀਆਂ ਦੇ ਛਣਕਣ ਦੀ ਆਵਾਜ਼ ਅਤੇ ਖਿੜਖਿੜਾ ਕੇ ਹੱਸਣ ਦੀ ਆਵਾਜ਼ ਤੋਂ ਲੋਕਾਂ ਨੂੰ ਇਹ ਸ਼ੱਕ ਪੈਂਦਾ ਹੈ ਕਿ ਵਾੜੇ ਵਿਚ ਭੂਤ-ਪ੍ਰੇਤ ਰਹਿੰਦੇ ਹਨ। ਪਰ ਇਸੇ ਪਿੰਡ ਦਾ ਹੀ ਇਕ ਹੋਰ ਅਧਖੜ ਅਤੇ ਕਰੂਪ ਜਿਹਾ ਫੌਜੀ ਸਾਰੀ ਹਕੀਕਤ ਨੂੰ ਸਮਝ ਜਾਂਦਾ ਹੈ ਅਤੇ ਇਕ ਰਾਤ ਦਾਅ ਲਾ ਕੇ ਵਾੜੇ ਵਿਚ ਇਕੱਲੀ ਫਿਰਦੀ ਹਰਨਾਮੋ ਨਾਲ ਬਲਾਤਕਾਰ ਕਰ ਜਾਂਦਾ ਹੈ। ਹਰਨਾਮੋ ਅਤੇ ਉਸਦਾ ਪ੍ਰੇਮੀ ਇਸ ਫੌਜੀ ਤੋਂ ਬਦਲਾ ਲੈਣ ਦੀ ਸਕੀਮ ਬਣਾਉਂਦੇ ਹਨ ਪਰੰਤੂ ਗਲਤੀ ਨਾਲ ਹਰਨਾਮੋ ਹੱਥੋਂ ਉਸਦਾ ਪ੍ਰੇਮੀ ਹੀ ਮਾਰਿਆ ਜਾਂਦਾ ਹੈ।

ਇਸ ਨਾਵਲ ਦੇ ਮਾਧਿਅਮ ਦੁਆਰਾ ਦਰਸ਼ਨ ਮਿਤਵਾ ਨੇ ਇਹ ਦਰਸਾਇਆ ਹੈ ਕਿ ਭੂਤ-ਪ੍ਰੇਤ ਕੋਈ ਨਹੀਂ ਹੁੰਦੇ। ਇਹ ਕੁਝ ਬੀਮਾਰ ਅਤੇ ਉਲਾਰ ਲੋਕਾਂ ਦੀ ਕਲਪਨਾ ਮਾਤਰ ਹੁੰਦੇ ਹਨ ਅਤੇ ਕਈ ਵਾਰ ਕੁਝ ਚਾਲਾਕ ਕਿਸਮ ਦੇ ਲੋਕ ਆਪਣੇ ਕਿਸੇ ਗੁੱਝੇ ਮੰਤਵ ਨੂੰ ਹੱਲ ਕਰਨ ਵਾਸਤੇ ਭੂਤ-ਪ੍ਰੇਤ ਆਉਣ ਦਾ ਬਹਾਨਾ ਵੀ ਕਰ ਲੈਂਦੇ ਹਨ। ਇਹ ਨਾਵਲ ਤਰਕਸ਼ੀਲ ਦ੍ਰਿਸ਼ਟੀ ਅਪਨਾਉਣ ਉਪਰ ਬਲ ਦਿੰਦਾ ਹੈ। ਲੇਖਕ ਨੇ ਬੜੇ ਉਤਸੁਕਤਾ ਭਰਪੂਰ ਬ੍ਰਿਤਾਂਤ ਦੇ ਮਾਧਿਅਮ ਦੁਆਰਾ ਭੂਤਾਂ-ਪ੍ਰੇਤਾਂ ਦੀ ਅਣਹੋਂਦ ਦਾ ਸੰਦੇਸ਼ ਦਿੱਤਾ ਹੈ। ਵਹਿਮਾਂ-ਭਰਮਾਂ ਵਿਚ ਫਸੇ ਪੇਂਡੂ ਅਤੇ ਅਨਪੜ੍ਹ ਲੋਕਾਂ ਲਈ ਇਹ ਇਕ ਬਹੁਤ ਮਹਤਵਪੂਰਨ ਅਤੇ ਪ੍ਰੇਰਨਾ ਭਰਪੂਰ ਰਚਨਾ ਹੈ।

3. ਚੁੱਪ ਰਾਤ ਦਾ ਸਿਵਾ

ਇਸ ਨਾਵਲ ਵਿਚ ਦਰਸ਼ਨ ਮਿਤਵਾ ਨੇ ਦਲਿਤ ਵਰਗ ਨਾਲ ਸੰਬੰਧਿਤ ਬੱਚਿਆਂ ਦੇ ਕਠੋਰ, ਦੁਖਦਾਈ ਅਤੇ ਨਿਰਾਸ਼ ਜੀਵਨ ਦੀ ਇਕ ਝਾਕੀ ਪੇਸ਼ ਕੀਤੀ ਹੈ। ਇਹ ਰਚਨਾ 'ਲੀਲੂ' ਨਾਮ ਦੇ ਇਕ ਦਲਿਤ ਬਾਲਕ ਦੇ ਆਲੇ-ਦੁਆਲੇ ਘੁੰਮਦੀ ਹੈ,

ਜਿਸਦਾ ਪਿਤਾ ਕਿਸੇ ਜ਼ਿਮੀਦਾਰ ਦੇ ਪਾਸ ਸੀਰੀ ਦਾ ਕੰਮ ਕਰਦਾ ਹੈ। ਸੀਰੀਆਂ ਦਾ ਕੰਮ ਬੜੀ ਮਿਹਨਤ-ਮੁਸ਼ੱਕਤ ਵਾਲਾ ਹੁੰਦਾ ਹੈ ਅਤੇ ਪਿੰਡਾਂ ਦੇ ਜ਼ਿਮੀਦਾਰ ਆਪਣੇ ਸੀਰੀਆਂ ਪਾਸੋਂ ਦਿਨ ਦੇ ਚੌਵੀ-ਚੌਵੀ ਘੰਟੇ ਕੰਮ ਲੈਂਦੇ ਹਨ। ਸਵੇਰ ਤੋਂ ਸ਼ਾਮ ਤਕ ਹਲ ਵਾਹੁਣਾ, ਬੀਜ ਬਿਜਾਈ ਕਰਨਾ, ਸ਼ਾਮ ਨੂੰ ਡੰਗਰਾਂ ਲਈ ਪੱਠੇ (ਚਾਰਾ) ਲੈ ਕੇ ਆਉਣਾ, ਇਹਨਾਂ ਨੂੰ ਕੁਤਰਨਾ ਅਤੇ ਰਾਤ ਦੇ ਵਕਤ ਫਸਲਾਂ ਦੀ ਰਾਖੀ ਕਰਨੀ। ਸੀਰੀਆਂ ਦੀਆਂ ਔਰਤਾਂ ਜ਼ਿਮੀਦਾਰਾਂ ਦੇ ਘਰਾਂ ਵਿਚ ਗੋਹੇ-ਕੂੜੇ ਅਤੇ ਕੱਪੜੇ ਧੋਣ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੇ ਬਾਲਾਂ ਨੂੰ ਪਸ਼ੂ ਚਰਾਉਣ ਦਾ ਕੰਮ ਕਰਨਾ ਪੈਂਦਾ ਹੈ। ਇਸਦੇ ਇਵਜ਼ ਵਿਚ ਬੱਚਿਆਂ ਨੂੰ ਕੇਵਲ ਦੋ ਵਕਤ ਦੀ ਬਚੀ-ਖੁਚੀ ਰੋਟੀ ਅਤੇ ਚਾਹ ਆਦਿਕ ਹੀ ਮਿਲਦੀ ਹੈ। ਇਸਤੋਂ ਬਗੈਰ ਕਿਸੇ ਕਿਸਮ ਦਾ ਕੋਈ ਇਵਜ਼ਾਨਾ ਨਹੀਂ ਮਿਲਦਾ। ਅਜਿਹੇ ਬੱਚਿਆਂ ਦੇ ਪੜ੍ਹਨ-ਲਿਖਣ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਟੇ ਵਜੋਂ ਵੱਡੇ ਹੋ ਕੇ ਸੀਰੀ ਦਾ ਕੰਮ ਕਰਨ ਤੋਂ ਬਿਨਾਂ ਇਹ ਹੋਰ ਕੋਈ ਕੰਮ ਨਹੀਂ ਕਰ ਸਕਦੇ। ਕਈ ਵਾਰ ਇਹ ਬੱਚੇ ਪਿੰਡਾਂ ਦੇ ਨੀਰਸ ਅਤੇ ਕਠਿਨ ਜੀਵਨ ਤੋਂ ਤੰਗ ਆ ਕੇ ਸ਼ਹਿਰਾਂ ਵੱਲ ਭੱਜ ਜਾਂਦੇ ਹਨ ਪਰੰਤੂ ਅਨਪੜ੍ਹ ਅਤੇ ਕਿਸੇ ਤਕਨੀਕੀ ਕੰਮ ਤੋਂ ਅਣਜਾਣ ਹੋਣ ਦੀ ਸੂਰਤ ਵਿਚ ਇਹ ਉਥੇ ਵੀ ਕੋਈ ਕੰਮ ਨਹੀਂ ਕਰ ਸਕਦੇ। ਦਰਸ਼ਨ ਮਿਤਵਾ ਨੇ ਲੀਲੂ ਨਾਮ ਦੇ ਇਕ ਬਾਲਕ ਦੀ ਇਹੋ ਜਿਹੀ ਦੁਖਦ ਦਾਸਤਾਨ ਪੇਸ਼ ਕੀਤੀ ਹੈ।

ਪਿੰਡ ਦੇ ਹੋਰ ਦਲਿਤ ਬਾਲਕਾਂ ਵਾਂਗ ਲੀਲੂ ਆਪਣੇ ਵਰਗੇ ਹੋਰ ਮੁੰਡਿਆਂ ਨਾਲ ਸਾਰਾ ਦਿਨ ਇਧਰ-ਉਧਰ ਘੁੰਮਦਾ ਰਹਿੰਦਾ ਹੈ। ਇਨ੍ਹਾਂ ਦੀਆਂ ਖੇਡਾਂ ਵੀ ਗਿਣੀਆਂ-ਚੁਣੀਆਂ ਹੁੰਦੀਆਂ ਹਨ। ਕਦੇ ਛੱਪੜ ਵਿਚ ਨ੍ਹਾ ਲਏ, ਕਦੇ ਬੇਰੀਆਂ ਦੇ ਬੇਰ ਤੋੜ ਲਏ ਅਤੇ ਕਦੇ ਆਪੋ ਵਿਚ ਲੜ-ਝਗੜ ਪਏ। ਪਸ਼ੂ ਚਾਰਨ ਵਾਲੇ ਮੁੰਡਿਆਂ ਵਾਂਗ ਲੀਲੂ ਨੇ ਇਕ ਡੱਬਾ ਜਿਹਾ ਬਣਾਇਆ ਹੋਇਆ ਹੈ ਜਿਸ ਨਾਲ ਉਹ ਚਾਹ-ਪਾਣੀ ਪੀ ਲੈਂਦਾ ਹੈ। ਇਨ੍ਹਾਂ ਬਾਲਾਂ ਨੂੰ ਜ਼ਿਮੀਦਾਰਾਂ ਦੇ ਘਰਾਂ ਵਿਚ ਚਾਹ-ਪਾਣੀ ਪੀਣ ਲਈ ਬਰਤਨ ਨਹੀਂ ਦਿੱਤੇ ਜਾਂਦੇ ਕਿਉਂਕਿ ਇਨ੍ਹਾਂ ਦੀ ਛੋਹ ਨਾਲ ਬਰਤਨ ਭਿੱਟੇ ਜਾਂਦੇ ਹਨ। ਇਸ ਲਈ ਇਸ ਵਰਗ ਦੇ ਲੋਕ ਆਪਣਾ ਕੌਲਾ ਜਾਂ ਡੱਬਾ ਸਦਾ ਆਪਣੇ ਨਾਲ ਰੱਖਦੇ ਹਨ। ਲੀਲੂ ਵੀ ਇਸੇ ਕਾਰਨ ਆਪਣੇ ਨਾਲ ਇਕ ਡੱਬਾ ਰੱਖਦਾ ਹੈ। ਇਕ ਦਿਨ ਲੀਲੂ ਆਪਣੇ ਕੁਝ ਦੋਸਤਾਂ ਨਾਲ ਘਰੋਂ ਨੱਠ ਜਾਂਦਾ ਹੈ। ਇਨ੍ਹਾਂ ਵਿਚੋਂ ਇਕ ਤਾਂ ਝਿਉਰਾਂ ਦਾ ਮੁੰਡਾ ਬਿੱਕਰੀ ਸੀ ਅਤੇ ਦੂਸਰਾ ਘੁਮਿਆਰਾਂ ਦਾ ਮੁੰਡਾ ਲੰਡਰੂ ਸੀ। ਘੁਮਿਆਰਾਂ ਦਾ ਮੰਡਾ ਤਾਂ ਪਹਿਲੇ ਦਿਨ ਹੀ ਆਪਣੇ ਘਰ ਵਾਪਸ ਮੁੜ ਜਾਂਦਾ ਹੈ। ਕੁਝ ਸਮੇਂ ਬਾਅਦ ਝਿਉਰਾਂ ਦਾ ਮੁੰਡਾ ਬਿੱਕਰੀ ਵੀ ਘਰ ਚਲਾ ਜਾਂਦਾ ਹੈ ਪਰ ਲੀਲੂ ਸ਼ਹਿਰ ਵਿਚ ਹੀ ਭਟਕਦਾ ਰਹਿੰਦਾ ਹੈ। ਅਸਲ ਵਿਚ ਘੁਮਿਆਰਾਂ ਅਤੇ ਝਿਉਰਾਂ ਦਾ ਕੰਮ ਕਿਸੇ ਹੱਦ ਤੱਕ ਟੈਕਨੀਕਲ ਹੁੰਦਾ ਹੈ ਅਤੇ ਇਹ ਲੋਕ ਆਪਣੀ ਚੰਗੀ-ਮਾੜੀ ਰੋਟੀ ਦਾ ਬੰਦੋਬਸਤ ਕਰ ਸਕਦੇ ਹਨ ਪਰੰਤੂ ਲੀਲੂ ਇਕ ਸੀਰੀ ਦਾ ਮੁੰਡਾ ਸੀ। ਉਸ ਨੇ

ਤਾਂ ਅਜੇ ਤਕ ਹਲ ਵਾਹੁਣ ਦਾ ਕੰਮ ਵੀ ਨਹੀਂ ਸੀ ਸਿੱਖਿਆ। ਸੋ ਉਹ ਆਪਣੇ ਘਰ ਕਿਵੇਂ ਮੁੜਦਾ? ਪਹਿਲਾਂ ਕੁਝ ਮਹੀਨੇ ਉਸ ਨੇ ਬੱਸ ਅੱਡੇ ਉਪਰ ਸਵਾਰੀਆਂ ਨੂੰ ਆਵਾਜ਼ਾਂ ਮਾਰਨ ਦਾ ਕੰਮ ਕੀਤਾ, ਇਸ ਉਪਰੰਤ ਉਹ ਕਿਸੇ ਕਾਰਖਾਨੇ ਵਿਚ ਲੱਗ ਗਿਆ। ਆਖਰ ਉਹ ਕਿਸੇ ਜ਼ਿਮੀਦਾਰ ਦੇ ਘਰ ਨੌਕਰ ਲੱਗ ਗਿਆ। ਘਰ ਵਿਚ ਉਸ ਤੋਂ ਹਰ ਪ੍ਰਕਾਰ ਦੇ ਕੰਮ ਕਰਵਾਏ ਜਾਂਦੇ ਸਨ......ਪਸ਼ੂਆਂ ਨੂੰ ਚਾਰਾ ਪਾਉਣਾ, ਪਾਣੀ ਪਿਆਉਣਾ, ਘਰ ਦੀ ਸਫ਼ਾਈ ਕਰਨੀ, ਕੱਪੜੇ ਧੋਣਾ ਅਤੇ ਏਧਰ-ਓਧਰ ਦੇ ਹੋਰ ਬਹੁਤ ਸਾਰੇ ਕੰਮ। ਉਸ ਨੂੰ ਪਹਿਨਣ ਲਈ ਮਾਲਕ ਦੇ ਪਾਟੇ-ਪੁਰਾਣੇ ਕੱਪੜੇ ਅਤੇ ਟੁੱਟੇ ਛਿੱਤਰ ਮਿਲਦੇ ਸਨ। ਜ਼ਿਮੀਦਾਰ ਦਾ ਸੁਭਾਅ ਵੀ ਬਹੁਤ ਖਰ੍ਹਵਾ ਸੀ। ਉਹ ਹਰ ਵਕਤ ਗਾਲੀ-ਗਲੋਚ ਕਰਦਾ ਰਹਿੰਦਾ ਅਤੇ ਕਈ ਵਾਰ ਲੀਲੂ ਦੀ ਕੁੱਟ-ਮਾਰ ਵੀ ਕਰ ਦਿੰਦਾ। ਉਸ ਦੇ ਅਜਿਹੇ ਵਿਹਾਰ ਤੋਂ ਤੰਗ ਆ ਕੇ ਲੀਲੂ ਕਈ ਵਾਰ ਉਸਦੇ ਘਰੋਂ ਭੱਜਦਾ ਵੀ ਹੈ ਪਰ ਸ਼ਹਿਰ ਵਿਚ ਹੋਰ ਕਿਧਰੇ ਠਾਹਰ ਨਾ ਹੋਣ ਕਰਕੇ ਉਹ ਵਾਪਸ ਫੇਰ ਇਸ ਜ਼ਿਮੀਦਾਰ ਦੇ ਘਰ ਮੁੜ ਜਾਂਦਾ ਸੀ।

ਇਸ ਨਾਵਲ ਦੇ ਬ੍ਰਿਤਾਂਤ ਦੀ ਮੂਲ ਕੜੀ ਲੀਲੂ ਦੇ ਘਰੋਂ ਭੱਜਣ ਦੀ ਘਟਨਾ ਨਾਲ ਹੀ ਜੁੜੀ ਹੋਈ ਹੈ। ਜ਼ਿਮੀਦਾਰ ਦੀ ਕੁੱਟ-ਮਾਰ ਤੋਂ ਗੁੱਸੇ ਹੋ ਕੇ ਉਹ ਘਰੋਂ ਨੱਠ ਜਾਂਦਾ ਹੈ। ਇਸ ਤੋਂ ਬਾਅਦ ਨਾਵਲਕਾਰ ਨੇ ਪਿੱਛਲ-ਝਾਤ ਦੇ ਮਾਧਿਅਮ ਦੁਆਰਾ ਲੀਲੂ ਦੇ ਸਮੁਚੇ ਜੀਵਨ ਨੂੰ ਬਿਆਨ ਕੀਤਾ ਹੈ। ਉਸ ਦੇ ਪਿਤਾ ਨੂੰ ਕਿਵੇਂ ਕਠੋਰ ਕੰਮ ਕਰਨਾ ਪੈਂਦਾ ਸੀ, ਮਾਂ ਕਿਵੇਂ ਸਾਰਾ ਦਿਨ ਲੋਕਾਂ ਦੇ ਘਰੀਂ ਕੰਮ ਕਰਦੀ ਸੀ ਅਤੇ ਉਹ ਆਪ ਕਿਵੇਂ ਅਪਮਾਨਿਤ ਅਤੇ ਗ਼ਲੀਜ਼ ਜੀਵਨ ਬਤੀਤ ਕਰਨ ਲਈ ਵਿਵੱਸ਼ ਸੀ। ਕਈ ਵਰ੍ਹੇ ਸ਼ਹਿਰ ਵਿਚ ਰਹਿਣ ਤੋਂ ਬਾਅਦ ਜਦੋਂ ਉਹ ਆਪਣੀ ਮਾਂ ਦੀ ਮੌਤ ਦੇ ਸਿਲਸਿਲੇ ਵਿਚ ਆਪਣੇ ਪਿੰਡ ਜਾਂਦਾ ਹੈ ਤਾਂ ਦੇਖਦਾ ਹੈ ਕਿ ਉਸਦੇ ਘਰ ਦੀ ਹਾਲਤ ਪਹਿਲਾਂ ਨਾਲੋਂ ਵੀ ਨਿੱਘਰ ਗਈ ਹੈ। ਪਿਤਾ ਬੇਹੱਦ ਕਮਜ਼ੋਰ ਅਤੇ ਬੁੱਢਾ ਹੋ ਗਿਆ ਹੈ। ਘਰ ਦੀ ਹਾਲਤ ਅੱਗੇ ਨਾਲੋਂ ਵੀ ਖਸਤਾ ਹੋ ਗਈ ਹੈ ਅਤੇ ਇਕ ਕੋਠਾ ਬਿਲਕੁਲ ਢਹਿ ਗਿਆ ਹੈ। ਪਹਿਲਾਂ ਉਹ ਸੋਚਦਾ ਹੈ ਆਪਣੇ ਬੁੱਢੇ ਬਾਪ ਨੂੰ ਇਸ ਹਾਲਤ ਵਿਚ ਛੱਡ ਕੇ ਉਹ ਵਾਪਸ ਸ਼ਹਿਰ ਨਾ ਜਾਵੇ। ਪਰ ਫਿਰ ਉਹ ਸੋਚਦਾ ਹੈ ਕਿ ਕਿ ਪਿੰਡ ਰਹਿ ਕੇ ਵੀ ਉਹ ਕੀ ਕਰੇਗਾ। ਉਸ ਵਰਗੇ ਅਭਾਗੇ ਅਤੇ ਦਲਿਤ ਮੁੰਡਿਆਂ ਲਈ ਕਿਧਰੇ ਵੀ ਕੋਈ ਟਿਕਾਣਾ ਨਹੀਂ ਹੈ-- ਨਾ ਪਿੰਡ ਅਤੇ ਨਾ ਸ਼ਹਿਰ ਵਿਚ। ਉਨ੍ਹਾਂ ਦੀ ਹੋਣੀ ਵਿਚ ਕੇਵਲ ਗ਼ੁਲਾਮੀ ਅਤੇ ਜ਼ਿੱਲਤ ਹੀ ਲਿਖੀ ਹੈ। ਇਸ ਨੂੰ ਭੋਗਣ ਤੋਂ ਬਿਨਾਂ ਉਨ੍ਹਾਂ ਪਾਸ ਹੋਰ ਕੋਈ ਚਾਰਾ ਨਹੀਂ ਹੈ। ਲੀਲੂ ਦੀ ਅਜਿਹੀ ਤ੍ਰਾਸਦਕ ਸਥਿਤੀ ਦਾ ਚਿਤ੍ਰਣ ਕਰਦਾ ਹੋਇਆ ਲੇਖਕ ਲਿਖਦਾ ਹੈ:

> "ਏਨ੍ਹਾਂ ਦੀ ਮਾਂ ਦੀ......ਜਿੰਨਾ ਮਰਜ਼ੀ ਚੰਮ ਪਟਾਈ ਚੱਲੋ, ਇਉਂ ਈ ਕਹਿਣਗੇ ਬਈ ਹਰਾਮ ਦੀਆਂ ਖਾਨੇ ਓਂ। ਤੜਕੇ ਉੱਠ ਕੇ ਹਰਾ ਲਿਆਓ, ਕੁਤਰਾ ਕਰੋ, ਧਾਰਾਂ ਕੱਢੋ। ਅਖੇ ਰਿਜ਼ਕ ਵੀ ਤੂੰ ਹੀ, ਜਿਮੇਂ ਸਾਲਿਆਂ

ਨੇ ਜ਼ਮੀਨ ਨਾਂ ਲੁਆਉਣੀ ਹੁੰਦੀ ਹੈ। ਪਸ਼ੂਆਂ ਨੂੰ ਨਹਾਓ, ਪਾਣੀ ਪਿਆਓ.....ਗੋਹਾ ਵੀ ਚੱਕੋ ਤੇ ਜੁਆਕਾਂ ਦਾ ਗੂੰਹ ਵੀ ਸਾਫ ਕਰੋ। ਕੱਪੜੇ ਧੋ, ਰੋਟੀ ਪਕਾ, ਫੇਰ ਵੀ ਰੋਟੀ ਦਿੰਦੇ ਮਰਦੇ ਨੇ। ਹਾਲੇ ਡੰਡਾ ਸਿਰ ਤੇ......ਵੱਡੇ ਸਰਦਾਰ।......ਆਹ ਨੀਂ ਕੀਤਾ, ਔਹ ਨੀਂ ਕੀਤਾ। ਮੇਰੀ ਪੱਗ ਨੂੰ ਮਾਵਾ ਨੀਂ ਲਾਇਆ, ਸੈਂਕਲ 'ਚ ਫੂਕ ਨੀਂ ਭਰੀ।......ਅੱਜ ਆਟਾ ਪਿਹਾ ਕੇ ਲਿਆਈਂ। ਜਿਮੇਂ ਆਦਮੀ ਨਾ ਹੋਈਏ, ਲੋਹੇ ਦੇ ਬਣੇ ਹੋਈਏ।.....ਏਦੂੰ ਤਾਂ ਕੁੱਤੇ ਵੀ ਚੰਗੇ ਹੁੰਦੇ ਨੇ, ਮੇਰੇ ਨਾਲੋਂ ਤਾਂ। ਇਹ ਵੀ ਸਾਲੀ ਕੋਈ ਜੂਨ ਐ।"

ਇਸ ਤਰ੍ਹਾਂ 'ਚੁੱਪ ਰਾਤ ਦਾ ਸਿਵਾ' ਵਿਚ ਦਰਸ਼ਨ ਮਿਤਵਾ ਨੇ ਪੰਜਾਬੀ ਸਮਾਜ ਦੀ ਇਕ ਬਹੁਤ ਦੁਖਦਾਈ ਅਤੇ ਵਿਕਰਾਲ ਸਮੱਸਿਆ ਦੀ ਪੇਸ਼ਕਾਰੀ ਕੀਤੀ ਹੈ। ਸਾਡੀਆਂ ਸਰਕਾਰਾਂ ਵੋਟ ਲੈਣ ਖਾਤਰ ਸਮਾਜ ਦੇ ਇਨ੍ਹਾਂ ਵਰਗਾਂ ਨਾਲ ਫੋਕੀ ਹਮਦਰਦੀ ਤਾਂ ਬਹੁਤ ਜਤਲਾਉਂਦੀਆ ਹਨ, ਇਨ੍ਹਾਂ ਦਾ ਜੀਵਨ-ਸਤਰ ਉੱਚਾ ਚੁੱਕਣ ਦੀਆਂ ਘੋਸ਼ਣਾਵਾਂ ਵੀ ਬਹੁਤ ਕੀਤੀਆਂ ਜਾਂਦੀਆਂ ਹਨ ਪਰ ਕੋਈ ਕੰਕਰੀਟ ਕੰਮ ਨਹੀਂ ਕੀਤਾ ਜਾਂਦਾ। ਜੇ ਪੰਜਾਬ ਦਾ ਉਦਯੋਗੀਕਰਣ ਹੋ ਜਾਵੇ ਤਾਂ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਰੋਜ਼ਗਾਰ ਤੇ ਲੱਗ ਜਾਣਗੇ, ਉਹ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾ ਸਕਣਗੇ ਅਤੇ ਫਿਰ ਆਪਣੇ ਆਪ ਇਨ੍ਹਾਂ ਦਾ ਜੀਵਨ ਪੱਧਰ ਉੱਪਰ ਉੱਠ ਜਾਵੇਗਾ। ਪਰੰਤੂ ਨੇਤਾ ਲੋਕਾਂ ਨੂੰ ਪੰਜ ਵਰ੍ਹੇ ਆਪਣੀਆਂ ਜੇਬਾਂ ਭਰਨ ਤੋਂ ਹੀ ਫੁਰਸਤ ਨਹੀਂ ਮਿਲਦੀ। ਇਨ੍ਹਾਂ ਲੋਕਾਂ ਬਾਰੇ ਕੌਣ ਸੋਚੇ! ਇਹੀ ਕਾਰਨ ਹੈ ਕਿ ਦੇਸ਼ ਵਿਚ ਹੋ ਰਹੀ ਪ੍ਰਗਤੀ ਦਾ ਸਮਾਜ ਦੇ ਇਸ ਵਰਗ ਨੂੰ ਕੋਈ ਲਾਭ ਨਹੀਂ ਮਿਲ ਰਿਹਾ। ਲੇਖਕ ਨੇ ਆਪਣੇ ਸਪਸ਼ਟ ਅਤੇ ਆਲੋਚਨਾਤਮਕ ਲੇਖਣ ਦੁਆਰਾ ਇਸ ਵਰਗ ਦੀਆਂ ਕਠਿਨਾਈਆਂ ਅਤੇ ਸਮੱਸਿਆਵਾਂ ਨਾਲ ਆਪਣੀ ਵਚਣਬੱਧਤਾ ਦਾ ਇਜ਼ਹਾਰ ਕੀਤਾ ਹੈ।

4. ਉਸ ਮੋੜ ਤੋਂ ਗੁਜ਼ਰਦਿਆਂ

ਇਸ ਨਾਵਲ ਵਿਚ ਦਰਸ਼ਨ ਮਿਤਵਾ ਨੇ ਨਿਮਨ ਮਧਸ਼੍ਰੇਣੀ ਦੇ ਅੰਤਰਵਿਰੋਧਾਂ, ਦੁਸ਼ਵਾਰੀਆਂ ਅਤੇ ਸਮੱਸਿਆਵਾਂ ਦਾ ਚਿਤ੍ਰਣ ਕੀਤਾ ਹੈ। ਸਾਡੇ ਸਮਾਜ ਦਾ ਇਹ ਵਰਗ ਆਪਣੇ ਆਪ ਨੂੰ 'ਸਫੈਦਪੋਸ਼' ਦਰਸਾ ਕੇ ਨੈਤਿਕ ਮੁੱਲਾਂ ਦੀ ਰਖਵਾਲੀ ਕਰਦਾ ਹੈ ਅਤੇ ਆਪਣੇ ਆਪ ਨੂੰ ਨਿਮਨ ਵਰਗ ਤੋਂ ਉੱਚਾ ਅਥਵਾ ਸ੍ਰੇਸ਼ਠ ਮੰਨਣ ਦਾ ਭਰਮ ਪਾਲੀ ਰੱਖਦਾ ਹੈ ਪਰ ਹਕੀਕਤ ਇਹ ਹੈ ਕਿ ਇਸ ਵਰਗ ਦੀ ਆਰਥਿਕ-ਪਦਾਰਥਕ ਸਥਿਤੀ ਕਿਸੇ ਵੀ ਤਰ੍ਹਾਂ ਨਾਲ ਨਿਮਨ ਵਰਗ ਤੋਂ ਚੰਗੇਰੀ ਜਾਂ ਉਚੇਰੀ ਨਹੀਂ ਮੰਨੀ ਜਾ ਸਕਦੀ। ਪਰਿਸਥਿਤੀਆਂ ਦੇ ਇਕ ਹੀ ਝਟਕੇ ਨਾਲ ਇਸ ਵਰਗ ਦਾ ਸੁਰੱਖਿਆ-ਚੱਕਰ ਟੁੱਟ ਜਾਂਦਾ ਹੈ ਅਤੇ ਇਹ ਇਕਦਮ ਨਿਮਨ ਸ਼੍ਰੇਣੀ ਵਾਂਗ ਮਜਬੂਰ ਅਤੇ ਬੇਹਾਲ ਹੋ ਜਾਂਦਾ ਹੈ। ਲੇਖਕ ਨੇ ਦੋ ਪਰਿਵਾਰਾਂ ਦੇ ਜੀਵਨ ਨੂੰ ਆਧਾਰ ਬਣਾ ਕੇ ਇਸ ਸ਼੍ਰੇਣੀ

ਦੀਆਂ ਵਿਸੰਗਤੀਆਂ ਅਤੇ ਮੁਸ਼ਕਿਲਾਂ ਨੂੰ ਰੂਪਮਾਨ ਕੀਤਾ ਹੈ।

ਇਸ ਨਾਵਲ ਵਿਚ ਲੇਖਕ ਨੇ ਦੋ ਮਿੱਤਰਾਂ ਬੰਸੂ ਅਤੇ ਤਿਲੋਕੀ ਦੇ ਜੀਵਨ-ਬ੍ਰਿਤਾਂਤ ਨੂੰ ਕੇਂਦਰ ਬਣਾ ਕੇ ਆਪਣੇ ਅਨੁਭਵ ਦੀ ਪੇਸ਼ਕਾਰੀ ਕੀਤੀ ਹੈ। ਬਚਪਨ ਵਿਚ ਸਕੂਲ ਪੜ੍ਹਨ ਸਮੇਂ ਇਹ ਦੋਵੇਂ ਮਿੱਤਰ ਬੇਹੱਦ ਸ਼ਰਾਰਤੀ ਸਨ। ਇਨ੍ਹਾਂ ਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗਦਾ ਬਲਕਿ ਸਦਾ ਸ਼ਰਾਰਤਾਂ ਵੱਲ ਧਿਆਨ ਰਹਿੰਦਾ ਸੀ। ਅਸਲ ਵਿਚ ਪੜ੍ਹਾਈ ਕਰਨ ਵਾਸਤੇ ਘਰ ਵਿਚ ਚੰਗਾ ਮਾਹੌਲ ਚਾਹੀਦਾ ਹੁੰਦਾ ਹੈ ਜਿਹੜਾ ਕਿ ਨਿਮਨ ਮਧਸ਼੍ਰੇਣੀ ਨਾਲ ਸੰਬੰਧਤ ਘਰਾਂ ਵਿਚ ਨਹੀਂ ਮਿਲਦਾ। ਅਜਿਹੇ ਪਰਿਵਾਰਾਂ ਵਿਚ ਲੈ-ਦੇ ਕੇ ਇਕ-ਦੋ ਕਮਰੇ ਹੁੰਦੇ ਹਨ। ਘਰ ਵਿਚ ਸਾਰਾ ਦਿਨ ਆਰਥਿਕ ਮੁਸ਼ਕਿਲਾਂ ਦੀ ਹਾਲ-ਦਹਾਈ ਮੱਚੀ ਰਹਿੰਦੀ ਹੈ। ਅਜਿਹੇ ਅਸ਼ਾਂਤ ਮਾਹੌਲ ਵਿਚ ਪੜ੍ਹਾਈ ਕਿਵੇਂ ਹੋਵੇ ਅਤੇ ਜਦੋਂ ਕੋਈ ਬੱਚਾ ਇਕ ਵਾਰ ਪੜ੍ਹਾਈ ਵਿਚ ਪਛੜ ਜਾਂਦਾ ਹੈ ਤਾਂ ਉਹ ਪੂਰਾ ਵਿਦਿਅਕ ਵਰ੍ਹਾ ਪਛੜਿਆ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਅਜਿਹੇ ਬੱਚੇ ਕਲਾਸ-ਰੂਮ ਵਿਚ ਦਿਲਚਸਪੀ ਨਹੀਂ ਲੈਂਦੇ। ਬੰਸੂ ਅਤੇ ਤਿਲੋਕੀ ਵੀ ਹਰ ਰੋਜ਼ ਕਿਸੇ-ਨਾ-ਕਿਸੇ ਬਹਾਨੇ ਕਲਾਸ-ਰੂਮ ਘੁਸਾ ਦਿੰਦੇ ਸਨ ਅਤੇ ਕਦੇ ਸਿਨਮੇ ਅਤੇ ਕਦੇ ਬਾਜ਼ਾਰ ਵਿਚ ਮਟਰਗਸ਼ਤੀ ਕਰਦੇ ਰਹਿੰਦੇ। ਇਕ ਦਿਨ ਇਹੋ ਜਿਹੀਆਂ ਸ਼ਰਾਰਤਾਂ ਕਰਦਿਆਂ ਉਹ ਸ਼ਹਿਰ ਤੋਂ ਬਾਹਰ ਬਣੇ ਇਕ ਮੰਦਰ ਦੀ ਗੋਲਕ ਭੰਨ ਕੇ ਕੁਝ ਪੈਸੇ ਚੋਰੀ ਕਰ ਲੈਂਦੇ ਹਨ। ਪੁਜਾਰੀ ਦੇ ਪੁਲਿਸ ਵਿਚ ਸ਼ਿਕਾਇਤ ਕਰਨ ਤੇ ਇਨ੍ਹਾਂ ਨੂੰ ਫੜ ਲਿਆ ਜਾਂਦਾ ਹੈ। ਜਦੋਂ ਇਹ ਥਾਣੇ ਵਿਚ ਬੈਠੇ ਹੋਰ ਅਪਰਾਧੀਆਂ ਦੀ ਗਿੱਦੜ-ਕੁੱਟ ਹੁੰਦੀ ਦੇਖਦੇ ਹਨ, ਤਾਂ ਅੱਗੇ ਤੋਂ ਕਿਸੇ ਤਰ੍ਹਾਂ ਦੀ ਸ਼ਰਾਰਤ ਨਾ ਕਰਨ ਦੀ ਸਹੁੰ ਖਾ ਲੈਂਦੇ ਹਨ। ਇਸ ਤੋਂ ਬਾਅਦ ਦੋਵੇਂ ਆਪੋ ਆਪਣੇ ਧੰਦੇ ਲੱਗ ਜਾਂਦੇ ਹਨ। ਇਨ੍ਹਾਂ ਨੇ ਕਿਸੇ ਤਰ੍ਹਾਂ ਦੀ ਸ਼ਰਾਰਤ ਤਾਂ ਕੀ ਕਰਨੀ ਸੀ, ਦੋਵੇਂ ਇਕ-ਦੂਜੇ ਨੂੰ ਮਿਲਣਾ-ਜੁਲਣਾ ਵੀ ਛੱਡ ਦਿੰਦੇ ਹਨ। ਬੰਸੂ ਆਪਣੇ ਪਿਤਾ ਦੀ ਛੋਟੀ ਜਿਹੀ ਦੁਕਾਨ ਤੇ ਬੈਠ ਜਾਂਦਾ ਹੈ ਅਤੇ ਤਿਲੋਕੀ ਆਪਣੀ ਪੜ੍ਹਾਈ ਜਾਰੀ ਰੱਖਦਾ ਹੈ ਅਤੇ ਸਕੂਲ ਦੀ ਪੜ੍ਹਾਈ ਮੁਕੰਮਲ ਕਰ ਕੇ ਆਪਣੇ ਪਿਤਾ ਦੀ ਦੁਕਾਨ ਉੱਤੇ ਕੰਮ ਕਰਨ ਲੱਗਦਾ ਹੈ। ਇਉਂ ਲੇਖਕ ਦਰਸਾਉਂਦਾ ਹੈ ਕਿ ਨਿਮਨ ਮਧਸ਼੍ਰੇਣੀ ਦੇ ਮੁੰਡੇ ਪੁਲਿਸ ਦਾ ਨਾਮ ਸੁਣਦਿਆਂ ਹੀ ਬੰਦੇ ਦੇ ਪੁੱਤ ਬਣ ਜਾਂਦੇ ਹਨ। ਇਸ ਸ਼੍ਰੇਣੀ ਦੇ ਲੋਕ ਵਿਵਸਥਾ ਦੇ ਖਿਲਾਫ਼ ਚਾਹੇ ਕਿੰਨੇ ਵੀ ਦਮਗਜੇ ਕਿਉਂ ਨਾ ਮਾਰਦੇ ਫਿਰਨ, ਇਹ ਪੁਲਿਸ ਦਾ ਸਾਹਮਣਾ ਨਹੀਂ ਕਰ ਸਕਦੇ। ਸਿਪਾਹੀ ਨੂੰ ਵੇਖਦਿਆਂ ਹੀ ਇਨ੍ਹਾਂ ਦਾ ਪਿਸ਼ਾਬ ਨਿਕਲ ਜਾਂਦਾ ਹੈ। (ਵੇਖੋ ਪੰਨਾ 20-21), ਫਿਰ ਇਹ ਕਿਵੇਂ ਕਿਸੇ ਪ੍ਰਕਾਰ ਦੀ ਵਿਵਸਥਾ-ਵਿਰੋਧੀ ਕਾਰਵਾਈ ਵਿਚ ਭਾਗ ਲੈ ਸਕਦੇ ਹਨ? ਲੇਖਕ ਨੇ ਬੰਸੂ ਅਤੇ ਤਿਲੋਕੀ ਦੇ ਹਿਰਦੈ-ਪਰਿਵਰਤਨ ਦੇ ਪਿਛੋਕੜ ਵਿਚ ਪੁਲਿਸ ਦੀ ਕੁੱਟ-ਮਾਰ ਦਾ ਵੇਰਵਾ ਸ਼ਾਮਲ ਕਰ ਕੇ ਇਸ ਸ਼੍ਰੇਣੀ ਦੀ ਡਰਪੋਕ ਮਾਨਸਿਕਤਾ ਦਾ ਸਹੀ-ਸਹੀ ਖੁਲਾਸਾ ਕਰ ਦਿੱਤਾ ਹੈ।

ਇਸ ਘਟਨਾ ਤੋਂ ਬਾਅਦ ਬੰਸੂ ਬਿਲਕੁਲ ਆਪਣੇ ਪਿਤਾ ਵਰਗੀ ਮਾਨਸਿਕਤਾ ਧਾਰਨ ਕਰ ਲੈਂਦਾ ਹੈ। ਉਹ ਛੋਟੀ ਜਿਹੀ ਦੁਕਾਨ ਵਿਚੋਂ ਹੀ ਆਪਣੇ ਘਰ ਦਾ ਗੁਜ਼ਾਰਾ ਤੋਰਦਾ ਹੈ। ਪਿਤਾ ਬੀਮਾਰ ਹੋ ਕੇ ਮੰਜੀ ਉੱਤੇ ਪੈ ਜਾਂਦਾ ਹੈ, ਤਾਂ ਉਸ ਲਈ ਦਵਾ-ਦਾਰੂ ਦਾ ਪ੍ਰਬੰਧ ਕਰਦਾ ਹੈ, ਰਾਤ ਨੂੰ ਸੌਣ ਤੋਂ ਪਹਿਲਾਂ ਉਸਦੀ ਟਹਿਲ-ਸੇਵਾ ਕਰਦਾ ਹੈ, ਮਾਂ-ਪਿਉ ਜਿਥੇ ਕਹਿੰਦੇ ਹਨ, ਸ਼ਾਦੀ ਕਰ ਲੈਂਦਾ ਹੈ। ਛੋਟੀ ਭੈਣ ਨਿਰਮਲਾ ਕਿਸੇ ਮੁੰਡੇ ਨਾਲ ਫਿਰਦੀ ਦੇਖੀ ਜਾਂਦੀ ਹੈ ਤਾਂ ਲਹੂ ਦਾ ਘੁੱਟ ਭਰ ਕੇ ਰਹਿ ਜਾਂਦਾ ਹੈ, ਕਿਸੇ ਨੂੰ ਕੁਝ ਨਹੀਂ ਕਹਿੰਦਾ-ਸੁਣਦਾ। ਇਸੇ ਭੈਣ ਦੀ ਸ਼ਾਦੀ ਲਈ ਰਕਮ ਦੀ ਲੋੜ ਪੈਂਦੀ ਹੈ ਤਾਂ ਆਪਣੀ ਦੁਕਾਨ ਤਕ ਵੇਚ ਦਿੰਦਾ ਹੈ। ਆਪਣੀ ਪਤਨੀ ਕਾਂਤਾ ਨੂੰ ਆਪਣੇ ਮਿੱਤਰ ਨਾਲ ਇਤਰਾਜ਼ਯੋਗ ਹਾਲਤ ਵਿਚ ਵੇਖ ਲੈਂਦਾ ਹੈ ਤਾਂ ਇਕ-ਦੋ ਦਿਨ ਬੁੜਬੁੜ ਕਰਨ ਪਿੱਛੋਂ ਸ਼ਾਂਤ ਹੋ ਜਾਂਦਾ ਹੈ, ਬਲਕਿ ਔਲਾਦ ਦੀ ਪ੍ਰਾਪਤੀ ਵਾਸਤੇ ਆਪ ਆਪਣੀ ਪਤਨੀ ਨੂੰ ਤਿਲੋਕੀ ਨਾਲ ਨਜਾਇਜ਼ ਸੰਬੰਧ ਜੋੜਨ ਦੀ ਖੁੱਲ੍ਹ ਦੇ ਦਿੰਦਾ ਹੈ। ਇਉਂ ਉਹ ਨਿਮਨ ਮਧਸ਼੍ਰੇਣੀ ਦਾ ਪ੍ਰਤੀਨਿਧ ਪਾਤਰ ਹੋ ਨਿਬੜਦਾ ਹੈ ਜੋ ਹਰ ਸਥਿਤੀ ਵਿਚ ਸਮਝੌਤਾ ਕਰਨ ਵਾਸਤੇ ਤਤਪਰ ਰਹਿੰਦਾ ਹੈ। ਉਹ ਹਰ ਮੁਸ਼ਕਿਲ ਸਮੇਂ ਤਕੜੇ ਅੱਗੇ ਹੱਥ ਜੋੜਨ ਵਾਲੀ ਨਿਮਨ ਮਧਸ਼੍ਰੇਣਿਕ ਮਾਨਸਿਕਤਾ ਦਾ ਸੁਆਮੀ ਬਣ ਜਾਂਦਾ ਹੈ।

ਤਿਲੋਕੀ ਦਾ ਵਿਵਹਾਰ ਵੀ ਬੰਸੂ ਤੋਂ ਬਹੁਤਾ ਭਿੰਨ ਵਿਖਾਈ ਨਹੀਂ ਦਿੰਦਾ। ਥਾਣੇ ਜਾਣ ਤੋਂ ਬਾਅਦ ਉਹ ਚੁਪਚਾਪ ਸਕੂਲ ਜਾਣ ਲੱਗਦਾ ਹੈ। ਉਸ ਨੂੰ ਪੜ੍ਹਾਈ ਦੀ ਸਮਝ ਵੀ ਆਉਣ ਲੱਗਦੀ ਹੈ ਅਤੇ ਹਰ ਸਾਲ ਉਹ ਨਵੀਂ ਜਮਾਤ ਵਿਚ ਚੜ੍ਹਦਾ-ਚੜ੍ਹਦਾ ਆਖਰ ਹਾਈ ਸਕੂਲ ਪਾਸ ਕਰ ਜਾਂਦਾ ਹੈ। ਇਸ ਤੋਂ ਪਿੱਛੋਂ ਆਪਣੇ ਪਿਤਾ ਦੇ ਕਹੇ ਲੱਗ ਕੇ ਉਹ ਚਾਦਰਾਂ ਆਦਿ ਦੀ ਛਪਾਈ ਦਾ ਕੰਮ ਕਰਨ ਲੱਗਦਾ ਹੈ। ਇਕ ਗੁਆਂਢਣ ਕੁੜੀ 'ਸ਼ਿੰਦਰ' ਉਸਦੀ ਦਕੁਾਨ ਤੇ ਆਉਂਦੀ ਹੈ, ਤਾਂ ਉਸ ਨਾਲ ਇਕਤਰਫ਼ਾ ਪ੍ਰੇਮ ਕਰਨ ਲਗਦਾ ਹੈ। ਉਸਨੂੰ ਪ੍ਰੇਮ-ਪੱਤਰ ਲਿਖਦਾ ਹੈ ਪਰ ਡਰਦਾ ਮਾਰਿਆ ਉਸਨੂੰ ਫੜਾ ਨਹੀਂ ਸਕਦਾ ਤਾਂ ਸ਼ਿੰਦਰ ਦੇ ਘਰ ਦੇ ਸਾਹਮਣੇ ਬਣੀ ਦੁਕਾਨ ਦੇ ਮੁੰਡੇ ਨਾਲ ਦੋਸਤੀ ਗੰਢ ਲੈਂਦਾ ਹੈ। ਇਸ ਦੁਕਾਨਦਾਰ ਮੁੰਡੇ ਦੇ ਟੇਪਰਿਕਾਰਡਰ ਤੇ ਪ੍ਰੇਮ ਗੀਤ ਵਜਾ-ਵਜਾ ਕੇ ਆਪਣੀ ਪ੍ਰੇਮਿਕਾ ਨੂੰ ਸੁਣਾਉਣ ਦਾ ਯਤਨ ਕਰਦਾ ਹੈ। ਇਸ ਤੋਂ ਬਾਅਦ ਉਸ ਦੋਸਤ ਦੇ ਕਹੇ ਤੋਂ ਕਿਤਾਬਾਂ ਦੀ ਇਕ ਦੁਕਾਨ ਤੋਂ 'ਵਸ਼ੀਕਰਣ' ਮੰਤਰਾਂ ਦੀ ਇਕ ਕਿਤਾਬ ਖਰੀਦ ਲਿਆਉਂਦਾ ਹੈ, ਤਾਂ ਜੋ ਉਹ ਆਪ ਜਿਸ ਕੰਮ ਦੀ ਜੁੱਅਰਤ ਨਹੀਂ ਕਰ ਸਕਿਆ, ਇਹ ਮੰਤਰ ਉਸ ਵਾਸਤੇ ਕਰ ਸਕਣ। ਪਰ ਇਸ ਵਿਚ ਵੀ ਕਾਮਯਾਬ ਨਹੀਂ ਹੁੰਦਾ। ਕੋਠੇ ਉਪਰ ਬੈਠੀ ਸ਼ਿੰਦਰ ਦੇ ਸਾਹਣੇ ਡੰਡ-ਬੈਠਕਾਂ ਮਾਰਦਾ ਹੈ ਪਰ ਉਸ ਨੂੰ ਕੋਈ ਇਸ਼ਾਰਾ ਨਹੀਂ ਕਰ ਸਕਦਾ। ਆਖਰ ਜਦੋਂ ਸ਼ਿੰਦਰ ਕਿਸੇ ਹੋਰ ਸ਼ਹਿਰ ਦੇ ਕਾਲਜ ਵਿਚ ਪੜ੍ਹਨ ਲਈ ਸ਼ਹਿਰੋਂ ਬਾਹਰ ਚਲੀ ਜਾਂਦੀ ਹੈ, ਤਾਂ ਚੁੱਪ ਕਰ ਕੇ ਬੈਠ ਜਾਦਾ ਹੈ ਅਤੇ ਜਿੱਥੇ ਮਾਤਾ-ਪਿਤਾ ਕਹਿੰਦੇ ਹਨ,

ਉਥੇ ਸ਼ਾਦੀ ਕਰ ਲੈਂਦਾ ਹੈ। ਸ਼ਾਦੀ ਤੋਂ ਬਾਅਦ ਵੀ ਸ਼ਿੰਦਰ ਦੇ ਖਿਆਲਾਂ ਵਿਚ ਡੁੱਬਿਆ ਰਹਿੰਦਾ ਹੈ। ਇਸ ਪਿੱਛੋਂ ਜਦੋਂ ਬੰਸੂ ਦੀ ਪਤਨੀ ਕਾਂਤਾ ਉਸ ਨੂੰ ਪ੍ਰੇਮ ਭਰੀਆਂ ਨਜ਼ਰਾਂ ਨਾਲ ਵੇਖਦੀ ਹੈ ਤਾਂ ਉਸਦਾ ਦੀਵਾਨਾ ਹੋ ਜਾਂਦਾ ਹੈ। ਪਰੰਤੂ ਪ੍ਰੇਮ ਦਾ ਇਜ਼ਹਾਰ ਉਸ ਨਾਲ ਵੀ ਨਹੀਂ ਕਰ ਪਾਉਂਦਾ। ਬੰਸੂ ਵੱਲੋਂ ਦੋਹਾਂ ਨੂੰ ਇਕੱਠਿਆਂ ਦੇਖਣ ਤੇ ਡਰ ਜਾਂਦਾ ਹੈ ਅਤੇ ਆਪਣੇ ਘਰ ਵਿਚ ਦੁਬਕ ਕੇ ਬੈਠ ਜਾਂਦਾ ਹੈ। ਪਰ ਜਦੋਂ ਬੰਸੂ ਆਪਣੀ ਗਰਜ਼ ਲਈ ਉਸ ਨੂੰ ਆਪਣੇ ਨਾਲ ਘਰ ਚੱਲਣ ਵਾਸਤੇ ਕਹਿੰਦਾ ਹੈ, ਤਾਂ ਫੌਰਨ ਤਿਆਰ ਹੋ ਜਾਂਦਾ ਹੈ। ਉਹ ਕਾਂਤਾ ਨੂੰ ਗਰਭਵਤੀ ਤਾਂ ਕਰ ਦਿੰਦਾ ਹੈ ਪਰ ਇਸ ਤੋਂ ਪਿੱਛੋਂ ਉਸ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਦਾ ਬਲਕਿ ਇਕ ਪਾਲਤੂ ਪਤੀ ਵਾਂਗ ਆਪਣੀ ਪਤਨੀ ਨਾਲ ਰਹਿਣਾ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਲੇਖਕ ਦਰਸਾਉਂਦਾ ਹੈ ਕਿ ਨਿਮਨ ਮਧਸ਼੍ਰੇਣੀ ਦੇ ਲੋਕ ਕੋਈ ਖ਼ਤਰਾ ਮੁੱਲ ਨਹੀਂ ਲੈ ਸਕਦੇ। ਜਿਥੋਂ ਤੱਕ ਕਿਸੇ ਨਾਲ ਲੜਾਈ-ਝਗੜੇ ਦਾ ਸਵਾਲ ਨਹੀਂ ਪੈਦਾ ਹੁੰਦਾ, ਇਹ ਲੋਕ ਆਪਣੇ ਕਦਮ ਉਥੋਂ ਤਕ ਵਧਾਈ ਜਾਂਦੇ ਹਨ ਪਰੰਤੂ ਕਿਸੇ ਪ੍ਰਕਾਰ ਦੀ ਹਿੰਸਾ ਜਾਂ ਮਾਰ-ਕੁਟਾਈ ਦਾ ਸਵਾਲ ਸਾਹਮਣੇ ਆਉਣ ਤੇ ਇਹ ਲੋਕ ਆਪਣਾ ਰਸਤਾ ਹੀ ਬਦਲ ਲੈਂਦੇ ਹਨ।

ਇਉਂ ਦਰਸ਼ਨ ਮਿਤਵਾ ਨੇ 'ਉਸ ਮੋੜ ਤੋਂ ਗੁਜ਼ਰਦਿਆਂ' ਵਿਚ ਨਿਮਨ ਮਧ-ਸ਼੍ਰੇਣਿਕ ਮਾਨਸਿਕਤਾ ਦੇ ਬੜੇ ਸਚੇ ਅਤੇ ਸਹੀ ਵੇਰਵੇ ਪੇਸ਼ ਕੀਤੇ ਹਨ। ਇਨ੍ਹਾਂ ਵੇਰਵਿਆਂ ਦੀ ਰੌਸ਼ਨੀ ਵਿਚ ਅਸੀਂ ਇਸ ਸ਼੍ਰੇਣੀ ਦੇ ਕਿਰਦਾਰ ਅਤੇ ਵਿਵਹਾਰ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਬੰਸੂ ਅਤੇ ਤਿਲੋਕੀ ਦੇ ਕਿਰਦਾਰ ਵਿਚ ਕਿਧਰੇ-ਕਿਧਰੇ ਲੇਖਕ ਦੀ ਆਪਣੀ ਸ਼ਖ਼ਸੀਅਤ ਵੀ ਸ਼ਾਮਲ ਹੈ। ਉਸਨੇ ਆਪਣੇ ਅਤੀਤਕਾਲੀਨ ਵਜੂਦ ਦਾ ਰੂਪਾਂਤਰਣ ਕਰ ਕੇ ਭੋਰਾ-ਭੋਰਾ ਇਨ੍ਹਾਂ ਦੋਹਾਂ ਪਾਤਰਾਂ ਵਿਚ ਵੰਡ (distribute) ਦਿੱਤਾ ਹੈ। ਇਹੀ ਕਾਰਨ ਹੈ ਕਿ ਇਹ ਦੋਵੇਂ ਪਾਤਰ ਉਸਦੇ ਗਲਪ ਸੰਸਾਰ ਦੇ ਪ੍ਰਤੀਨਿਧ ਪਾਤਰ ਹੋ ਨਿੱਬੜੇ ਹਨ।

5. ਕਸਤੂਰੀ

'ਕਸਤੂਰੀ' ਦਰਸ਼ਨ ਮਿਤਵਾ ਦਾ ਇੱਕ ਵੱਖਰੀ ਕਿਸਮ ਦਾ ਨਾਵਲੈੱਟ ਹੈ। ਇਸ ਵਿਚ ਉਸ ਨੇ ਦੋਸਤੀ ਅਤੇ ਪ੍ਰੇਮ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਆਪਣੇ ਭਾਵਾਂ ਦਾ ਨਿਰੂਪਣ ਕੀਤਾ ਹੈ। 'ਦੋਸਤੀ' ਸਹਿਦੇਵ ਅਤੇ ਮੁਕਲ ਦੇ ਦਰਮਿਆਨ ਦਿਖਾਈ ਗਈ ਹੈ ਅਤੇ 'ਪ੍ਰੇਮ' ਮੁਕਲ ਅਤੇ ਲੱਕੀ ਦੇ ਦਰਮਿਆਨ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਆਪਣੇ ਵਿਸ਼ੇ ਦੀ ਪੇਸ਼ਕਾਰੀ ਕਰਨ ਸਮੇਂ ਵਕਤ ਨੂੰ ਇਕ ਖਾਸ ਮੁਕਾਮ ਉੱਤੇ ਫਰੀਜ਼ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਉਸਦੇ ਪਾਤਰਾਂ ਉੱਤੇ ਵਕਤ (ਟਾਈਮ) ਦਾ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। 'ਸਹਿਦੇਵ' ਇਕ ਤਰ੍ਹਾਂ ਨਾਲ ਨਾਵਲਕਾਰ ਦੇ ਬਾਹਰੀ (ਸਥੂਲ) ਆਪੇ ਦਾ ਪ੍ਰਤੀਬਿੰਬ ਹੈ ਅਤੇ ਮੁਕਲ ਉਸਦੇ ਅੰਦਰੂਨੀ

(ਸੂਖ਼ਮ) ਆਪੇ ਦਾ ਮੂਰਤ ਰੂਪ ਹੈ। ਸਹਿਦੇਵ ਦਾ ਸੰਬੰਧ ਇਕ ਵਿਪੰਨ ਵਰਗ ਨਾਲ ਹੈ ਅਤੇ ਇਹ ਨੌਜਵਾਨ ਜੀਵਨ ਦੇ ਥਪੇੜੇ ਖਾ ਰਿਹਾ ਹੈ। ਉਸ ਪਾਸ ਕਰਨ ਨੂੰ ਕੋਈ ਕੰਮ ਨਹੀਂ ਹੈ, ਉਹ ਪੜ੍ਹਦਾ ਵੀ ਨਹੀਂ। ਬਸ ਸਾਰਾ ਦਿਨ ਸ਼ਹਿਰ ਵਿਚ ਇਧਰੋਂ-ਉੱਧਰ ਭਟਕਦਾ ਰਹਿੰਦਾ ਹੈ। ਉਸ ਦਾ ਪਿਤਾ ਬੀਮਾਰ ਹੋਣ ਦੀ ਵਜ੍ਹਾ ਕਰਕੇ ਇਕ ਹਸਪਤਾਲ ਵਿਚ ਦਾਖਲ ਹੈ। ਉਹ ਉਸਦਾ ਹਾਲ-ਚਾਲ ਪੁੱਛਣ ਵਾਸਤੇ ਉਸ ਕੋਲ ਜਾਇਆ ਕਰਦਾ ਹੈ। ਉਸ ਦੇ ਸ਼ਹਿਰ ਦੇ ਲੋਕ ਉਸਨੂੰ ਇਕ ਕਲਾਕਾਰ ਦੇ ਰੂਪ ਵਿਚ ਪਛਾਣਦੇ ਹਨ। ਉਹ ਇਕ ਚੰਗਾ ਬੰਸਰੀ-ਵਾਦਕ ਵੀ ਹੈ। ਇਕ ਦਿਨ ਉਸਦੀ ਮੁਲਾਕਾਤ ਮੁਕਲ ਨਾਲ ਹੁੰਦੀ ਹੈ ਜੋ ਉਸ ਕੋਲੋਂ ਬੰਸਰੀ-ਵਾਦਨ ਸਿੱਖਣਾ ਚਾਹੁੰਦਾ ਹੈ। ਉਹ ਇਕ ਸੰਪੰਨ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਮੁਕਲ ਅਸਲ ਵਿਚ ਇਕ ਮੁਟਿਆਰ ਨਾਲ ਪ੍ਰੇਮ ਕਰਦਾ ਹੈ, ਜੋ ਕਾਲਜ ਵਿਚ ਪੜ੍ਹਦੀ ਹੈ ਪਰ ਉਹ ਉਸ ਪਾਸ ਆਪਣੇ ਪ੍ਰੇਮ ਦਾ ਇਜ਼ਹਾਰ ਨਹੀਂ ਕਰ ਪਾ ਰਿਹਾ। ਉਹ ਸਾਰਾ-ਸਾਰਾ ਦਿਨ ਉਸਦੀ ਇਕ ਝਲਕ ਪਾਉਣ ਵਾਸਤੇ ਉਸਦਾ ਪਿੱਛਾ ਕਰਦਾ ਰਹਿੰਦਾ ਹੈ। ਇਸੇ ਵਜ੍ਹਾ ਕਾਰਨ ਉਹ ਨਿਰਾਸ਼ ਰਹਿੰਦਾ ਹੈ। ਬੰਸਰੀ-ਵਾਦਨ ਵੀ ਉਹ ਇਸੇ ਕਾਰਨ ਸਿੱਖਦਾ ਹੈ, ਤਾਂ ਜੋ ਬੰਸਰੀ ਦੀ ਦਰਦ ਭਰੀ ਹੂਕ ਦੁਆਰਾ ਉਹ ਆਪਣੇ ਮਨ ਦੀ ਵਿਅਥਾ ਆਪਣੀ ਮਹਿਬੂਬ ਕੁੜੀ ਤਕ ਪਹੁੰਚਾ ਸਕੇ।

ਸਹਿਦੇਵ ਨਾਲ ਦੋਸਤੀ ਪੈ ਜਾਣ ਉਪਰੰਤ ਉਹ ਆਪਣੇ ਦਿਲ ਦੀ ਗੱਲ ਕਹਿਣੀ ਸਿੱਖ ਜਾਂਦਾ ਹੈ ਅਤੇ ਲੱਕੀ ਨਾਲ ਉਸਦੀਆਂ ਮਿਲਣੀਆਂ ਹੋਣ ਲੱਗਦੀਆਂ ਹਨ। ਹੁਣ ਉਹ ਕਈ ਵਾਰ ਸਹਿਦੇਵ ਨੂੰ ਆਪਣੇ ਘਰ ਛੱਡ ਕੇ ਲੱਕੀ ਨੂੰ ਮਿਲਣ ਚਲਾ ਜਾਂਦਾ ਹੈ। ਇਸ ਕਾਰਨ ਸਹਿਦੇਵ ਆਪਣੇ ਆਪ ਨੂੰ ਫਾਲਤੂ ਵੀ ਸਮਝਣ ਲੱਗਦਾ ਹੈ। ਪਰੰਤੂ ਮੁਕਲ, ਸਹਿਦੇਵ ਨੂੰ ਛੱਡਦਾ ਨਹੀਂ ਹੈ। ਕੁਝ ਸਮੇਂ ਬਾਅਦ ਮੁਕਲ ਦੇ ਸਾਹਮਣੇ ਇਕ ਨਵੀਂ ਸਮੱਸਿਆ ਆ ਖਲੋਂਦੀ ਹੈ। ਉਸ ਦੀ ਪ੍ਰੇਮਿਕਾ 'ਲੱਕੀ' ਉਚੇਰੀ ਪੜ੍ਹਾਈ ਲਈ ਪਟਿਆਲੇ ਕਿਸੇ ਕਾਲਜ ਵਿਚ ਦਾਖਲ ਹੋ ਜਾਂਦੀ ਹੈ। ਮੁਕਲ ਨਹੀਂ ਚਾਹੁੰਦਾ ਕਿ ਲੱਕੀ ਦੇ ਘਰ ਵਾਲਿਆਂ ਨੂੰ ਉਸਦੇ ਪ੍ਰੇਮ ਦਾ ਪਤਾ ਚੱਲੇ। ਇਸ ਕਾਰਨ ਉਹ ਆਪਣੇ ਪ੍ਰੇਮ-ਪੱਤਰ ਸਹਿਦੇਵ ਦੀ ਮਾਅਰਫ਼ਤ ਲੱਕੀ ਤਕ ਪਹੁੰਚਾਉਂਦਾ ਹੈ। ਲੱਕੀ ਵੀ ਸਹਿਦੇਵ ਦੇ ਹੱਥ ਆਪਣੇ ਪ੍ਰੇਮ-ਪੱਤਰ ਭੇਜਦੀ ਰਹਿੰਦੀ ਹੈ। ਸਹਿਦੇਵ, ਮੁਕਲ ਅਤੇ ਲੱਕੀ ਦੇ ਦਰਮਿਆਨ ਇਕ ਪੁਲ ਦੀ ਭੂਮਿਕਾ ਨਿਭਾਉਂਦਾ ਹੈ। ਪਰ ਹੌਲੀ-ਹੌਲੀ ਉਸਨੂੰ ਆਪਣੀ ਅਜਿਹੀ ਭੂਮਿਕਾ ਉਪਰ ਖਿਝ ਚੜ੍ਹਨ ਲੱਗਦੀ ਹੈ। ਉਹ ਚਾਹੁੰਦਾ ਹੈ ਕਿ ਕੋਈ ਮੁਟਿਆਰ ਉਸਨੂੰ ਵੀ ਪ੍ਰੇਮ ਕਰੇ, ਉਸਨੂੰ ਵੀ ਖ਼ਤ ਲਿਖੇ। ਪਰ ਉਸਨੂੰ ਭਰੀ ਦੁਨੀਆਂ ਵਿਚ ਆਪਣੇ ਆਪ ਨੂੰ ਪ੍ਰੇਮ ਕਰਨ ਵਾਲੀ ਕੋਈ ਮੁਟਿਆਰ ਨਹੀਂ ਲੱਭਦੀ। ਜਿਸ ਕਾਰਨ ਉਸਦੇ ਮਨ ਵਿਚ ਹੀਣਤਾ ਦਾ ਇਹਸਾਸ ਪਨਪਣ ਲੱਗਦਾ ਹੈ। ਇਸ ਇਹਸਾਸ ਤੋਂ ਬਚਣ ਲਈ ਉਹ ਖ਼ੁਦ ਹੀ ਆਪਣੇ ਆਪ ਨੂੰ ਪ੍ਰੇਮ-ਪੱਤਰ ਲਿਖਣ ਲਗਦਾ ਹੈ। ਕੁਝ ਸਮਾਂ ਤਾਂ ਇਹ ਖੇਡ

ਉਸਨੂੰ ਚੰਗੀ ਲੱਗਦੀ ਹੈ ਪਰ ਬਾਅਦ ਵਿਚ ਉਹ ਹੋਰ ਵੀ ਦੁਖੀ ਅਤੇ ਪੀੜਤ ਰਹਿਣ ਲਗਦਾ ਹੈ। ਇਸੇ ਗੁੰਝਲ ਕਾਰਨ ਉਹ ਬੀਮਾਰ ਰਹਿਣ ਲਗਦਾ ਹੈ ਅਤੇ ਮਰਨ ਕਿਨਾਰੇ ਪਹੁੰਚ ਜਾਂਦਾ ਹੈ। ਮਰਨ ਤੋਂ ਪਹਿਲਾਂ ਉਹ ਆਪਣੇ ਮਿੱਤਰ ਮੁਕਲ ਨੂੰ ਦੱਸ ਦਿੰਦਾ ਹੈ ਕਿ ਵਾਸਤਵ ਵਿਚ ਉਸਦੀ ਕੋਈ ਪ੍ਰੇਮਿਕਾ ਨਹੀਂ ਸੀ ਅਤੇ ਉਹ ਖ਼ੁਦ ਹੀ ਆਪਣੇ ਆਪ ਨੂੰ ਪ੍ਰੇਮ-ਪੱਤਰ ਲਿਖ ਕੇ ਆਪਣਾ ਦਿਲ ਬਹਿਲਾਇਆ ਕਰਦਾ ਸੀ। ਉਹ ਆਪਣੀ ਅੰਤਿਮ ਇੱਛਾ ਪ੍ਰਗਟ ਕਰਦਾ ਹੋਇਆ ਆਪਣੇ ਮਿੱਤਰ ਨੂੰ ਕਹਿੰਦਾ ਹੈ ਕਿ ਉਹ ਵੇਖਣਾ ਚਾਹੁੰਦਾ ਹੈ ਕਿ ਪ੍ਰੇਮ-ਪੱਤਰਾਂ ਦੀ ਇਬਾਰਤ ਕਿਹੋ ਜਿਹੀ ਹੁੰਦੀ ਹੈ। ਇਹ ਸੁਣ ਕੇ ਮੁਕਲ ਆਪਣੇ ਸਾਰੇ ਪ੍ਰੇਮ-ਪੱਤਰ ਲੈ ਕੇ ਉਸ ਪਾਸ ਪਹੁੰਚ ਜਾਂਦਾ ਹੈ। ਉਹ ਬੜਾ ਹੈਰਾਨ ਹੁੰਦਾ ਹੈ ਕਿ ਲੱਕੀ ਦੁਆਰਾ ਮੁਕਲ ਨੂੰ ਲਿਖੇ ਪ੍ਰੇਮ-ਪੱਤਰਾਂ ਵਿਚ ਬਹੁਤੀਆਂ ਗੱਲਾਂ ਸਹਿਦੇਵ ਦੇ ਬਾਰੇ ਵਿਚ ਹੀ ਹੁੰਦੀਆਂ ਸਨ ਜੋ ਇਨ੍ਹਾਂ ਦੋਹਾਂ ਪ੍ਰੇਮੀਆਂ ਦੇ ਦਰਮਿਆਨ ਇਕ ਪੁਲ ਦੀ ਭੂਮਿਕਾ ਨਿਭਾਉਂਦਾ ਸੀ। ਇਹ ਖ਼ਤ ਸੁਣ ਕੇ ਉਸਨੂੰ ਕਾਫ਼ੀ ਰਾਹਤ ਮਿਲਦੀ ਹੈ ਕਿ ਕਿਧਰੇ ਉਸਦਾ ਵੀ ਜ਼ਿਕਰੇ ਖ਼ੈਰ ਹੁੰਦਾ ਰਿਹਾ ਸੀ। ਸਹਿਦੇਵ ਦੀ ਮ੍ਰਿਤੂ ਹੋ ਜਾਂਦੀ ਹੈ। ਮੁਕਲ ਅਤੇ ਲੱਕੀ ਪਤੀ-ਪਤਨੀ ਬਣ ਜਾਂਦੇ ਹਨ ਪਰ ਸਹਿਦੇਵ ਦੀ ਮੌਤ ਤੋਂ ਬਹੁਤ ਸਾਰੇ ਵਰ੍ਹੇ ਬਾਅਦ ਵੀ ਉਹ ਦੋਵੇਂ ਉਸੇ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਇਉਂ ਇਸ ਨਾਵਲ ਵਿਚ ਲੇਖਕ ਨੇ ਦੋਸਤੀ ਅਤੇ ਪ੍ਰੇਮ ਦੇ ਰਿਸ਼ਤੇ ਨੂੰ ਇਕ-ਦੂਸਰੇ ਦੇ ਸਮਾਨਾਂਤਰ ਟਿਕਾ ਕੇ ਬੜੇ ਸਹਿਜ ਭਾਵ ਨਾਲ ਰੂਪਮਾਨ ਕੀਤਾ ਹੈ। ਸੱਚੀ ਦੋਸਤੀ ਕੀ ਹੁੰਦੀ ਹੈ ਅਤੇ ਸੱਚਾ ਪ੍ਰੇਮ ਕੀ ਹੁੰਦਾ ਹੈ? ਇਨ੍ਹਾਂ ਸੰਕਲਪਾਂ ਨੂੰ ਉਸ ਨੇ ਬਿਨਾਂ ਕੋਈ ਵੱਡਾ ਅਡੰਬਰ ਰਚਾਇਆਂ ਬਹੁਤ ਹੀ ਸਰਲ ਅਤੇ ਸੁਭਾਵਿਕ ਢੰਗ ਨਾਲ ਬਿਆਨ ਕੀਤਾ ਹੈ। ਅਸਲ ਵਿਚ ਲੇਖਕ ਨੇ ਪ੍ਰੇਮ ਦੇ ਪਲੈਟਾਨਿਕ (Platonic) ਸੰਕਲਪ ਦੀ ਪੇਸ਼ਕਾਰੀ ਅਤੇ ਵਿਆਖਿਆ ਕੀਤੀ ਹੈ। ਦਰਸ਼ਨ ਮਿਤਵਾ ਦੇ ਗਲਪ ਜਗਤ ਨਾਲ ਜੁੜੀ ਇਹ ਇਕ ਵੱਖਰੀ ਅਤੇ ਨਿਵੇਕਲੀ ਵੰਨਗੀ ਦੀ ਰਚਨਾ ਹੈ।

6. ਅੱਗ, ਸੋਚ ਅਤੇ ਬੱਤੀ ਦਿਨ

ਪ੍ਰਤੀਕਾਤਮਕ ਸ਼ੈਲੀ ਵਿਚ ਲਿਖਿਆ ਇਹ ਦਰਸ਼ਨ ਮਿਤਵਾ ਦਾ ਇਕ ਲਘੂ ਨਾਵਲੈਟ ਹੈ। ਇਸਨੂੰ ਅਸੀਂ ਐਂਟੀ-ਨਾਵਲ ਜਾਂ ਅਨਾਵਲ ਵੀ ਕਹਿ ਸਕਦੇ ਹਾਂ। ਇਸ ਨਾਵਲ ਵਿਚ ਕੋਈ ਘਟਨਾ ਨਹੀਂ ਸਿਰਫ਼ ਕੁਝ ਅਹਿਸਾਸ ਹਨ। ਬੇਸ਼ਕ ਇਹ ਅਹਿਸਾਸ ਵੀ ਘਟਨਾਵਾਂ ਵਿਚੋਂ ਹੀ ਉਪਜੇ ਹਨ ਪਰੰਤੂ ਲੇਖਕ ਨੇ ਉਨ੍ਹਾਂ ਘਟਨਾਵਾਂ ਨੂੰ ਜਾਂ ਤਾਂ ਬਿਲਕੁਲ ਹਟਾ ਲਿਆ ਹੈ ਅਤੇ ਜਾਂ ਏਨਾ ਰੂਪਾਂਤਰਿਤ ਕਰ ਦਿੱਤਾ ਹੈ ਕਿ ਇਨ੍ਹਾਂ ਘਟਨਾਵਾਂ ਦੀ ਕੋਈ ਪਹਿਚਾਣ ਨਹੀਂ ਬਣਦੀ। ਲੇਖਕ ਨੇ ਇਸ ਨਾਵਲ ਨੂੰ ਚੇਤਨਾ-ਪ੍ਰਵਾਹ ਸ਼ੈਲੀ ਵਿਚ ਲਿਖਿਆ ਹੈ ਜਿਸ ਕਾਰਨ ਕਾਲ ਦਾ ਮਕੈਨੀਕਲ ਸੰਕਲਪ ਭੰਗ ਹੋ ਗਿਆ ਹੈ। ਇਹ ਪਤਾ ਹੀ ਨਹੀਂ ਚਲਦਾ ਕਿ ਲੇਖਕ ਕੁਝ ਦਿਨਾਂ ਦੀ ਗੱਲ ਕਰਦਾ ਹੈ, ਮਹੀਨਿਆਂ ਦੀ ਜਾਂ ਵਰ੍ਹਿਆਂ ਦੀ। ਕਾਲ, ਦੇਸ਼,

ਪਾਤਰ ਅਤੇ ਘਟਨਾਵਾਂ ਸਭ ਕੁਝ ਇਕ ਦੂਜੇ ਵਿਚ ਓਵਰਲੈਪ ਕਰ ਗਿਆ ਹੈ। ਇਹ ਇਸ ਨਾਵਲ ਦੀ ਬ੍ਰਿਤਾਂਤ-ਵਿਧੀ ਦਾ ਇਕ ਵਿਲੱਖਣ ਅੰਦਾਜ਼ ਹੈ।

ਦਰਸ਼ਨ ਮਿਤਵਾ ਨੇ ਇਸ ਰਚਨਾ ਦੇ ਮਾਧਿਅਮ ਦੁਆਰਾ ਕਈ ਬੜੇ ਦਾਰਸ਼ਨਿਕ ਤੱਤਾਂ ਨੂੰ ਰੂਪਮਾਨ ਕੀਤਾ ਹੈ। ਮਸਲਿਨ ਜਦੋਂ ਇਕ ਨੌਜਵਾਨ ਮੁੰਡਾ ਅਤੇ ਮੁਟਿਆਰ ਕੁੜੀ ਇਕ-ਦੂਜੇ ਦੇ ਰੂ-ਬ-ਰੂ ਹੁੰਦੇ ਹਨ ਤਾਂ ਉਨ੍ਹਾਂ ਦੀਆਂ ਇੱਛਾਵਾਂ-ਅਕਾਂਖਿਆਵਾਂ ਕੀ ਹੁੰਦੀਆਂ ਹਨ। ਕੌਣ, ਕਿਸੇ ਤੋਂ ਕੀ ਚਾਹੁੰਦਾ ਹੈ ਅਤੇ ਕਿਵੇਂ! ਕਈ ਵਾਰ ਦੋਹਾਂ ਦੇ ਦਰਮਿਆਨ ਗ਼ਲਤਫਹਿਮੀ ਦੇ ਬੀਜ ਪੁੰਗਰ ਪੈਂਦੇ ਹਨ ਅਤੇ ਉਨ੍ਹਾਂ ਦਰਮਿਆਨ ਕੋਈ ਸਥਾਈ ਅਤੇ ਨਿੱਘਾ ਰਿਸ਼ਤਾ ਪੈਦਾ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਲੇਖਕ ਨੇ ਕਿਸੇ ਪ੍ਰਵਚਨ ਦੇ ਅਰਥਾਂ ਅਤੇ ਸੰਦਰਭਾਰਥਾਂ ਬਾਰੇ ਵੀ ਬੜੀ ਡੂੰਘੀ ਵਿਚਾਰ ਚਰਚਾ ਕੀਤੀ ਹੈ। ਉਸ ਅਨੁਸਾਰ:

> ਅਰਥ ਬਦਲਦੇ ਰਹਿੰਦੇ ਹਨ ਅਤੇ ਮਨੁੱਖ ਦੀ ਸੋਚ ਉਹਨਾਂ ਅਰਥਾਂ ਦਾ ਪਿੱਛਾ ਕਰਦੀ-ਕਰਦੀ ਕਦੇ ਮਨੁੱਖ ਨੂੰ ਆਪਾ ਭੁਲਾ ਦਿੰਦੀ ਹੈ ਅਤੇ ਕਦੇ-ਕਦੇ ਮਨੁੱਖ ਗੱਲ ਵਿਚ ਜਾਂ ਗੱਲ ਦੇ ਅਰਥਾਂ ਵਿਚ ਹੀ ਗਵਾਚ ਕੇ ਰਹਿ ਜਾਂਦਾ ਹੈ। (ਕਸਤੂਰੀ, ਪੰਨਾ 57)
>
> ਸਮਾਂ ਲੰਘਣ ਨਾਲ ਕਿਸੇ ਚੀਜ਼ ਦੇ ਨਵੇਂ ਅਰਥਾਂ ਦਾ ਵੀ ਪਤਾ ਲੱਗਦਾ ਹੈ ਅਤੇ ਉਸਦਾ ਤਜਰਬਾ ਵੀ ਹੁੰਦਾ ਹੈ......ਕੱਚੀ ਚੀਜ਼ ਸਮਾਂ ਪੈਣ ਉਤੇ ਪੱਕ ਜਾਂਦੀ ਹੈ।.....ਜੋ ਅੱਜ ਕਿਸੇ ਤੋਂ ਸਿੱਖਦਾ ਹੈ, ਕਲ੍ਹ ਨੂੰ ਕਿਸੇ ਨੂੰ ਸਿਖਾਉਣ ਵੀ ਲੱਗ ਸਕਦਾ ਹੈ। (ਕਸਤੂਰੀ, ਪੰਨਾ 64)

ਦਰਸ਼ਨ ਮਿਤਵਾ ਨੇ ਆਪਣੀ ਇਸ ਰਚਨਾ ਵਿਚ ਬੜੇ ਮੌਲਿਕ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਹੈ। ਸੰਵਾਦ-ਸਿਰਜਣਾ ਵਿਚ ਨਿਰੂਪਤ ਹੋਏ ਪ੍ਰਤੀਕ ਇਸ ਰਚਨਾ ਨੂੰ ਇਕ ਅਨੋਖੀ ਤਾਜ਼ਗੀ ਅਤੇ ਲਾਲਿਤਯ ਪ੍ਰਦਾਨ ਕਰਦੇ ਹਨ। ਇਉਂ ਇਹ ਰਚਨਾ ਪ੍ਰਗੀਤਾਮਕ ਲੱਛਣਾਂ ਦੀ ਧਾਰਨੀ ਹੋ ਨਿੱਬੜੀ ਹੈ। ਇਸ ਪ੍ਰਸੰਗ ਵਿਚ ਉਸਦੀ ਕਥਾ-ਸ਼ੈਲੀ ਦੇ ਕੁਝ ਅੰਸ਼ ਦੇਖੋ:-

> ਕਈ ਵਾਰੀ ਜੁਮੈਟਰੀ ਨੂੰ ਘੋਖਿਆ ਜਾਣਿਆ ਹੈ ਕਿ ਦੋ ਬਿੰਦੂ ਹੀ ਇੱਕ ਰੇਖਾ ਨੂੰ ਜਾਣ ਸਕਦੇ ਹਨ।
>
> ਇਕ ਬਿੰਦੂ ਤੋਂ ਦੂਸਰੇ ਬਿੰਦੂ ਤੱਕ ਦੀ ਦੂਰੀ ਹੀ ਤਾਂ ਇਕ ਰੇਖਾ ਹੁੰਦੀ ਹੈ.....ਵਿੰਗੀ, ਸਿੱਧੀ ਜਾਂ ਗੋਲ।
>
> ਜਦੋਂ ਬਿੰਦੂ ਨਹੀਂ ਤਾਂ ਰੇਖਾ ਵੀ ਨਹੀਂ।
>
> ਇਕ ਬਿੰਦੂ ਦੀ ਕਹਾਣੀ ਤਾਂ ਇਕ ਬਿੰਦੂ ਤਕ ਹੀ ਸੀਮਿਤ ਰਹਿੰਦੀ ਹੈ।
>
> ਪਰ ਹੋਰ ਵੀ ਪੜ੍ਹਿਆ ਹੈ, ਜਿੱਥੇ ਇਕ ਰੇਖਾ ਦੂਸਰੀ ਰੇਖਾ ਨੂੰ ਮਿਲਦੀ ਹੈ......ਬੱਸ, ਬਿੰਦੂ ਜੰਮ ਪੈਂਦਾ ਹੈ।
>
> ਕੁਝ ਸਮਝ ਨਹੀਂ ਆਉਂਦਾ ਕਿ ਬਿੰਦੂ ਅਤੇ ਬਿੰਦੂ ਮਿਲ ਕੇ ਇਕ

ਰੇਖਾ ਜੰਮਦੇ ਹਨ ਅਤੇ ਰੇਖਾ ਤੇ ਰੇਖਾ ਮਿਲ ਕੇ ਇਕ ਬਿੰਦੂ।....

ਮੈਨੂੰ ਤਾਂ ਸਿਰਫ਼ ਇੰਨਾ ਹੀ ਪਤਾ ਹੈ ਕਿ ਬਿੰਦੂ ਤੇ ਰੇਖਾ ਅਤੇ ਰੇਖਾ ਤੇ ਬਿੰਦੂ ਦੇ ਬਗੈਰ ਨਾ ਹੀ ਕੋਈ ਰੇਖਾ ਜੰਮ ਸਕਦੀ ਹੈ ਅਤੇ ਨਾ ਹੀ ਕੋਈ ਬਿੰਦੂ।.....

(ਕਸਤੂਰੀ, ਪੰਨਾ 73-74)

ਇਸ ਤਰ੍ਹਾਂ ਅੱਗ, ਸੋਚ ਅਤੇ ਬੱਤੀ ਦਿਨ' ਆਕਾਰ ਵਿਚ ਛੋਟੀ ਹੋਣ ਦੇ ਬਾਵਜੂਦ ਅਭਿਵਿਅੰਜਨਾ ਅਤੇ ਬ੍ਰਿਤਾਂਤ-ਵਿਧੀਆਂ ਦੀ ਦ੍ਰਿਸ਼ਟੀ ਤੋਂ ਇਕ ਮਹਤਵਪੂਰਨ ਰਚਨਾ ਹੈ। ਲੇਖਕ ਨੂੰ ਆਪਣੀ ਪ੍ਰਮਾਣਿਕਤਾ ਸਿੱਧ ਕਰਨ ਲਈ ਇਹ ਜ਼ਰੂਰੀ ਹੈ ਉਹ ਅਭਿਵਿਅਕਤੀ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗ ਕਰਦਾ ਰਹੇ।

7. ਕੁੜੀਆਂ ਚਿੜੀਆਂ

ਦਰਸ਼ਨ ਮਿਤਵਾ ਦਾ ਇਹ ਨਾਵਲ ਦਲਿਤ ਨਾਰੀ ਦੇ ਤ੍ਰਾਸਦਕ ਜੀਵਨ ਦਾ ਇਕ ਦਸਤਾਵੇਜ਼ ਹੈ। ਇਸ ਨਾਵਲ ਦੇ ਮਾਧਿਅਮ ਰਾਹੀਂ ਉਸ ਨੇ ਪੰਜਾਬ ਦੇ ਪਿੰਡਾਂ ਵਿਚ ਰਹਿਣ ਵਾਲੀਆਂ ਕੁੜੀਆਂ-ਚਿੜੀਆਂ ਦੇ ਅਪਮਾਨਿਤ ਅਤੇ ਪ੍ਰਤਾੜਿਤ ਜੀਵਨ ਨੂੰ ਪੇਸ਼ ਕੀਤਾ ਹੈ। ਇਹ ਨਾਵਲ ਪਿੰਡ ਤੋਂ ਸ਼ਹਿਰ ਜਾ ਕੇ ਦਿਹਾੜੀ ਮਜ਼ਦੂਰੀ ਕਰਨ ਵਾਲੇ ਇਕ ਦਲਿਤ ਵਿਅਕਤੀ ਛੋਟੂ (ਛੋਟਾ ਸਿੰਘ) ਅਤੇ ਉਸਦੇ ਪਰਿਵਾਰ ਦੇ ਜੀਵਨ ਦਾ ਨਿਰੂਪਣ ਕਰਦਾ ਹੈ। ਛੋਟੂ ਸਿੰਘ ਸ਼ਹਿਰ ਵਿਚ ਬਣਦੇ ਮਕਾਨਾਂ, ਦੁਕਾਨਾਂ ਅਤੇ ਕੋਠੀਆਂ ਆਦਿ ਵਿਚ ਮਜ਼ਦੂਰੀ ਦਾ ਕੰਮ ਕਰਦਾ ਸੀ। ਸ਼ਹਿਰ ਉਸਦੇ ਪਿੰਡ ਤੋਂ ਕੋਈ ਪੰਦਰਾਂ ਕਿਲੋਮੀਟਰ ਦੂਰ ਸੀ। ਉਹ ਸਵੇਰੇ ਸਾਈਕਲ ਉੱਤੇ ਸ਼ਹਿਰ ਚਲਾ ਜਾਂਦਾ ਅਤੇ ਸ਼ਾਮ ਨੂੰ ਦਿਹਾੜੀ ਕਰਨ ਪਿੱਛੋਂ ਵਾਪਸ ਆਪਣੇ ਘਰ, ਆਪਣੇ ਪਿੰਡ ਪਰਤ ਆਉਂਦਾ ਹੈ। ਉਸਨੂੰ ਇਕ ਹੀ ਦੁੱਖ ਸੀ ਕਿ ਉਸ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ ਹੈ ਅਤੇ ਉਸਦੇ ਕੋਈ ਮੁੰਡਾ ਨਹੀਂ। ਜਦੋਂ ਇਹ ਨਾਵਲ ਸ਼ੁਰੂ ਹੁੰਦਾ ਹੈ ਤਾਂ ਛੋਟੂ ਦੇ ਘਰ ਵਾਲੀ ਧੰਨੀ ਨੂੰ ਬਾਲ-ਬੱਚਾ ਹੋਣ ਵਾਲਾ ਹੈ। ਐਤਕੀਂ ਉਸਦੀ ਸੁਣੀ ਜਾਂਦੀ ਹੈ ਅਤੇ ਧੰਨੀ ਦੀ ਕੁੱਖੋਂ ਇਕ ਪੁੱਤਰ ਜਨਮ ਲੈਂਦਾ ਹੈ ਪਰ ਪੁੱਤਰ ਨੂੰ ਜੰਮਣ ਦੀ ਪ੍ਰਕ੍ਰਿਆ ਵਿਚ ਧੰਨੀ ਦੀ ਮੌਤ ਹੋ ਜਾਂਦੀ ਹੈ।

ਆਂਢ-ਗੁਆਂਢ ਦੀਆ ਔਰਤਾਂ ਅਤੇ ਰਿਸ਼ਤੇਦਾਰਾਂ ਦੇ ਸਹਿਯੋਗ ਨਾਲ ਛੋਟੂ ਦਾ ਮੁੰਡਾ ਕਾਲੂ ਪਲਣ ਲਗਦਾ ਹੈ। ਛੋਟੂ ਦੀ ਵੱਡੀ ਮੁਟਿਆਰ ਧੀ ਨਸੀਬੋ, ਘਰ ਦਾ ਸਾਰਾ ਕੰਮ-ਧੰਦਾ ਕਰਦੀ ਹੈ। ਉਸਤੋਂ ਛੋਟੀ ਮੁੰਨੀ ਪਿੰਡ ਦੇ ਸਰਦਾਰਾਂ ਦੇ ਘਰ ਗੋਹਾ-ਕੂੜਾ ਕਰਦੀ ਹੈ। ਅਤੇ ਸਭ ਤੋਂ ਛੋਟੀ ਗੁੱਡੀ ਸਕੂਲ ਪੜ੍ਹਨ ਲਈ ਜਾਂਦੀ ਹੈ। ਮੁੰਨੀ ਕਿਸ਼ੋਰ ਅਵਸਥਾ ਵਿੱਚ ਸੀ। ਸਰਦਾਰਾਂ ਦਾ ਕਾਕਾ ਸੁਰਿੰਦਰ ਉਸਦੇ ਅੱਗੇ-ਪਿੱਛੇ ਗੇੜੇ ਮਾਰ ਕੇ ਉਸਨੂੰ ਭਰਮਾ ਲੈਂਦਾ ਹੈ ਅਤੇ ਉਸ ਨਾਲ ਕਾਮੁਕ ਸੰਬੰਧ ਸਥਾਪਿਤ ਕਰ ਲੈਂਦਾ ਹੈ। ਇਨ੍ਹਾਂ ਸੰਬੰਧਾਂ ਕਾਰਨ ਮੁੰਨੀ ਗਰਭਵਤੀ ਹੋ ਜਾਂਦੀ ਹੈ। ਵੱਡੀ

ਭੈਣ ਨਸੀਬੋ ਨੂੰ ਪਤਾ ਚੱਲਦਾ ਹੈ ਤਾਂ ਉਹ ਮੁੰਨੀ ਨੂੰ ਬਹੁਤ ਲਾਅਨਤਾਂ ਪਾਉਂਦੀ ਹੈ। ਪਰੰਤੂ ਮੁੰਨੀ ਨੂੰ ਵਿਸ਼ਵਾਸ਼ ਹੁੰਦਾ ਹੈ ਕਿ ਸੁਰਿੰਦਰ ਉਸ ਨੂੰ ਅਪਣਾ ਲਵੇਗਾ। ਪਰ ਜਦੋਂ ਉਹ ਸੁਰਿੰਦਰ ਨਾਲ ਇਸ ਗੱਲ ਬਾਰੇ ਚਰਚਾ ਕਰਦੀ ਹੈ ਤਾਂ ਉਹ ਅੱਗੋਂ ਉਸ ਨੂੰ ਗਾਲੀ-ਗਲੋਚ ਕਰਨ ਲੱਗ ਜਾਂਦਾ ਹੈ :

> "ਜਾਤ ਪਤਾ ਨੀਂ ਕੀਹਦੇ-ਕੀਹਦੇ ਨਾਲ ਖੇਹ ਖਾਂਦੀ ਫਿਰਦੀ ਐ......।" ਸੁਰਿੰਦਰ ਦੇ ਮੱਥੇ ਪਈਆਂ ਤਿਉੜੀਆਂ ਨੇ ਮੁੰਨੀ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਦੇ ਪੈਰ ਲੜਖੜਾਉਣ ਲੱਗੇ। ਚੱਕਰ ਜਿਹਾ ਆਇਆ ਤੇ ਸਾਰਾ ਬਾਗਲ ਘੁੰਮ ਗਿਆ। ਉਹ ਡਿੱਗਦੀ ਜਿਹੀ ਸੰਭਲੀ।
>
> "ਦਫ਼ਾ ਹੋ ਜਾ ਏਥੋਂ......ਜਾਤ ਦੀ ਕੋਹੜ ਕਿਰਲੀ ਤੇ.... ਮੂੰਹ ਦੇਖਿਐ ਕਦੇ ਆਵਦਾ.....ਮੈਂ ਤੇਰੇ ਨਾਲ ਵਿਆਹ ਕਰੂੰਗਾ ਜਾਤ ਨਾਲ.....।" ਸੁਰਿੰਦਰ ਦੇ ਏਨਾ ਕਹਿਣ ਦੀ ਦੇਰ ਸੀ ਕਿ ਮੁੰਨੀ ਦੀਆਂ ਅੱਖਾਂ ਵਿਚ ਵੀ ਲਹੂ ਉੱਤਰ ਆਇਆ। ਪਲ ਦੀ ਪਲ ਜਿਵੇਂ ਉਹ ਸ਼ੇਰਨੀ ਬਣ ਖੜੋਤੀ ਹੋਵੇ।
>
> "ਅੱਛਾ! ਹੁਣ ਮੈਂ ਜਾਤ ਹੋਗੀ......ਕੁੱਤਿਆ, ਮੈਂ ਤਾਂ ਤੇਰਾ ਲਹੂ ਪੀ ਜੂੰ, ਚੂਲੀਏਂ....." ਆਪੇ ਤੋਂ ਬਾਹਰ ਹੋਈ ਮੁੰਨੀ ਉਸਨੂੰ ਚੁੰਬੜ ਹੀ ਗਈ।.....
>
> ਉਸਨੇ ਆਪਣੇ ਆਪ ਨੂੰ ਛੁਡਾਉਣ ਲਈ ਮੁੰਨੀ ਨੂੰ ਧੱਕਾ ਜਿਹਾ ਦਿੱਤਾ ਤਾਂ ਉਹ ਬਿਚਾਰੀ ਧੜੱਮ ਦੇਣੇ ਪਰ੍ਹਾਂ ਜਾ ਡਿੱਗੀ ਤੇ ਸੁਰਿੰਦਰ ਭੱਜ ਕੇ ਬਾਗਲ ਵਿੱਚੋਂ ਬਾਹਰ ਨਿਕਲ ਗਿਆ।
>
> (ਪੰਨਾ 112)

ਸੁਰਿੰਦਰ ਦੁਆਰਾ ਇਸ ਤਰ੍ਹਾਂ ਅਪਮਾਨਿਤ ਕਰ ਦਿੱਤੇ ਜਾਣ ਤੋਂ ਬਾਅਦ ਮੁੰਨੀ ਬਹੁਤ ਘਬਰਾ ਜਾਂਦੀ ਹੈ। ਉਸਨੂੰ ਕੁਝ ਨਹੀਂ ਸੁਝਦਾ। ਅਪਮਾਨ, ਗੁੱਸੇ ਅਤੇ ਜ਼ਿੱਲਤ ਦੇ ਰਲੇ-ਮਿਲੇ ਇਹਸਾਸਾਂ ਵਿਚ ਘਿਰੀ ਉਹ ਪਿੰਡ ਦੇ ਬਾਹਰ ਪੈਂਦੇ ਇਕ ਖੂਹ ਵਿਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲੈਂਦੀ ਹੈ। ਇਸ ਥੀਮਕੀ ਕੜੀ ਦੇ ਮਾਧਿਅਮ ਦੁਆਰਾ ਲੇਖਕ ਦਰਸਾਉਂਦਾ ਹੈ ਕਿ ਦਲਿਤ ਪਰਿਵਾਰਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਪੇਂਡੂ ਕੁੜੀਆਂ ਇਹੋ ਜਿਹੀ ਜ਼ਲੀਲ ਜ਼ਿੰਦਗੀ ਹੰਢਾਉਣ ਲਈ ਮਜਬੂਰ ਹਨ। ਘਰ-ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਵਾਸਤੇ ਉਨ੍ਹਾਂ ਨੂੰ ਆਪਣੀ ਅਸਮਤ ਕੁਰਬਾਨ ਕਰਨੀ ਪੈਂਦੀ ਹੈ ਅਤੇ ਦੂਜੇ ਪਾਸੇ ਸਰਦੇ-ਪੁੱਜਦੇ ਘਰਾਂ ਦੇ ਜ਼ਿਮੀਦਾਰ ਮੁੰਡਿਆਂ ਲਈ ਇਹ ਇਕ 'ਖੇਡ' ਹੁੰਦੀ ਹੈ। ਅਜਿਹੇ ਸ਼ੋਸ਼ਣ ਨੂੰ ਉਹ ਆਪਣਾ ਅਧਿਕਾਰ ਅਤੇ ਜਟਕੀ ਹਉਮੈ ਦਾ ਇਕ ਪ੍ਰਮਾਣ ਸਮਝਦੇ ਹਨ।

ਮੁੰਨੀ ਦੀ ਵੱਡੀ ਭੈਣ ਨਸੀਬੋ ਨੂੰ ਵੀ ਇਕ ਵਾਰ ਅਜਿਹੀ ਅਪਮਾਨਜਨਕ ਸਥਿਤੀ ਵਿਚੋਂ ਗੁਜ਼ਰਨਾ ਪਿਆ ਸੀ। ਪਰੰਤੂ ਕੁਝ ਤਾਂ ਆਪਣੇ ਆਤਮਵਿਸ਼ਵਾਸ਼ ਕਾਰਨ ਅਤੇ ਕੁਝ ਪਿੰਡ ਦੇ ਇਕ ਭਲੇਮਾਣਸ ਗੱਭਰੂ ਗੰਗਨ ਦੇ ਮੌਕੇ ਉਪਰ ਆ ਜਾਣ

ਕਰਕੇ ਉਹ ਪਿੰਡ ਦੇ ਇਕ ਹਟਵਾਣੀਏ ਰੁਲਦੂ ਦੇ ਚੁੰਗਲ ਵਿਚੋਂ ਛੁੱਟ ਗਈ ਸੀ। ਰੁਲਦੂ ਅਕਸਰ ਹੀ ਦਲਿਤ ਮੁਟਿਆਰਾਂ ਨਾਲ ਛੇੜਛਾੜ ਕਰਦਾ ਰਹਿੰਦਾ ਸੀ। ਛੋਟੀਆਂ-ਮੋਟੀਆਂ ਗਰਜ਼ਾਂ ਦੀ ਪੂਰਤੀ ਲਈ ਇਹ ਮੁਟਿਆਰਾਂ ਵਿਚਾਰੀਆਂ ਸਬਰ ਦਾ ਘੁੱਟ ਭਰ ਕੇ ਰਹਿ ਜਾਦੀਆਂ ਹਨ। ਮੁੰਨੀ ਦੇ ਅਚਾਨਕ ਆਤਮ-ਹੱਤਿਆ ਕਰ ਲੈਣ ਤੋਂ ਬਾਅਦ ਨਸੀਬੋ ਕਈ ਵਾਰ ਆਪਣਾ ਸੰਤੁਲਨ ਖੋ ਬੈਠਦੀ ਹੈ। ਬਾਰ-ਬਾਰ ਉਸਨੂੰ ਇਉਂ ਲੱਗਦਾ ਹੈ ਜਿਵੇਂ ਜ਼ਿਮੀਦਾਰਾਂ ਦਾ ਮੁੰਡਾ ਸੁਰਿੰਦਰ ਉਸਦੀ ਖਿੱਲੀ ਉਡਾ ਰਿਹਾ ਹੋਵੇ, ਉਸਨੂੰ ਚਿੜਾ ਰਿਹਾ ਹੋਵੇ। ਅਜਿਹੇ ਮੌਕੇ ਉਹ ਆਪਣਾ ਸੰਤੁਲਨ ਖੋ ਕੇ ਗ਼ੈਰਹਾਜ਼ਰ ਸੁਰਿੰਦਰ ਨੂੰ ਗਾਲ੍ਹੀ-ਗਲੋਚ ਕਰਦੀ ਹੈ। ਛੋਟੂ ਆਪਣੀ ਵੱਡੀ ਧੀ ਨਸੀਬੋ ਦੀ ਇਸ ਬੀਮਾਰੀ (ਮਨੋਰੋਗ) ਦੇ ਕਾਰਨ ਬਹੁਤ ਘਬਰਾ ਜਾਂਦਾ ਹੈ। ਪਿੰਡਾਂ ਦੇ ਲੋਕ, ਆਪਣੇ ਅਗਿਆਨ ਕਾਰਨ ਇਹੋ ਜਿਹੇ ਮਨੋਰੋਗਾਂ ਨੂੰ ਕਿਸੇ ਭੂਤ-ਪ੍ਰੇਤ ਦੀ ਛਾਇਆ ਸਮਝ ਕੇ ਢੋਂਗੀ ਸਾਧਾਂ-ਸੰਤਾਂ ਦੇ ਡੇਰਿਆਂ ਤੇ ਤੁਰੇ ਰਹਿੰਦੇ ਹਨ। ਇਹ ਤਾਂ ਸੀਮਾ ਵਰਗੀ ਡਾਕਟਰ ਕੁੜੀ, ਨਸੀਬੋ ਦੀ ਸਹੇਲੀ ਦੀ ਸੁਹਿਰਦਤਾ ਅਤੇ ਨੇਕੀ ਸੀ ਕਿ ਉਹ ਕੁਝ ਨੀਂਦਰ ਦੀਆਂ ਦਵਾਈਆਂ (sedatives) ਦੀ ਮਦਦ ਨਾਲ ਉਸਨੂੰ ਠੀਕ ਕਰ ਦਿੰਦੀ ਹੈ।

ਸੀਮਾ ਇਹ ਵੀ ਜਾਣ ਗਈ ਸੀ ਕਿ ਪਿੰਡਾਂ ਦੀਆਂ ਕੁੜੀਆਂ ਮਨਾਹੀ ਭਰੇ ਵਾਤਾਵਰਣ ਵਿਚ ਰਹਿਣ ਦੇ ਕਾਰਨ ਕਾਮੁਕ-ਕੁੰਠਾ (sexual frustration) ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਕੂਲਾਂ ਕਾਲਜਾਂ ਵਿਚ ਪੜ੍ਹਨ ਵਾਲੀਆਂ ਕੁੜੀਆਂ ਨੂੰ ਕਾਮੁਕ-ਕੁੰਠਾ ਦੇ ਉੱਦਾਤੀਕਰਣ (sublimation) ਦੇ ਬਹੁਤ ਸਾਰੇ ਮੌਕੇ ਮਿਲ ਜਾਂਦੇ ਹਨ। ਸਹੇਲੀਆਂ ਨਾਲ ਵਰਜਿਤ ਵਿਸ਼ਿਆਂ ਬਾਰੇ ਗੱਲ-ਬਾਤ ਕਰ ਕੇ, ਨੱਚ-ਟੱਪ ਕੇ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਵਿਚ ਭਾਗ ਲੈਣ ਕਰਕੇ ਪੜ੍ਹਨ-ਲਿਖਣ ਵਾਲੀਆਂ ਕੁੜੀਆਂ ਇਸ ਕੁੰਠਾ ਉੱਤੇ ਕਾਬੂ ਪਾ ਲੈਂਦੀਆਂ ਹਨ। ਇਸ ਤੋਂ ਬਿਨਾਂ ਉਨ੍ਹਾਂ ਨੂੰ ਆਪਣੇ ਹਾਣੀ ਗੱਭਰੂਆਂ ਨਾਲ ਮਿਲਣ-ਜੁਲਣ ਦੇ ਵੀ ਅਨੇਕ ਮੌਕੇ ਮਿਲਦੇ ਰਹਿੰਦੇ ਹਨ। ਇਸ ਕਾਰਨ ਸੀਮਾ ਵਰਗੀਆਂ ਕੁੜੀਆਂ ਦਾ ਵਿਵਹਾਰ ਸਹਿਜ ਅਤੇ ਸੰਤੁਲਿਤ ਬਣਿਆ ਰਹਿੰਦਾ ਹੈ। ਪਰੰਤੂ, ਪੇਂਡੂ ਆਰਥਿਕ ਤੌਰ ਤੇ ਪਰਾਧੀਨ ਅਤੇ ਦਲਿਤ ਵਰਗ ਦੀਆਂ ਕੁੜੀਆਂ ਨੂੰ ਅਜਿਹੇ ਮੌਕੇ ਕਿੱਥੋਂ ਮਿਲਣੇ ਹੋਏ! ਸੋ ਉਹ ਮਨੋਰੋਗਾਂ ਵਿਚ ਫਸ ਜਾਂਦੀਆਂ ਹਨ। ਸੀਮਾ, ਨਸੀਬੋ ਨੂੰ ਇਸ ਸਥਿਤੀ ਵਿਚੋਂ ਬਾਹਰ ਕੱਢਣ ਲਈ ਘਰੋਂ ਬਾਹਰ ਨਵੇਕਲੇ ਥਾਂ ਤੇ ਲੈ ਜਾਂਦੀ ਹੈ, ਉਸ ਨਾਲ ਇਸ਼ਕ-ਮੁਸ਼ਕ ਦੀਆਂ ਗੱਲਾਂ ਕਰਦੀ ਹੈ। ਉਸ ਨੂੰ ਘਰ ਦੀ ਕੰਧੋਲੀ ਤੇ ਮੋਰ-ਤੋਤੇ ਬਣਾਉਣ ਵਾਸਤੇ ਉਤਸਾਹਿਤ ਕਰਦੀ ਹੈ, ਉਸ ਨਾਲ ਚਾਦਰ ਉੱਤੇ ਵੇਲ-ਬੂਟੇ ਕਢਾਉਂਦੀ ਹੈ ਅਤੇ ਇਸ ਤਰ੍ਹਾਂ ਕਲਾ ਤੇ ਫਰੀ-ਐਸੋਸੀਏਸ਼ਨ (free association) ਦੀ ਮਦਦ ਨਾਲ ਉਸਨੂੰ ਸਹਿਜ ਅਤੇ ਸੰਤੁਲਿਤ ਬਣਾ ਦਿੰਦੀ ਹੈ।

ਸਾਡੇ ਭਾਰਤੀ ਸਮਾਜ ਵਿਚ ਕਾਮ-ਪੂਰਤੀ ਦਾ ਇਕੋ-ਇਕ ਜਾਇਜ਼ ਢੰਗ ਵਿਆਹ ਹੀ ਹੈ। ਵਿਆਹ-ਬਾਹਰੇ ਕਾਮੁਕ ਸੰਬੰਧਾਂ ਨੂੰ ਅਵੈਧ ਅਤੇ ਨਾਜਾਇਜ਼ ਸਮਝਿਆ

ਜਾਂਦਾ ਹੈ। ਇਸ ਤਰ੍ਹਾਂ ਦੇ ਕਾਮੁਕ ਸੰਬੰਧ ਰੱਖਣ ਵਾਲਿਆਂ ਨੂੰ ਚਰਿਤਰਹੀਣ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਪੰਜਾਬੀ ਸਮਾਜ ਵਿਚ ਹਰ ਕੁੜੀ ਨੂੰ ਮੁਟਿਆਰ ਹੁੰਦਿਆਂ ਹੀ ਵਿਆਹ ਦਿੱਤਾ ਜਾਂਦਾ ਹੈ। ਨਸੀਬੋ ਦੇ ਸੰਬੰਧ ਵਿਚ ਸਮੱਸਿਆ ਇਹ ਸੀ ਕਿ ਉਸਦੇ ਪਿਤਾ ਪਾਸ ਨਾ ਤਾਂ ਏਨੇ ਪੈਸੇ ਸਨ ਕਿ ਉਹ ਉਸਦੇ ਵਿਆਹ ਬਾਰੇ ਸੋਚ ਸਕੇ ਅਤੇ ਨਾ ਕੋਈ ਚੰਗਾ ਮੁੰਡਾ ਉਸਦੀ ਨਜ਼ਰ ਹੇਠ ਸੀ। ਇੱਥੇ ਵੀ ਸੀਮਾ ਹੀ ਉਸਦੀ ਮਦਦ ਕਰਦੀ ਹੈ ਅਤੇ ਪਿੰਡ ਦੇ ਹੀ ਇਕ ਭਲੇਮਾਣਸ ਅਤੇ ਮਾਂ-ਪਿਉ ਵਿਹੀਨ ਮੁੰਡੇ ਨਾਲ ਉਸਦਾ ਵਿਆਹ ਕਰਵਾ ਦਿੰਦੀ ਹੈ। ਭਾਵੇਂ ਪੇਂਡੂ ਸਮਾਜ ਇਹੋ ਜਿਹੇ ਵਿਆਹਾਂ ਦੇ ਹੱਕ ਵਿਚ ਨਹੀਂ ਹੁੰਦਾ ਪਰੰਤੂ ਸੀਮਾ, ਨਸੀਬੋ ਦੇ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਨੂੰ ਮਨਾ ਕੇ ਇਸ ਸਮੱਸਿਆ ਦਾ ਸਮਾਧਾਨ ਵੀ ਲੱਭ ਲੈਂਦੀ ਹੈ। ਇਉਂ ਇਸ ਨਾਵਲ ਵਿਚ ਨਾਵਲਕਾਰ ਨੇ ਦਲਿਤ ਵਰਗ ਨਾਲ ਸੰਬੰਧਿਤ ਕੁੜੀਆਂ ਦੇ ਜੀਵਨ ਨਾਲ ਸੰਬੰਧਿਤ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਬੜੀ ਸੁਹਿਰਦਤਾ ਅਤੇ ਨਾਰੀ-ਪੱਖੀ ਦ੍ਰਿਸਟੀ ਤੋਂ ਵਿਚਾਰਿਆ ਅਤੇ ਪੇਸ਼ ਕੀਤਾ ਹੈ। ਉਸਦੀ ਇਹ ਰਚਨਾ ਭਾਰਤੀ ਸਮਾਜ ਦੇ ਪ੍ਰਸੰਗ ਵਿਚ ਨਾਰੀਵਾਦੀ ਲੇਖਣ ਦੇ ਬਹੁਤ ਸਾਰੇ ਨਵੇਂ ਆਯਾਮ ਪ੍ਰਸਤੁਤ ਕਰਦੀ ਹੈ।

8. ਸੱਚਿਦਾਨੰਦ

ਇਸ ਰਚਨਾ ਵਿਚ ਦਰਸ਼ਨ ਮਿਤਵਾ ਨੇ ਉੱਤਰੀ ਭਾਰਤ ਵਿਚ ਰਹਿਣ ਵਾਲੇ ਸਾਧੂ-ਸੰਤਾਂ ਦੀ ਮਰਯਾਦਾ ਅਤੇ ਆਸ਼ਰਮ-ਜੀਵਨ ਦਾ ਬ੍ਰਿਤਾਂਤ ਪੇਸ਼ ਕੀਤਾ ਹੈ। ਭਾਰਤੀ ਆਸ਼ਰਮ ਵਿਵਸਥਾ ਵਿਚ ਸੰਨਿਆਸੀ ਜੀਵਨ ਨੂੰ ਕਾਫ਼ੀ ਮਹਤਵ ਦਿੱਤਾ ਗਿਆ ਹੈ। ਮਨੁੱਖੀ ਜੀਵਨ ਨੂੰ ਮਾਇਆ, ਛਲਾਵਾ ਅਤੇ ਅਸਤਿ ਘੋਸ਼ਿਤ ਕਰ ਕੇ ਬਹੁਤ ਸਾਰੇ ਲੋਕ ਸੰਨਿਆਸੀ ਬਣ ਜਾਂਦੇ ਹਨ ਅਤੇ ਪ੍ਰਭੂ ਦੀ ਬੰਦਗੀ, ਪੂਜਾ ਅਤੇ ਭਗਤੀ ਆਦਿ ਵਿਚ ਆਪਣਾ ਸਾਰਾ-ਸਾਰਾ ਜੀਵਨ ਗੁਜ਼ਾਰ ਦਿੰਦੇ ਹਨ। ਅੱਗੋਂ ਇਨ੍ਹਾਂ ਸੰਨਿਆਸੀਆਂ ਦੇ ਹੋਰ ਬਹੁਤ ਸਾਰੇ ਸ਼ਿਸ਼ ਬਣਦੇ ਰਹਿੰਦੇ ਹਨ ਅਤੇ ਇਹ ਸ਼ਿਸ਼ ਆਪਣੇ ਗੁਰੂਜਨਾਂ ਤੋਂ ਧਿਆਨ ਆਦਿਕ ਲਾਉਣ ਦੇ ਗੁਰ ਸਿੱਖ ਕੇ ਆਪਣੇ ਵੱਖਰੇ ਆਸ਼ਰਮ ਸਥਾਪਿਤ ਕਰ ਲੈਂਦੇ ਹਨ। ਭਾਰਤ ਵਿਚ ਪਿਛਲੀਆਂ ਕਈ ਸ਼ਤਾਬਦੀਆਂ ਤੋਂ ਇਹ ਸਿਲਸਿਲਾ ਚੱਲਦਾ ਆ ਰਿਹਾ ਹੈ। ਭਾਰਤ ਦੇ ਅਧਿਆਤਮਕ ਅਤੇ ਪੌਰਾਣਿਕ ਸਾਹਿੱਤ ਵਿਚ ਅਜਿਹੇ ਸੰਨਿਆਸੀਆਂ ਦੇ ਜੀਵਨ-ਵੇਰਵੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਪੇਸ਼ ਕੀਤੇ ਜਾਂਦੇ ਹਨ।

ਪੰਜਾਬ ਵਿਚ ਪਹਿਲੀ ਵਾਰ ਸਿਖ ਸਤਿਗੁਰਾਂ ਨੇ ਸੰਨਿਆਸੀਆਂ ਅਥਵਾ ਜੋਗੀਆਂ ਦੇ ਅਪ੍ਰਮਾਣਿਕ ਜੀਵਨ ਬਾਰੇ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਨੇ ਸੰਨਿਆਸੀ ਅਤੇ ਗ੍ਰਿਹਸਥੀ ਵਿਚਲੀ ਵਰਗ-ਵੰਡ ਨੂੰ ਸਮਾਪਤ ਕਰ ਦਿੱਤਾ। ਗੁਰੂ

ਸਾਹਿਬ ਨੇ ਆਪਣੇ ਦੋ-ਢਾਈ ਦਹਾਕੇ ਉਦਾਸੀ ਸਾਧੂਆਂ ਵਾਂਗ ਬਿਤਾਉਣ ਉਪਰੰਤ ਅੰਤਿਮ ਵਰ੍ਹੇ ਇਕ ਗ੍ਰਹਿਸਥੀ ਮਹਾਂਪੁਰਖ/ਸਤਿਗੁਰ ਵਜੋਂ ਬਿਤਾਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ -- ਇਕ ਮੀਰੀ ਦੀ ਅਤੇ ਦੂਸਰੀ ਪੀਰੀ ਦੀ -- ਪਹਿਨ ਕੇ ਦਰਸਾਇਆ ਕਿ ਦੁਨੀਆਦਾਰ ਅਤੇ ਨਿਰਲੇਪ ਵਿਅਕਤੀਆਂ ਨੂੰ ਅੱਡ-ਅੱਡ ਖੇਮਿਆਂ ਵਿਚ ਵੰਡਣ ਦੀ ਜ਼ਰੂਰਤ ਨਹੀਂ ਹੈ। ਕਿਉਂਕਿ ਗੁਰਸਿੱਖੀ ਦੇ ਅਨੁਸਾਰ ਦੁਨੀਆਦਾਰਾਂ ਵਾਂਗ ਰਹਿੰਦਾ ਹੋਇਆ ਵਿਅਕਤੀ ਵੀ ਨਿਰਲੇਪ ਰਹਿ ਸਕਦਾ ਹੈ। ਅੱਗੋਂ ਜਾ ਕੇ ਇਸੇ ਸੰਕਲਪ ਨੂੰ ਗੁਰੂ ਗੋਬਿੰਦ ਸਿੰਘ ਨੇ ਸੰਤ-ਸਿਪਾਹੀ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ। ਇਸ ਤਰ੍ਹਾਂ ਗੁਰਸਿੱਖੀ ਵਿਚ ਸੰਨਿਆਸੀਆਂ ਦੇ ਕਰਮ-ਕਾਂਡਾਂ ਨੂੰ ਕੋਈ ਮਹਤਵ ਨਹੀਂ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ :

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥
ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥
ਕਹੁ ਨਾਨਕ ਨਿਹਚਉ ਧਿਆਵੈ।
ਵਿਣੁ ਸਤਿਗੁਰ ਵਾਟ ਨਾ ਪਾਵੈ॥੨॥

(ਆਸਾ ਦੀ ਵਾਰ, ਮਹਲਾ ੧)

ਸਿੱਖ ਗੁਰੂ ਸਾਹਿਬਾਨ ਦੇ ਅਜਿਹੇ ਉਪਦੇਸ਼ਾਂ ਦੇ ਕਾਰਨ ਪੰਜਾਬ ਵਿਚ ਸੰਨਿਆਸ ਆਸ਼ਰਮ ਨੂੰ ਬਹੁਤਾ ਮਹਤਵ ਨਹੀਂ ਦਿੱਤਾ ਜਾਂਦਾ ਪਰੰਤੂ ਇਸਦੇ ਬਾਵਜੂਦ ਸੰਨਿਆਸੀ ਲੋਕਾਂ ਦਾ ਦਬਦਬਾ ਅਤੇ ਭਰਮ-ਭਉ ਅਜੇ ਤੱਕ ਕਾਇਮ-ਦਾਇਮ ਹੈ। ਬਲਕਿ ਪਿਛਲੇ ਡੇਢ-ਦੋ ਦਹਾਕਿਆਂ ਵਿਚ ਤਾਂ ਪੰਜਾਬ ਵਿਚ ਇਹ ਲੋਕ ਵੀ ਕਾਫ਼ੀ ਸਕ੍ਰਿਅ ਹੋ ਗਏ ਹਨ। ਅਜ ਕਲ੍ਹ ਧਰਮ ਵੀ ਉਪਭੋਗਤਾਵਾਦ ਦਾ ਇਕ ਅੰਗ ਬਣ ਗਿਆ ਹੈ। ਜਿਵੇਂ ਕੁਝ ਅਭਿਨੇਤਾ, ਖਿਡਾਰੀ ਅਤੇ ਗਾਇਕ ਲੋਕਪ੍ਰਿਅ ਹੋ ਗਏ ਹਨ, ਉਸੇ ਤਰ੍ਹਾਂ ਕਈ ਸਾਧੂ-ਸੰਤ ਵੀ ਇਨ੍ਹਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਕੇ ਮਾਇਆ ਅਤੇ ਪ੍ਰਸਿੱਧੀ ਅਰਜਿਤ ਕਰ ਰਹੇ ਹਨ। ਦਰਸ਼ਨ ਮਿਤਵਾ ਨੇ ਆਪਣੇ ਇਸ ਨਾਵਲ ਵਿਚ ਸੰਨਿਆਸੀ ਲੋਕਾਂ ਦੀ ਜੀਵਨ-ਸ਼ੈਲੀ, ਕਰਮਕਾਂਡ ਅਤੇ ਆਚਾਰ-ਸੰਹਿਤਾ ਦੀ ਇਕ ਆਲੋਚਨਾਤਮਕ ਤਸਵੀਰ ਪੇਸ਼ ਕੀਤੀ ਹੈ।

ਨਾਵਲੀ ਬਿਰਤਾਂਤ ਅਨੁਸਾਰ ਸੱਚਿਦਾਨੰਦ ਪਿੰਡ ਵਿਚ ਰਹਿਣ ਵਾਲੀ ਇਕ ਔਰਤ ਰਾਮਦੇਈ ਦਾ ਪੁੱਤਰ ਸੀ। ਰਾਮਦੇਈ ਦੇ ਕੋਈ ਔਲਾਦ ਨਹੀਂ ਸੀ ਅਤੇ

ਉਸਨੇ ਆਪਣੇ ਪਿੰਡ ਦੇ ਡੇਰੇ ਵਿਚ ਬਣੀ ਕਿਸੇ ਪੀਰ ਦੀ ਸਮਾਧ ਅੱਗੇ ਸੁੱਖਣਾ ਸੁੱਖੀ ਸੀ ਕਿ ਜੇ ਉਸਦੇ ਔਲਾਦ ਹੋ ਜਾਵੇ ਤਾਂ ਉਹ ਆਪਣੇ ਬੱਚੇ ਨੂੰ ਉਸ ਪੀਰ ਦੀ ਸਮਾਧ ਉੱਤੇ ਚੜ੍ਹਾ ਦੇਵੇਗੀ। ਪਰਮਾਤਮਾ ਦੀ ਮਰਜ਼ੀ ਅਨੁਸਾਰ ਉਸ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਪਰੰਤੂ ਉਸਨੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪੀਰ ਦੀ ਦਰਗਾਹ ਉੱਤੇ ਨਾ ਚੜ੍ਹਾਇਆ। ਲੋਕਾਂ ਵਿਚ ਇਸ ਗੱਲ ਦੀ ਚਰਚਾ ਹੋਣ ਲੱਗੀ ਅਤੇ ਬਾਅਦ ਵਿਚ ਕਰਨੀ ਅਜਿਹੀ ਵਾਪਰੀ ਕਿ ਪਹਿਲਾਂ ਉਸਦਾ ਪਤੀ ਰਾਮਸਰਨ ਅਤੇ ਫਿਰ ਉਸਦਾ ਛੋਟਾ ਪੁੱਤਰ ਚਲਾਣਾ ਕਰ ਗਏ। ਹੁਣ ਰਾਮਦੇਈ ਬਹੁਤ ਘਬਰਾ ਗਈ ਅਤੇ ਆਪਣੇ ਤਿੰਨ-ਚਾਰ ਵਰ੍ਹਿਆਂ ਦੇ ਪੁੱਤਰ ਬਿੱਲੂ ਨੂੰ ਡੇਰੇ ਦੇ ਸਵਾਮੀ ਰਾਉਣੀ ਸਾਧ ਦੀ ਸੇਵਾ ਵਿਚ ਅਰਪਿਤ ਕਰ ਆਈ। ਰਾਉਣੀ ਸਾਧ ਇਕ ਸਾਧਾਰਣ ਜਿਹਾ ਵਿਅਕਤੀ ਸੀ। ਉਹ ਬਹੁਤੇ ਕਰਮ-ਕਾਂਡਾਂ ਨੂੰ ਨਹੀਂ ਸੀ ਮੰਨਦਾ। ਇਕ ਵਾਰ ਉਸਦੇ ਡੇਰੇ ਵਿਚ ਇਕ ਹੋਰ ਘੁਮੱਕੜ ਸਾਧੂ ਕ੍ਰਿਸ਼ਨਾਨੰਦ ਆਉਂਦਾ ਹੈ ਅਤੇ ਬਿੱਲੂ ਨੂੰ ਆਪਣੇ ਨਾਲ ਲੈ ਜਾਂਦਾ ਹੈ। ਰਾਉਣੀ ਸਾਧ ਨੇ ਸੋਚਿਆ ਕਿ ਕ੍ਰਿਸ਼ਨਾਨੰਦ, ਬਿੱਲੂ ਨੂੰ ਸੰਨਿਆਸ ਆਸ਼ਰਮ ਬਾਰੇ ਭਰਪੂਰ ਗਿਆਨ ਦੇ ਦੇਵੇਗਾ। ਇਸ ਲਈ ਉਸ ਨੇ ਬਿੱਲੂ ਨੂੰ ਉਸਦੇ ਨਾਲ ਜਾਣ ਦੇ ਦਿੱਤਾ। ਕ੍ਰਿਸ਼ਨਾਨੰਦ ਦਾ ਆਸ਼ਰਮ ਦੂਰ ਪਹਾੜਾਂ ਵਿਚ ਸਥਿਤ ਸੀ। ਉਸ ਨੇ ਬਿੱਲੂ ਨੂੰ ਇਕ ਨਵਾਂ ਨਾਮ ਸੱਚਿਦਾਨੰਦ ਦੇ ਕੇ ਉਸ ਨੂੰ ਪੂਜਾ-ਅਰਚਨਾ ਦੀਆਂ ਸਭ ਵਿਧੀਆਂ ਸਿਖਾ ਦਿੱਤੀਆਂ। ਉਸਨੇ ਦੱਸਿਆ ਕਿ ਇਕ ਸੰਨਿਆਸੀ ਦਾ ਸਭ ਤੋਂ ਵੱਡਾ ਦੁਸ਼ਮਣ ਕਾਮ ਹੁੰਦਾ ਹੈ। ਕਾਮ-ਜਜ਼ਬੇ ਨੂੰ ਠਲ੍ਹ ਪਾਉਣ ਲਈ ਉਸ ਨੇ ਸੱਚਿਦਾਨੰਦ ਦੀ ਲਿੰਗ-ਇੰਦਰੀ ਨੂੰ ਲੋਹੇ ਦੇ ਇਕ ਵੱਡੇ ਕੜੇ ਨਾਲ ਪਰੁੰਨ ਦਿੱਤਾ। ਹੁਣ ਇਹ ਇੰਦਰੀ ਨਿਰਜੀਵ ਮਾਸ ਦਾ ਇਕ ਲੋਥੜਾ ਬਣ ਕੇ ਰਹਿ ਗਈ।

ਕ੍ਰਿਸ਼ਨਾਨੰਦ ਨੇ ਸੱਚਿਦਾਨੰਦ ਨੂੰ ਇਕ ਮਹਾਨ ਸੰਤ ਬਣਾਉਣ ਦੀ ਠਾਣੀ ਹੋਈ ਸੀ। ਇਸ ਲਈ ਉਸ ਨੇ ਸੱਚਿਦਾਨੰਦ ਨੂੰ ਇਕ ਪਹਾੜ ਦੀ ਗੁਫ਼ਾ ਵਿਚ ਭਗਤੀ ਕਰਨ ਲਈ ਇਕੱਲਿਆਂ ਛੱਡ ਦਿੱਤਾ। ਨੇੜੇ ਹੀ ਇਕ ਹੋਰ ਗ੍ਰਿਹਸਥੀ ਸਾਧੂ ਸ਼ੁਕਨ ਦਾ ਆਸ਼ਰਮ ਸੀ, ਜਿਸ ਦੀ ਇਕ ਮੁਟਿਆਰ ਧੀ ਮੇਰੂ ਸੀ। ਆਸ਼ਰਮ ਦੇ ਆਸ-ਪਾਸ ਭ੍ਰਮਣ ਕਰਦਿਆਂ ਇਕ ਦਿਨ ਮੇਰੂ ਸੱਚਿਦਾਨੰਦ ਨੂੰ ਦੇਖ ਲੈਂਦੀ ਹੈ ਅਤੇ ਉਸ ਉੱਤੇ ਮੋਹਿਤ ਹੋ ਜਾਂਦੀ ਹੈ। ਸੱਚਿਦਾਨੰਦ ਦੇ ਮਨ ਵਿਚ ਵੀ ਪ੍ਰੇਮ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ ਪਰੰਤੂ ਉਹ ਆਪਣੀ ਖੰਡਿਤ ਲਿੰਗ-ਇੰਦਰੀ ਦੇ ਕਾਰਨ ਮੇਰੂ ਨੂੰ ਕਿਵੇਂ ਅਪਣਾਵੇ? ਜਦੋਂ ਮੇਰੂ ਉਸ ਅੱਗੇ ਆਪਣੇ ਤੀਬਰ ਪ੍ਰੇਮ ਦਾ ਇਜ਼ਹਾਰ ਕਰਦੀ ਹੈ, ਤਾਂ ਸੱਚਿਦਾਨੰਦ ਉਸ ਨੂੰ ਆਪਣੀ ਇਸ ਨਪੁੰਸਕ ਇੰਦਰੀ ਦੇ ਦਰਸ਼ਨ ਕਰਵਾ ਦਿੰਦਾ ਹੈ। ਮੇਰੂ ਉਸਨੂੰ ਲਾਅਨਤ-ਮਲਾਮਤ ਕਰ ਕੇ ਛੱਡ ਜਾਂਦੀ ਹੈ।

ਹੁਣ ਸੱਚਿਦਾਨੰਦ ਵੀ ਆਪਣੇ ਜੀਵਨ ਦੇ ਖ਼ੌਫ਼ਨਾਕ ਸੱਚ ਤੋਂ ਪਰਿਚਿਤ ਹੋ ਜਾਂਦਾ ਹੈ। ਉਸ ਨਾਲ ਤਾਂ ਉਹ ਬਣੀ ਸੀ : ਦੁਬਿਧਾ ਮਹਿ ਦੋਨੋਂ ਗਏ ਮਾਇਆ ਮਿਲੀ ਨਾ ਰਾਮ। ਹੁਣ ਉਹ ਸੰਨਿਆਸੀ ਜੀਵਨ ਤੋਂ ਬਿਲਕੁਲ ਉਪਰਾਮ ਹੋ ਜਾਂਦਾ ਹੈ

ਅਤੇ ਆਪਣੀ ਗੁਫ਼ਾ ਨੂੰ ਛੱਡ ਕੇ ਆਪਣੇ ਗੁਰੂ ਸ੍ਰੀ ਕ੍ਰਿਸ਼ਨਾਨੰਦ ਦੇ ਆਸ਼ਰਮ ਵਿਚ ਪਹੁੰਚ ਜਾਂਦਾ ਹੈ। ਉਹ ਦੇਖਦਾ ਹੈ ਕਿ ਕ੍ਰਿਸ਼ਨਾਨੰਦ ਬਹੁਤ ਬੁੱਢਾ ਅਤੇ ਕਮਜ਼ੋਰ ਹੋ ਗਿਆ ਹੈ ਪਰ ਅਜੇ ਵੀ ਉਸਦੇ ਚਿਹਰੇ ਉੱਪਰ ਅਜਿਹਾ ਕੋਈ ਲੱਛਣ ਨਹੀਂ ਹੈ ਕਿ ਉਸਨੇ ਪਰਮਾਤਮਾ ਨੂੰ ਪਾ ਲਿਆ ਹੈ। ਉਸਨੂੰ ਸੰਨਿਆਸੀ ਜੀਵਨ ਨਾਲ ਘ੍ਰਿਣਾ ਹੋ ਜਾਂਦੀ ਹੈ ਅਤੇ ਉਹ ਆਪਣੇ ਘਰ-ਪਰਿਵਾਰ ਵਿਚ ਵਾਪਸ ਪਰਤ ਜਾਣਾ ਚਾਹੁੰਦਾ ਹੈ। ਕ੍ਰਿਸ਼ਨਾਨੰਦ ਉਸ ਨੂੰ ਉਸੇ ਪਿੰਡ ਦੇ ਡੇਰੇ ਵਿਚ ਲੈ ਆਉਂਦਾ ਹੈ, ਜਿਥੋਂ ਉਹ ਉਸਨੂੰ ਲੈ ਕੇ ਗਿਆ ਸੀ। ਇਥੇ ਉਸ ਨੂੰ ਆਪਣੀ ਮਾਂ ਰਾਮਦੇਈ ਮਿਲ ਜਾਂਦੀ ਹੈ, ਜੋ ਉਸਨੂੰ ਘਰ ਵਸਾਉਣ ਲਈ ਆਖਦੀ ਹੈ ਪਰ ਸੱਚਿਦਾਨੰਦ ਘਰ ਕਿਵੇਂ ਵਸਾ ਸਕਦਾ ਸੀ! ਹੁਣ ਤਾਂ ਉਹ ਇਕ ਸੰਨਿਆਸੀ ਵਾਲੀ ਬੇਕਾਰ ਅਤੇ ਅਰਥਹੀਣ ਜ਼ਿੰਦਗੀ ਬਿਤਾਉਣ ਲਈ ਵਿਵੱਸ਼ ਸੀ।

ਇਉਂ ਇਸ ਨਾਵਲ ਵਿਚ ਲੇਖਕ ਨੇ ਬੜੀ ਤਰਕਸ਼ੀਲ ਸੋਚ ਦੁਆਰਾ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੰਨਿਆਸ-ਆਸ਼ਰਮ ਦੀ ਕੋਈ ਅਧਿਆਤਮਕ ਸਾਰਥਿਕਤਾ ਨਹੀਂ ਹੈ। ਆਮ ਆਦਮੀਆਂ ਨੂੰ ਸੰਨਿਆਸੀਆਂ ਦੀ ਜੀਵਨ-ਸ਼ੈਲੀ ਸੰਮੋਹਿਤ ਤਾਂ ਕਰਦੀ ਹੈ, ਉਹ ਸੰਨਿਆਸੀਆਂ ਦਾ ਸਤਿਕਾਰ ਵੀ ਕਰਦੇ ਹਨ ਪਰੰਤੂ ਹਕੀਕਤ ਇਹ ਹੈ ਕਿ ਸੰਨਿਆਸੀਆਂ ਪਾਸ ਕੋਈ ਲੁਪਤ-ਸ਼ਕਤੀ ਨਹੀਂ ਹੁੰਦੀ। ਉਹ ਆਪਣੀ ਅਸਾਧਾਰਣ ਜੀਵਨ-ਸ਼ੈਲੀ ਅਤੇ ਪੂਜਾ-ਅਰਚਨਾ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਵੀ ਨਹੀਂ ਕਰ ਸਕਦੇ। ਸਮਾਜਿਕ-ਆਰਥਿਕ ਗਤੀਵਿਧੀਆਂ ਵਿਚ ਇਨ੍ਹਾਂ ਦਾ ਕੋਈ ਬਹੁਤਾ ਯੋਗਦਾਨ ਨਹੀਂ ਹੁੰਦਾ। ਇਨ੍ਹਾਂ ਲੋਕਾਂ ਦੀ ਇਕ ਆਪਣੀ ਵੱਖਰੀ ਜਿਹੀ ਜ਼ਿੰਦਗੀ ਹੁੰਦੀ ਹੈ ਅਤੇ ਇਹ ਆਪਣੇ ਵਰਗੇ ਕੁਝ ਹੋਰ ਸੰਨਿਆਸੀਆਂ ਦੇ ਸਨਮੁਖ ਹੀ ਪ੍ਰਾਣਿਕਤਾ ਹਾਸਲ ਕਰਦੇ ਹਨ। ਆਪਣੇ ਇਸ ਵਿਚਾਰ ਨੂੰ ਰੇਖਾਂਕਿਤ ਕਰਨ ਲਈ ਦਰਸ਼ਨ ਮਿਤਵਾ ਨੇ ਇਕ ਸੰਨਿਆਸੀ ਆਚਾਰੀਆ ਸ਼ੁਕਨ ਦੇ ਕਥਨ ਨੂੰ ਉਧਰਿਤ ਵੀ ਕੀਤਾ ਹੈ। ਰਿਸ਼ੀ ਸ਼ੁਕਨ ਆਪਣੀ ਪਤਨੀ ਸੁਰੇਣਾ ਨੂੰ ਕਹਿੰਦਾ ਹੈ :

> "ਮੇਰਾ ਮਨ ਅਜੇ ਵੀ ਡਰ ਰਿਹੈ, ਸੁਰੈਣਾ। ਅੱਜ ਕੱਲ੍ਹ ਪਤਾ ਨਹੀਂ ਮੈਨੂੰ ਕੀ ਹੁੰਦਾ ਜਾ ਰਿਹੈ। ਨਿੱਕੀ-ਨਿੱਕੀ ਗੱਲੋਂ ਮਨ ਪਰੇਸ਼ਾਨ ਹੋ ਉੱਠਦਾ ਹੈ।......ਕਦੇ-ਕਦੇ ਮੈਂ ਸੋਚਦਾਂ ਕਿ ਸੋਡੇ ਨਾਲੋਂ ਤਾਂ ਆਮ ਆਦਮੀ ਵੀ ਮਜ਼ਬੂਤ ਹੈ। ਉਹ ਸਾਰੇ ਦੁਖ-ਸੁਖ ਝੱਲ ਜਾਂਦਾ ਹੈ। ਫੇਰ ਵੀ ਡੋਲਦਾ ਨਹੀਂ।"
>
> "ਉਹ ਸੰਸਾਰੀ ਲੋਕ ਨੇ।".....
>
> "ਮੈਨੂੰ ਲੱਗਦਾ ਹੈ, ਦੁਨਿਆਵੀ ਲੋਕ ਹਰ ਦੁਖ-ਸੁਖ ਵਿਚ ਸਾਡੇ ਨਾਲੋਂ ਜਲਦੀ ਸਹਿਜ ਹੋ ਜਾਂਦੇ ਨੇ।.....ਅਸੀਂ ਉਨ੍ਹਾਂ ਨਾਲੋਂ ਕਮਜ਼ੋਰ ਹਾਂ। ਜਿਉਂ-ਜਿਉਂ ਅਸੀਂ ਆਪਣੇ ਆਪ ਨੂੰ ਪਰਮਾਤਮਾ ਦੇ ਨੇੜੇ ਹੋ ਗਏ ਮਹਿਸੂਸਦੇ ਹਾਂ, ਜਿਵੇਂ ਹੋਰ ਕਮਜ਼ੋਰ ਹੁੰਦੇ ਜਾ ਰਹੇ ਹੋਈਏ। ਪਤਾ ਨਹੀਂ ਇਹ ਸਭ ਸੱਚ ਹੈ ਜਾਂ ਝੂਠ, ਕਿ ਮੈਨੂੰ ਹੀ ਲੱਗ ਰਿਹਾ ਹੈ।" (ਪੰਨਾ 78)

'ਸੱਚਿਦਾਨੰਦ' ਇਕ ਖੱਲ੍ਹੇ ਅੰਤ ਵਾਲੀ ਰਚਨਾ ਹੈ। ਨਾਵਲਕਾਰ ਦੁਆਰਾ ਅੰਤ ਕਰ ਦੇਣ ਦੇ ਬਾਵਜੂਦ ਇਹ ਸਮਾਪਤ ਨਹੀਂ ਹੁੰਦਾ। ਇਕ ਤਰਫ਼ ਤਾਂ ਸੱਚਿਦਾਨੰਦ ਰਿਸ਼ੀਆਂ-ਮੁਨੀਆ ਵਾਲੇ ਸਾਰੇ ਆਡੰਬਰਾਂ ਨੂੰ ਵਗਾਹ ਪਰ੍ਹੇ ਮਾਰਨਾ ਚਾਹੁੰਦਾ ਹੈ ਪਰ ਦੂਜੇ ਪਾਸੇ ਪਿੰਡ ਵਿਚ ਉਸਦੇ -- ਇਕ ਪਹੁੰਚੇ ਹੋਏ ਰਿਸ਼ੀ ਦੇ-- ਆਉਣ ਦੀ ਦੁਹਾਈ ਮੱਚ ਜਾਂਦੀ ਹੈ ਅਤੇ ਲੋਕ ਹੁਮ ਹੁਮਾ ਕੇ ਉਸਦੇ ਦਰਸ਼ਨਾਂ ਲਈ ਵਹੀਰਾਂ ਘੱਤ ਦਿੰਦੇ ਹਨ। ਲੇਖਕ ਦਰਸਾਉਂਦਾ ਹੈ ਕਿ ਇਕ ਵਾਰ ਰਿਸ਼ੀਆਂ ਦਾ ਭੇਸ ਧਾਰਨ ਕਰਨ ਤੋਂ ਬਾਅਦ ਇਸ ਨੂੰ ਤਿਆਗਿਆ ਨਹੀਂ ਜਾ ਸਕਦਾ। ਇਸ ਪ੍ਰਥਾਇ ਸ਼ੇਖ ਫ਼ਰੀਦ ਜੀ ਨੇ ਫੁਰਮਾਇਆ ਸੀ:

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ॥
ਬੰਨਿ ਉਠਾਈ ਪੋਟਲੀ ਕਿਥੈ ਵੰਞਾਂ ਘਤਿ॥੨॥

ਲੇਖਕ ਨੇ ਆਪਣੇ ਇਸ ਨਾਵਲ ਵਿਚ ਰਿਸ਼ੀਆਂ-ਮੁਨੀਆਂ ਦੇ ਜੀਵਨ ਦੀ ਮਰਯਾਦਾ ਅਤੇ ਨਿਤ-ਕਰਮ ਬਾਰੇ ਬੜੇ ਅਧਿਕਾਰ ਨਾਲ ਲਿਖਿਆ ਹੈ ਅਤੇ ਇਸ ਮੰਤਵ ਲਈ ਆਪਣੀ ਭਾਸ਼ਾ ਦੇ ਸਤਰ ਨੂੰ ਵੀ ਕਾਫ਼ੀ ਉੱਚਾ ਚੁੱਕਿਆ ਹੈ। ਆਮ ਬੋਲ-ਚਾਲ ਦੀ ਭਾਸ਼ਾ ਵਿਚ ਲਿਖਣ ਦੀ ਬਜਾਇ ਉਸ ਨੇ ਆਪਣੇ ਇਸ ਨਾਵਲ ਨੂੰ ਰਸਮੀ, ਸੰਕਲਪਗਤ ਅਤੇ ਭਵਯ ਭਾਸ਼ਾ ਦੇ ਮਾਧਿਅਮ ਦੁਆਰਾ ਵਿਉਂਤਬੱਧ ਕੀਤਾ ਹੈ। ਇਹ ਵੀ ਇਕ ਵਿਡੰਬਨਾ (irony) ਹੀ ਰਹੇਗੀ ਕਿ ਰਿਸ਼ੀਆਂ-ਮੁਨੀਆਂ ਦੀ ਜਿਸ ਜੀਵਨ-ਸ਼ੈਲੀ ਨੂੰ ਉਸਨੇ ਬੜੇ ਸਤਿਕਾਰ ਨਾਲ ਚਿਤਰਿਆ ਹੈ, ਨਾਵਲਕਾਰ ਦੀ ਮਨਸ਼ਾ (intention) ਉਸੇ ਜੀਵਨ-ਸ਼ੈਲੀ ਦਾ ਖੰਡਨ ਕਰਦੀ ਹੈ। ਇਉਂ ਇਹ ਰਚਨਾ ਵਿਰੋਧਾਭਾਸ (paradox) ਦੀ ਸਿਰਜਣਾ ਕਰਦੀ ਹੈ।

ਦਰਸ਼ਨ ਮਿਤਵਾ ਦੀ ਨਾਵਲ ਯਾਤਰਾ ਦੇ ਇਤਿਹਾਸਕ ਸਰਵੇਖਣ ਤੋਂ ਬਾਅਦ ਸਾਡੇ ਲਈ ਇਸ ਨਿਸ਼ਕਰਸ਼ ਤੇ ਪਹੁੰਚਣਾ ਔਖਾ ਨਹੀਂ ਕਿ ਉਸਨੇ ਪੰਜਾਬੀ ਜਨ-ਜੀਵਨ ਦੇ ਕੁਝ ਉਨ੍ਹਾਂ ਧਰਾਤਲਾਂ ਦੀ ਨਿਸ਼ਾਨਦੇਹੀ ਅਤੇ ਅੱਕਾਸੀ ਕੀਤੀ ਹੈ, ਜਿਨ੍ਹਾਂ ਉੱਤੇ ਅੱਜ ਤੱਕ ਕਿਸੇ ਹੋਰ ਨਾਵਲਕਾਰ ਦੀ ਨਜ਼ਰ ਨਹੀਂ ਸੀ ਗਈ। ਉਹ ਆਪਣੇ ਆਪ ਨੂੰ ਦੁਹਰਾਉਣ ਦੀ ਉਪਭਾਵੁਕ ਭੁੱਲ ਵੀ ਕਦੇ ਨਹੀਂ ਕਰਦਾ। ਕਿਉਂਕਿ ਬਾਜ਼ੇ ਲੇਖਕ ਆਪਣੀ ਕਿਸੇ ਲੋਕ-ਪ੍ਰਵਾਨਿਤ ਰਚਨਾ ਜਾਂ ਵੱਥ-ਕੱਥ ਨੂੰ ਦੁਹਰਾਉਣ ਲੱਗਦੇ ਹਨ। ਪਰੰਤੂ ਦਰਸ਼ਨ ਮਿਤਵਾ ਨੇ ਸਦੈਵ ਨਵੇਂ ਰਾਹਾਂ ਦੀ ਤਲਾਸ਼ ਕੀਤੀ ਹੈ। ਇਹ ਨਵੇਂ ਰਾਹ ਗਾਡੀ-ਰਾਹ ਬਣਦੇ ਹਨ ਜਾਂ ਨਹੀਂ; ਇਸ ਗੱਲ ਦੀ ਉਸਨੂੰ ਕੋਈ ਚਿੰਤਾ ਨਹੀਂ ਹੈ। ਉਸਦਾ ਮਕਸਦ ਹੈ, ਆਪਣੀ ਰਚਨਾਤਮਕ ਯਾਤਰਾ ਨੂੰ ਜਾਰੀ ਰੱਖਣਾ, ਮੰਜ਼ਿਲ ਦੀ ਤਲਾਸ਼ ਵਿਚ ਅੱਗੇ ਵਧਦੇ ਜਾਣਾ। ਇਹ ਕੰਮ ਉਹ ਪੂਰੀ ਪ੍ਰਤੀਬੱਧਤਾ ਨਾਲ ਕਰ ਰਿਹਾ ਹੈ।

◻

ਦਰਸ਼ਨ ਮਿਤਵਾ ਦਾ ਬ੍ਰਿਤਾਂਤ ਸ਼ਾਸਤਰ

ਦਰਸ਼ਨ ਮਿਤਵਾ ਨਿਰੰਤਰ ਸਿਰਜਣਾ ਕਰਨ ਵਾਲਾ ਇਕ ਬਹੁਵਿਧਾਈ ਲੇਖਕ ਹੈ। ਉਸਨੇ ਅਖਬਾਰਾਂ ਅਤੇ ਰਿਸਾਲਿਆਂ ਲਈ 1972-73 ਈ. ਤੋਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। 1979-80 ਈ. ਤੋਂ ਬਾਅਦ ਉਸਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਹੋਣ ਲੱਗੀਆਂ। ਉਹ ਹੁਣ ਤਕ ਅੱਠ ਨਾਵਲ, ਛੇ ਕਹਾਣੀ ਸੰਗ੍ਰਹਿ, ਸਤਾਰਾਂ ਨਾਟਕ ਅਤੇ ਇਕਾਂਗੀ, ਇਕ ਮਿੰਨੀ ਕਹਾਣੀ ਸੰਗ੍ਰਹਿ ਅਤੇ ਇਕ-ਦੋ ਲੇਖ ਸੰਗ੍ਰਹਿ ਪ੍ਰਕਾਸ਼ਿਤ ਕਰ ਚੁੱਕਾ ਹੈ। ਹਿੰਦੀ ਭਾਸ਼ਾ ਵਿਚ ਵੀ ਉਸਦੇ ਚਾਰ ਨਾਵਲ ਅਤੇ ਏਨੇ ਕੁ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਨਿਮਨ ਮਧਸ਼੍ਰੇਣੀ ਨਾਲ ਸੰਬੰਧ ਰੱਖਣ ਵਾਲਾ ਹਰ ਨਵਯੁਵਕ ਸਾਹਿਤ-ਸਿਰਜਣਾ ਦੇ ਖੇਤਰ ਵਿਚ ਆਪਣਾ ਪਹਿਲਾ ਕਦਮ ਕਵਿਤਾ ਦੇ ਖੇਤਰ ਵਿਚ ਪੁੱਟਦਾ ਹੈ। ਪਤਾ ਨਹੀਂ ਕਿਉਂ ਮਿਤਵਾ ਨੇ ਇਸ ਖੇਤਰ ਵਿਚ ਆਪਣੀ ਕਲਮ ਨੂੰ ਨਹੀਂ ਅਜ਼ਮਾਇਆ। ਸ਼ਾਇਦ ਉਹ ਪਲਾਇਣਵਾਦੀ (Escapist) ਨਹੀਂ ਸੀ। ਕਾਵਿ-ਕਰਮ ਰਾਹੀਂ ਆਪਣੇ ਜੀਵਨ ਦੀਆਂ ਸਮੱਸਿਆਵਾਂ ਅਤੇ ਦੁਸ਼ਵਾਰੀਆਂ ਤੋਂ ਮੁਕਤੀ ਪਾਉਣ ਦੇ ਇੱਛਕ ਬਹੁਤੇ ਲੇਖਕ ਪਲਾਇਣਵਾਦੀ ਹੁੰਦੇ ਹਨ। ਪ੍ਰੰਤੂ ਦਰਸ਼ਨ ਮਿਤਵਾ ਜੀਵਨ ਦੀਆਂ ਵਿਪਰੀਤ ਸਥਿਤੀਆਂ ਅਤੇ ਵਿਸੰਗਤੀਆਂ ਦੇ ਵਿਰੁੱਧ ਡਟ ਕੇ ਆਢਾ ਲਾਉਣ ਵਾਲਾ ਇਕ ਪਰਾਕ੍ਰਮੀ ਅਤੇ ਜੁਝਾਰੂ ਵਿਅਕਤੀ ਹੈ। ਉਸਨੇ ਛੋਟੀ ਉਮਰ ਵਿਚ ਹੀ ਇਸ ਤੱਥ ਨੂੰ ਜਾਣ-ਸਮਝ ਲਿਆ ਸੀ ਕਿ ਕਬੂਤਰ ਵਾਂਗ ਕਿਸੇ ਮੁਸੀਬਤ ਰੂਪੀ ਬਿੱਲੀ ਤੋਂ ਅੱਖਾਂ ਮੀਟ ਕੇ ਨਹੀਂ ਬਚਿਆ ਜਾ ਸਕਦਾ, ਬਲਕਿ ਪੂਰੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਇਸ ਉਪਰ ਝਪਟਣਾ ਪੈਂਦਾ ਹੈ। ਦਰਸ਼ਨ ਮਿਤਵਾ ਅਜੇ ਤਕ ਇਸੇ ਪੈਂਤੜੇ ਉਤੇ ਡਟਿਆ ਹੋਇਆ ਹੈ। ਉਸ ਦੀਆਂ ਵੱਖ-ਵੱਖ ਰਚਨਾਵਾਂ ਜੀਵਨ ਦੇ ਵੱਖਰੇ-ਵੱਖਰੇ ਮੋੜਾਂ ਤੋਂ ਗੁਜ਼ਰਦੇ ਹੋਏ ਪੈਦਾ ਹੋਣ ਵਾਲੇ ਇਹਸਾਸਾਂ ਦਾ ਨਿਰੂਪਣ ਹਨ।

ਜੇ ਦਰਸ਼ਨ ਮਿਤਵਾ ਦੇ ਰਚਨਾਤਮਕ ਭੰਡਾਰ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਉਸਨੇ ਸਭ ਤੋਂ ਵੱਧ ਗਿਣਤੀ ਵਿਚ ਨਾਵਲ/ਨਾਵਲੈੱਟ ਲਿਖੇ ਹਨ। ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਸ ਰੂਪਾਕਾਰ ਦੀ ਉਮਰ ਇਕ ਸਦੀ ਤੋਂ ਵੱਧ ਲੰਬੀ ਹੋ ਚੁੱਕੀ ਹੈ; ਭਾਈ ਵੀਰ ਸਿੰਘ ਦੇ ਧਾਰਮਿਕ ਨਾਵਲ ਉਨੀਵੀਂ ਸਦੀ ਦੇ ਆਖਰੀ ਦਹਾਕੇ ਵਿਚ ਪ੍ਰਕਾਸ਼ਿਤ ਹੋਣ ਲੱਗ ਪਏ ਸਨ। ਉਨ੍ਹਾਂ ਤੋਂ ਬਾਅਦ ਸ. ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਸੋਹਣ ਸਿੰਘ ਸੀਤਲ,

ਨਰਿੰਦਰਪਾਲ ਸਿੰਘ, ਹਰਨਾਮ ਦਾਸ ਸਹਿਰਾਈ, ਨਰਿੰਜਨ ਤਸਨੀਮ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ, ਓਮ ਪ੍ਰਕਾਸ਼ ਗਾਸੋ ਅਤੇ ਰਾਮ ਸਰੂਪ ਅਣਖੀ ਇਸ ਰੂਪਾਕਾਰ ਦੇ ਪ੍ਰਸਿੱਧ ਲੇਖਕ ਹੋਏ ਹਨ। ਇਸਤ੍ਰੀ-ਨਾਵਲਕਾਰਾਂ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਬਲਜੀਤ ਕੌਰ ਬਲੀ ਅਤੇ ਅਜੀਤ ਕੌਰ ਦਾ ਨਾਮ ਲਿਆ ਜਾ ਸਕਦਾ ਹੈ। ਕੁਝ ਪ੍ਰਵਾਸੀ ਨਾਵਲਕਾਰ ਜਿਵੇਂ ਸਵਰਨ ਚੰਦਨ, ਦਰਸ਼ਨ ਸਿੰਘ ਧੀਰ ਅਤੇ ਹਰਜੀਤ ਅਟਵਾਲ ਵੀ ਇਸ ਖੇਤਰ ਵਿਚ ਨਿਰੰਤਰ ਯੋਗਦਾਨ ਪਾ ਰਹੇ ਹਨ। ਇਨ੍ਹਾਂ ਉੱਘੇ ਲੇਖਕਾਂ ਤੋਂ ਬਿਨਾਂ ਹੋਰ ਵੀ ਦਰਜਨਾਂ ਅਜਿਹੇ ਲੇਖਕ ਹਨ ਜਿਨ੍ਹਾਂ ਨੇ ਆਪਣੇ ਅਨੁਭਵ ਦੀ ਮੌਲਿਕਤਾ ਅਤੇ ਅਭਿਵਿਅਕਤੀ ਦੀ ਵਿਸਿਸ਼ਿਟਤਾ ਦੁਆਰਾ ਇਸ ਰੂਪਾਕਾਰ ਦੇ ਖੇਤਰ ਵਿਚ ਆਪਣੀ ਵਿਲੱਖਣ ਛਾਪ ਛੱਡੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਵਿਕਸਿਤ ਦੇਸ਼ਾਂ ਦੇ ਲੇਖਕ ਨਾਵਲ-ਲੇਖਣ ਤੋਂ ਮੂੰਹ ਮੋੜ ਗਏ ਹਨ। ਅਸਲ ਵਿਚ ਪੂੰਜੀਵਾਦ ਦੇ ਇਕ ਖਾਸ ਦੌਰ ਤਕ ਪਹੁੰਚਣ ਤੱਕ ਹੀ ਨਾਵਲ-ਲੇਖਣ ਦੀ ਪ੍ਰਾਸੰਗਿਕਤਾ ਰਹਿੰਦੀ ਹੈ। ਜਦੋਂ ਇਹ ਉਸ ਦੌਰ ਤੋਂ ਅੱਗੇ ਲੰਘ ਜਾਵੇ, ਉਪਭੋਗਤਾਵਾਦ ਆ ਜਾਵੇ, ਬਹੁਕੌਮੀ ਕੰਪਨੀਆਂ ਬਾਜ਼ਾਰ ਵਿਚ ਆ ਉੱਤਰਣ, ਚਾਰੇ ਪਾਸੇ ਮੰਡੀ-ਤੰਤਰ ਦਾ ਬੋਲਬਾਲਾ ਹੋ ਜਾਵੇ, ਤਾਂ ਨਾਵਲ-ਲੇਖਣ ਕਾਫ਼ੀ ਕਠਿਨ ਹੋ ਜਾਂਦਾ ਹੈ। ਨਾਵਲ ਵਿਚ ਕਿਸੇ ਵਿਸ਼ਿਸ਼ਿਟ ਵਿਅਕਤੀ (Individual) ਦਾ ਚ੍ਰਿਤਣ ਹੁੰਦਾ ਹੈ ਪਰ ਅਜੋਕੇ ਉਪਭੋਗਤਾਵਾਦੀ ਪਰਿਵੇਸ਼ ਵਿਚ ਵਿਸ਼ਿਸ਼ਟ ਵਿਅਕਤੀ ਬਚਿਆ ਹੀ ਕਿੱਥੇ ਹੈ! ਮੰਡੀ-ਤੰਤਰ ਨੇ ਉਸਦੀ ਵਿਅਕਤਿਕਤਾ ਨੂੰ ਹੜੱਪ ਲਿਆ ਹੈ। ਬਾਜ਼ਾਰ ਨੇ ਵਿਅਕਤੀਆਂ ਦੀ ਕਲੋਨਿੰਗ ਕਰ ਦਿੱਤੀ ਹੈ। ਮੀਡੀਆ ਦੇ ਪ੍ਰਭਾਵ ਅਧੀਨ ਸਾਰੇ ਵਿਅਕਤੀ ਇਕੋ ਜਿਹੇ, ਸਮਰੂਪ ਹੋ ਗਏ ਹਨ। ਸੋ ਨਾਵਲ ਲਿਖਿਆ ਜਾਵੇ ਤਾਂ ਕਿਸ ਵਿਅਕਤੀ ਬਾਰੇ? ਪਰੰਤੂ ਇਧਰ ਸਾਡੇ ਵਿਕਾਸਸ਼ੀਲ ਦੇਸ਼ਾਂ ਵਿਚ ਪੂੰਜੀਵਾਦ ਅਜੇ ਮੁਢਲੀ ਸਟੇਜ ਵਿਚ ਹੈ, ਸਾਡੇ ਦੇਸ਼ ਦੇ ਕਈ ਭਾਗਾਂ ਵਿਚ ਤਾਂ ਅਜੇ ਤੱਕ ਜਾਗੀਰਦਾਰੀ ਵਿਵਸਥਾ ਵੀ ਪੂਰਨ ਭਾਂਤ ਨਹੀਂ ਟੁੱਟੀ, ਜਿਸ ਕਾਰਨ ਕਿੱਸਾ ਕਾਵਿ ਵਰਗੇ ਜਾਗੀਰਦਾਰੀ ਸਮਾਜ ਦੇ ਰੂਪਾਕਾਰ ਵੀ ਲਿਖੇ ਜਾ ਰਹੇ ਹਨ ਅਤੇ ਇਸੇ ਕਾਰਨ ਨਾਵਲ ਵੀ ਵੱਡੀ ਗਿਣਤੀ ਵਿਚ ਲਿਖਿਆ ਅਤੇ ਪੜ੍ਹਿਆ ਜਾ ਰਿਹਾ ਹੈ। ਨਾਵਲ ਨੂੰ ਪੂੰਜੀਵਾਦੀ ਯੁਗ ਦਾ ਮਹਾਂਕਾਵਿ ਵੀ ਕਿਹਾ ਜਾਂਦਾ ਹੈ। ਪੂੰਜੀਵਾਦੀ ਯੁਗ ਆਪਣੇ ਮੁਢਲੇ ਦੌਰ ਵਿਚ ਮਧਸ਼੍ਰੇਣਿਕ ਵਿਅਕਤੀ ਨੂੰ ਜਨਮ ਦਿੰਦਾ ਹੈ। ਇਸ ਵਿਅਕਤੀ ਦੇ ਅੰਤਰ-ਦਵੰਦ, ਕੁੰਠਾਵਾਂ ਅਤੇ ਮਨੋਗ੍ਰੰਥੀਆਂ ਨਾਵਲ ਦੀ ਵਸਤੂ-ਸਾਮਗਰੀ ਬਣਦੇ ਹਨ। ਹੁਣ ਪੱਛਮੀ (ਵਿਕਸਿਤ) ਪਰਿਵੇਸ਼ ਵਿਚੋਂ ਇਹ ਵਿਅਕਤੀ ਲੋਪ ਹੁੰਦਾ ਜਾ ਰਿਹਾ ਹੈ। ਇਸ ਲਈ ਪੱਛਮੀ ਲੇਖਕ ਨਾਵਲ ਤੋਂ ਬੇਰੁਖ਼ ਹੋ ਗਏ ਹਨ। ਪੱਛਮੀ ਦੇਸ਼ਾਂ ਵਿਚ ਪ੍ਰਕਾਸ਼ਿਤ ਹੋਣਵਾਲੇ ਬਹੁਤ ਨਾਵਲ ਆਵਾਸੀ (Immigrant) ਲੇਖਕਾਂ ਵਲੋਂ ਰਚੇ ਗਏ ਹੁੰਦੇ ਹਨ ਅਤੇ ਆਵਾਸੀ ਲੇਖਕ ਪੱਛਮੀ ਸਭਿਆਚਾਰ ਦੀ ਬਜਾਇ ਆਪੋ-ਆਪਣੇ ਦੇਸ਼ਾਂ ਦੀ

ਵਸਤੂ-ਸਥਿਤੀ ਨੂੰ ਆਪਣੇ ਨਾਵਲਾਂ ਦੀ ਵੱਥ (Content) ਬਣਾਉਂਦੇ ਹਨ।

ਦਰਸ਼ਨ ਮਿਤਵਾ ਦਾ ਨਾਵਲ-ਲੇਖਣ 1980 ਈ. ਦੇ ਆਸ-ਪਾਸ ਸ਼ੁਰੂ ਹੁੰਦਾ ਹੈ। ਉਸ ਸਮੇਂ ਦੇਸ਼ ਦੇ ਆਮ ਆਦਮੀ ਦਾ ਕਥਿਤ ਆਜ਼ਾਦੀ ਤੋਂ ਮੋਹਭੰਗ ਹੋ ਚੁੱਕਾ ਸੀ। ਪੁਰਾਣੇ ਦੇਸ਼ਭਗਤ ਨੇਤਾ ਇਕ-ਇਕ ਕਰ ਕੇ ਕਾਲਵਸ ਹੋ ਚੁਕੇ ਸਨ ਅਤੇ ਨਵੇਂ ਨੇਤਾਵਾਂ ਦਾ ਇਕੋ-ਇਕ ਆਦਰਸ਼ ਕੁਰਸੀ ਦੀ ਸਲਾਮਤੀ ਬਣ ਚੁੱਕਾ ਸੀ। ਨਵੇਂ ਨੇਤਾ ਬੜੀ ਢੀਠਤਾ ਨਾਲ ਕੁਰਸੀਆਂ ਨੂੰ ਚਿੰਬੜੇ ਹੋਏ ਸਨ। ਸਮਾਜ ਨੂੰ ਕਈ ਤਰ੍ਹਾਂ ਦੇ ਝੂਠੇ ਆਸ਼ਵਾਸਨ ਅਤੇ ਪ੍ਰਲੋਭਣ ਦੇ ਕੇ ਇਹ ਲੋਕ ਸੱਤਾ ਉੱਤੇ ਅਧਿਕਾਰ ਜਮਾਈ ਬੈਠੇ ਸਨ। ਪ੍ਰਗਤੀਵਾਦੀ ਪਾਰਟੀਆਂ ਬੁਰੀ ਤਰ੍ਹਾਂ ਟੁੱਟ-ਭੱਜ ਚੁੱਕੀਆਂ ਸਨ। ਉਨ੍ਹਾਂ ਨੇ ਬਦਲਦੇ ਯੁਗ ਦੀ ਪ੍ਰਕ੍ਰਿਤੀ ਅਤੇ ਮਿਜਾਜ਼ ਦੇ ਮੁਤਾਬਿਕ ਆਪਣੀਆਂ ਨੀਤੀਆਂ ਨੂੰ ਬਦਲਿਆ ਨਹੀਂ ਸੀ ਜਿਸਦੇ ਸਿੱਟੇ ਵਜੋਂ ਉਹ ਅਪ੍ਰਾਸੰਗਿਕ ਹੋ ਚੁੱਕੀਆਂ ਸਨ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਖੇਤਰੀ ਪਾਰਟੀਆਂ ਅੱਗੇ ਆ ਰਹੀਆਂ ਸਨ, ਜਿਨ੍ਹਾਂ ਦਾ ਇਕੋ-ਇਕ ਆਦਰਸ਼ ਸੱਤਾ ਦੀ ਪ੍ਰਾਪਤੀ ਸੀ। ਦੇਸ਼ ਵਿਚ ਬੇਰੁਜ਼ਗਾਰੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਸੀ। ਜਨਸੰਖਿਆ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਸੀ, ਸਿਹਤ-ਸਹੂਲਤਾਂ ਅਤੇ ਸਿੱਖਿਆ-ਪ੍ਰਣਾਲੀ ਦਾ ਬੁਰਾ ਹਾਲ ਸੀ। ਮਧਸ਼੍ਰੇਣੀ ਧਨ ਦੀ ਪ੍ਰਾਪਤੀ ਲਈ 'ਕੁਝ' ਵੀ ਕਰ ਸਕਦੀ ਸੀ। ਸਿੱਟੇ ਵਜੋਂ ਤਰ੍ਹਾਂ-ਤਰ੍ਹਾਂ ਦੇ ਸਕੈਮ ਅਤੇ ਘੋਟਾਲੇ ਪ੍ਰਕਾਸ਼ ਵਿਚ ਆ ਰਹੇ ਸਨ ਪਰੰਤੂ ਆਮ ਆਦਮੀ ਦੇ ਕਲਿਆਣ ਅਤੇ ਮੁਕਤੀ ਲਈ ਕੋਈ ਮਾਰਗ ਨਜ਼ਰ ਨਹੀਂ ਸੀ ਆ ਰਿਹਾ। ਪੰਜ ਵਰਸ਼ੀ ਯੋਜਨਾਵਾਂ ਦਾ ਬਹੁਤਾ ਪੈਸਾ ਨੇਤਾਵਾਂ, ਨੌਕਰਸ਼ਾਹਾਂ ਅਤੇ ਪੁਲਸ-ਅਫਸਰਾਂ ਦੀਆਂ ਜੇਬਾਂ ਵਿਚ ਜਾ ਰਿਹਾ ਸੀ। ਇਸ ਸਥਿਤੀ ਵਿਚ ਦੇਸ਼ ਦੀ ਅਰਥ-ਵਿਵਸਥਾ ਚਰਮਰਾ ਕੇ ਰਹਿ ਗਈ ਹੈ।

ਕਥਾਨਕ

ਦਰਸ਼ਨ ਮਿਤਵਾ ਦੇ ਨਾਵਲ ਆਮ ਆਦਮੀ ਦੀ ਇਸੇ ਤ੍ਰਾਸਦਕ ਸਥਿਤੀ ਨੂੰ ਆਪਣੀ ਵਸਤੂ-ਸਾਮਗਰੀ ਬਣਾਉਂਦੇ ਹਨ। ਉਸ ਨੇ ਪੰਜਾਬ ਦੇ ਜਨਜੀਵਨ ਨਾਲ ਸੰਬੰਧਿਤ ਹਰ ਪ੍ਰਮੁੱਖ ਸਮੱਸਿਆ ਨੂੰ ਆਪਣੇ ਵੱਖ-ਵੱਖ ਨਾਵਲਾਂ ਦਾ ਵਿਸ਼ਾ ਬਣਾਇਆ ਹੈ।

'ਇਕ ਰਾਤ ਦਾ ਜ਼ਖ਼ਮ' (ਪਹਿਲੀ ਵਾਰ 1980) ਵਿਚ ਉਸਨੇ ਸਾਡੇ (ਪੇਂਡੂ) ਸਮਾਜ ਵਿਚ ਵਿਆਪਤ ਨਸ਼ਿਆਂ ਦੀ ਸਮੱਸਿਆ ਦਾ ਚਿਤ੍ਰਣ ਕੀਤਾ ਹੈ। ਸਾਡਾ ਪੇਂਡੂ ਸਮਾਜ ਜੜ੍ਹਤਾ ਦਾ ਸ਼ਿਕਾਰ ਹੋ ਚੁਕਾ ਹੈ। ਇਸ ਵਿਚਲੇ ਵਿਅਕਤੀ ਨੂੰ ਅੱਗੇ ਵਧਣ, ਉੱਪਰ ਉੱਠਣ ਦੇ ਬਹੁਤੇ ਅਵਸਰ ਨਹੀਂ ਮਿਲਦੇ। ਇਹੀ ਕਾਰਨ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਪਿੰਡਾਂ ਵਿਚ ਵੱਸਣ ਵਾਲੇ ਲੋਕ ਸ਼ਹਿਰਾਂ ਵੱਲ ਨੂੰ ਰੁਖ਼ ਕਰ ਰਹੇ ਹਨ। ਸ਼ਹਿਰ ਨਿਰੰਤਰ ਵਧਦੇ, ਫੈਲਦੇ ਜਾ ਰਹੇ ਹਨ ਅਤੇ ਪਿੰਡ ਉੱਥੇ ਦੇ

ਉੱਥੇ ਖੜ੍ਹੋਤੇ ਹਨ। ਕਈ ਥਾਂ ਇੰਜ ਜ਼ਰੂਰ ਹੋਇਆ ਹੈ ਕਿ ਮੁੱਖ ਸੜਕਾਂ ਨਾਲ ਜੁੜੇ ਪਿੰਡ ਵੀ ਸ਼ਹਿਰਾਂ ਵਾਲਾ ਚਰਿਤਰ ਅਖ਼ਤਿਆਰ ਕਰ ਗਏ ਹਨ। ਪੇਂਡੂ ਸਮਾਜ ਵਿਚ ਸ਼ਰਾਬ, ਤਮਾਕੂ, ਅਫ਼ੀਮ ਅਤੇ ਪੋਸਤ ਆਦਿਕ ਨਸ਼ੇ ਆਮ ਪ੍ਰਚਲਿਤ ਹਨ। ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਡਰਗਜ਼ ਦੀ ਵੀ ਨਸ਼ਿਆਂ ਵਜੋਂ ਦੁਰਵਰਤੋਂ ਹੋਣ ਲੱਗੀ ਹੈ। ਦਰਸ਼ਨ ਮਿਤਵਾ ਨੇ ਆਪਣੇ ਇਸ ਪ੍ਰਥਮ ਨਾਵਲ ਵਿਚ ਬਾਬੂ ਸਿੰਘ ਨਾਮ ਦੇ ਵਿਅਕਤੀ ਦੇ ਦੁਖਾਂਤ ਦੀ ਪੇਸ਼ਕਾਰੀ ਕੀਤੀ ਹੈ। ਇਹ ਵਿਅਕਤੀ ਨਸ਼ਿਆਂ ਦੀ ਅਲਾਮਤ ਵਿਚ ਫਸ ਕੇ ਨਾ ਕੇਵਲ ਆਪਣੀ ਬਲਕਿ ਆਪਣੇ ਪੂਰੇ ਪਰਿਵਾਰ ਦੀ ਜ਼ਿੰਦਗੀ ਨਸ਼ਟ ਕਰ ਦਿੰਦਾ ਹੈ। ਉਸਦੀ ਪਤਨੀ ਕਾਕੀ ਦਾ ਵੀ ਜੀਵਨ ਬਰਬਾਦ ਹੋ ਜਾਂਦਾ ਹੈ। ਲੇਖਕ ਨੇ ਇਸ ਨਾਵਲ ਨੂੰ 12 ਕਾਂਡਾਂ ਵਿਚ ਵਿਭਾਜਿਤ ਕੀਤਾ ਹੈ। ਹਰ ਕਾਂਡ ਦੇ ਅੱਗੋਂ ਕੁਝ ਉਪਭਾਗ ਵੀ ਹਨ। ਇਸ ਨਾਵਲ ਦੇ ਕਥਾਨਕ ਦੀ ਉਸਾਰੀ ਲਈ ਲੇਖਕ ਨੇ ਪੇਂਡੂ ਸਮਾਜ ਦੀਆਂ ਕੁਝ ਪ੍ਰਤੀਨਿਧ ਤੰਦਾਂ ਚੁਣੀਆਂ ਹਨ, ਜਿਵੇਂ : ਪਿੰਡਾਂ ਵਿਚ ਵਿਆਹ-ਪ੍ਰਣਾਲੀ ਕਿਹੋ ਜਿਹੀ ਹੈ, ਵਿਆਹ ਉਪਰੰਤ ਭਰਾਵਾਂ ਦਾ ਇਕ-ਦੂਜੇ ਨਾਲ ਵਤੀਰਾ ਕਿਹੋ ਜਿਹਾ ਹੁੰਦਾ ਹੈ, ਦਰਾਣੀ-ਜਠਾਣੀ ਅਤੇ ਨੂੰਹ-ਸੱਸ ਦਾ ਆਪਸੀ ਰਿਸ਼ਤਾ ਕੈਸਾ ਹੁੰਦਾ ਹੈ ਆਦਿਕ। ਇਸ ਤੋਂ ਬਿਨਾਂ ਪਿੰਡ ਦੇ ਵੈਲੀਆਂ, ਸ਼ਾਹੂਕਾਰਾਂ, ਹਟਵਾਣੀਆਂ, ਦੁਰਾਚਾਰੀ ਮਰਦਾਂ ਅਤੇ ਔਰਤਾਂ ਦੇ ਚਰਿੱਤਰ ਉਪਰ ਵੀ ਰੌਸ਼ਨੀ ਪਾਈ ਗਈ ਹੈ। ਲੇਖਕ ਨੇ ਇਸ ਨਾਵਲ ਨੂੰ ਅਧ ਵਿਚਕਾਰੋਂ ਜਿਹੇ ਸ਼ੁਰੂ ਕੀਤਾ ਹੈ। ਫਿਰ ਪਿੱਛਲ-ਝਾਤ (flash back) ਵਿਧੀ ਰਾਹੀਂ ਨਾਵਲ ਦੇ ਮੁਖ ਕਿਰਦਾਰਾਂ ਦੇ ਪਿਛਲੇ ਜੀਵਨ ਉਪਰ ਝਾਤ ਪੁਆਈ ਗਈ ਹੈ। ਇਸ ਪਿਛੋਂ ਕਥਾਨਕ ਹੋਰ ਅੱਗੇ ਵਧਦਾ ਹੈ। ਬਾਬੂ ਦੀ ਨਸ਼ਿਆਂ ਦੇ ਕਾਰਨ ਮੌਤ ਹੋ ਜਾਂਦੀ ਹੈ, ਕਾਕੀ ਦੇ ਪ੍ਰੇਮੀ ਘੁਮੰਡੀ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ ਅਤੇ ਨਾਵਲ ਇਕ ਸੁਝਾਊ ਨੋਟ ਨੂੰ ਰੂਪਮਾਨ ਕਰਦਾ ਹੋਇਆ ਸਮਾਪਤ ਹੋ ਜਾਂਦਾ ਹੈ। ਇਸ ਨਾਵਲ ਦੇ ਅੰਤਲੇ ਤਿੰਨ ਵਾਕ ਕਥਾਵਸਤੂ ਨੂੰ ਇਕ ਹੋਰ ਧਰਾਤਲ ਉਪਰ ਟਰਾਂਸਫਰ ਕਰ ਕੇ ਪ੍ਰਤੀਕਾਤਮਕ ਬਣਾ ਦਿੰਦੇ ਹਨ:

> "ਪਿੰਡ ਵਿਚ ਗੱਲਾਂ ਹੋ ਰਹੀਆਂ ਸਨ......"
> "ਬਹੁਤ ਦਲੇਰ ਬਾਣੀਆ ਸੀ, ਭਾਈ!"
> "ਪਰ ਜੱਟਾਂ ਦੀ ਅਣਖ ਵੀ ਕੋਈ ਚੀਜ਼ ਹੁੰਦੀ ਐ।" (ਪੰਨਾ 112)

'ਨੰਗੇ ਸਿਰ ਵਾਲੀ ਤੀਵੀਂ" (1983) ਦਾ ਕਥਾਨਕ ਪੇਂਡੂ ਸਮਾਜ ਦੇ ਵਹਿਮਾਂ ਭਰਮਾਂ ਦੀ ਪੇਸ਼ਕਾਰੀ ਕਰਦਾ ਹੈ। ਇਸ ਸਮਾਜ ਵਿਚ ਬਹੁਤ ਸਾਰੀਆਂ ਔਰਤਾਂ ਕਾਮੁਕ-ਅਤ੍ਰਿਪਤੀ ਦੇ ਕਾਰਨ ਕਿਤਨੇ ਸਾਰੇ ਮਨੋਰੋਗਾਂ ਅਤੇ ਗ੍ਰੰਥੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਆਮ ਲੋਕ ਇਨ੍ਹਾਂ ਮਨੋਰੋਗਾਂ ਅਤੇ ਹਊ-ਬਿੜੱਕਿਆਂ (hallucination) ਨੂੰ ਕਿਸੇ ਭੂਤ ਜਾਂ ਪ੍ਰੇਤ ਦੀ ਕਸਰ/ਪਕੜ ਸਮਝ ਲੈਂਦੇ ਹਨ। ਲੇਖਕ ਨੇ ਹਰਨਾਮੋ ਨਾਮ ਦੀ ਔਰਤ ਦੇ ਇਕ ਸਕੂਲ-ਅਧਿਆਪਕ ਨਾਲ ਨਾਜਾਇਜ਼ ਸੰਬੰਧਾਂ ਨੂੰ, ਭੂਤ-ਪ੍ਰੇਤਾਂ ਦੀ ਹਕੀਕਤ ਸਮਝਾਉਣ ਲਈ ਇਸਤੇਮਾਲ ਕੀਤਾ ਹੈ।

ਇਹ ਨਾਵਲ ਦਸ ਅਧਿਆਵਾਂ ਵਿਚ ਬਿਆਨ ਕੀਤਾ ਗਿਆ ਹੈ। ਕਹਾਣੀ ਬੜੇ ਨਾਟਕੀ ਅਤੇ ਅਦਭੁਤ ਅੰਦਾਜ਼ ਵਿਚ ਅੱਗੇ ਵਧਦੀ ਜਾਂਦੀ ਹੈ। ਇਸ ਨਾਵਲ ਦੇ ਕਥਾਨਕ ਵਿਚ ਉਤਸੁਕਤਾ ਅਤੇ ਕੌਤੂਹਲ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਹੋਇਆ ਹੈ। ਲੇਖਕ ਦੀ ਮੂਲ ਮਨਸ਼ਾ ਨਾਵਲ ਦੇ ਬਿਲਕੁਲ ਅੰਤ ਵਿਚ ਸਪਸ਼ਟ ਹੁੰਦੀ ਹੈ। ਇਸ ਨਾਵਲ ਦੇ ਅੰਤ ਨੂੰ ਵੀ ਲੇਖਕ ਨੇ ਖੁੱਲ੍ਹਾ ਰੱਖਿਆ ਹੈ ਅਤੇ ਇਉਂ ਇਹ ਰਚਨਾ ਸਮਾਪਤ ਹੋ ਕੇ ਵੀ ਪਾਠਕ ਦੇ ਜ਼ੇਹਨ ਨੂੰ ਟੁੰਬਦੀ-ਝੰਜੋੜਦੀ ਰਹਿੰਦੀ ਹੈ। ਲੇਖਕ ਨੇ ਇਸ ਨਾਵਲ ਨੂੰ ਇਕ 'ਵਕ੍ਰੋਕਤੀ' ਦੇ ਅੰਦਾਜ਼ ਦੁਆਰਾ ਰੂਪਮਾਨ ਕੀਤਾ ਹੈ। ਨਾਵਲ ਦੇ ਸਮੁਚੇ ਘਟਨਾਕ੍ਰਮ ਬਾਰੇ ਪੇਂਡੂ ਲੋਕ ਹੋਰ ਤਰ੍ਹਾਂ ਨਾਲ ਸੋਚਦੇ ਹਨ ਅਤੇ ਪਾਠਕ, ਲੇਖਕ ਨਾਲ ਸੰਮਤੀ ਰੱਖਦਾ ਹੋਇਆ ਵੱਖਰੀ ਤਰ੍ਹਾਂ ਨਾਲ ਸੋਚਦਾ ਹੈ। ਇਸ ਨਾਵਲ ਦਾ ਅੰਤ ਵੇਖੋ:

> ਪਰ ਸਾਰੇ ਪਿੰਡ ਨੂੰ ਵਿਸ਼ਵਾਸ ਹੈ ਕਿ ਨੱਕ ਵੱਢੇ ਵਾਲਾ ਫੌਜੀ ਵੀ ਹੁਣ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕੇਗਾ। ਉਹ ਵੀ ਆਉਣ ਵਾਲੇ ਕੁਛ ਦਿਨਾਂ ਦਾ ਹੀ ਮਹਿਮਾਨ ਹੈ। ਸਾਰੇ ਕਹਿੰਦੇ ਹਨ ਕਿ ਮਾਸਟਰ ਵਾਂਗੂੰ ਏਹਦਾ ਵੀ ਓਦੋਂ ਈ ਪਤਾ ਲੱਗੂ, ਬਈ ਫੌਜੀ ਦੀ ਲਾਸ਼ ਚੱਕ ਲਿਆਓ ਭਾਈ, ਵਾੜੇ 'ਚ ਪਈ ਐ......ਔਹ ਪਿਐ ਫੌਜੀ ਆਲਾ ਵੀ ਕੌਡਾ ਚਿੱਤ ਕੀਤਾ।.....
>
> ਜਦੋਂ ਪਿੰਡ ਵਿਚ ਪੁਲਿਸ ਪਹੁੰਚੀ ਤਾਂ ਬਿਨਾਂ ਨੱਕ ਵਾਲਾ ਅਤੇ ਮੋਟੇ ਖੁਰਦਰੇ ਬੁੱਲ੍ਹਾਂ ਵਾਲਾ ਫੌਜੀ ਉਨ੍ਹਾਂ ਦੇ ਅੱਗੇ-ਪਿੱਛੇ ਭੌਂਜਿਆ-ਭੌਂਜਿਆ ਫਿਰ ਰਿਹਾ ਸੀ! (ਪੰਨਾ 89)

'ਉਸ ਮੋੜ ਤੋਂ ਗੁਜ਼ਰਦਿਆਂ' (2000) ਦਾ ਕਥਾਨਕ ਨਿਮਨ ਮਧ ਸ਼੍ਰੇਣੀ ਨਾਲ ਸੰਬੰਧਿਤ ਦੋ ਬਾਲਾਂ ਦੇ ਜੀਵਨ-ਬ੍ਰਿਤਾਂਤ ਨਾਲ ਸੰਬੰਧ ਰੱਖਦਾ ਹੈ। ਲੇਖਕ ਨੇ ਇਸ ਸ਼੍ਰੇਣੀ ਦੇ ਸ਼ਰਾਰਤੀ ਬਾਲਾਂ ਦੇ ਵੇਰਵੇ ਪੇਸ਼ ਕਰਦਿਆਂ ਦਰਸਾਇਆ ਹੈ ਕਿ ਇਹ ਬੱਚੇ ਤਵਜਹੁ ਅਤੇ ਪ੍ਰੇਮ ਦੀ ਘਾਟ ਦੇ ਕਾਰਨ ਵਿਗੜ ਜਾਂਦੇ ਹਨ। ਇਸ ਸ਼੍ਰੇਣੀ ਪਾਸ ਏਨੇ ਸਾਧਨ ਨਹੀਂ ਹੁੰਦੇ ਕਿ ਬੱਚਿਆਂ ਦੀਆਂ ਭਾਵੁਕ ਅਤੇ ਪਦਾਰਥਕ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਨਾ ਘਰ ਵਿਚ ਇਨ੍ਹਾਂ ਦੇ ਕਰਨ ਯੋਗ ਕੋਈ ਕੰਮ ਹੁੰਦਾ ਹੈ। ਸਾਧਨ-ਸੰਪੰਨ ਲੋਕਾਂ ਦੇ ਜੀਵਨ ਨੂੰ ਵੇਖ ਕੇ ਇਸ ਸ਼੍ਰੇਣੀ ਦੇ ਬਾਲਾਂ ਵਿਚ ਕੁਝ ਆਕ੍ਰੋਸ਼ ਵੀ ਪੈਦਾ ਹੋ ਜਾਂਦਾ ਹੈ ਜਿਸ ਨੂੰ ਪ੍ਰਗਟ ਕਰਨ ਲਈ ਇਹ ਬਾਲ ਛੋਟੀਆਂ-ਮੋਟੀਆਂ ਚੋਰੀਆਂ ਕਰਨ ਲੱਗਦੇ ਹਨ, ਸਾਂਝੀ ਸੰਪਤੀ ਦੀ ਭੰਨ-ਤੋੜ ਕਰਦੇ ਰਹਿੰਦੇ ਹਨ। ਪਰ ਜਦੋਂ ਇਹ ਬਾਲ ਇਕ ਵਾਰ ਪੁਲਸ ਦੇ ਹੱਥੇ ਚੜ੍ਹ ਜਾਂਦੇ ਹਨ ਤਾਂ ਇਨ੍ਹਾਂ ਨੂੰ ਸਾਰੀਆਂ ਖਰਮਸਤੀਆਂ ਭੁੱਲ ਜਾਂਦੀਆਂ ਹਨ ਅਤੇ ਇਹ ਪੂਰੀ ਤਰ੍ਹਾਂ ਬੀਬੇ ਰਾਣੇ ਬਣ ਕੇ ਆਪਣੇ-ਆਪਣੇ ਕੰਮਾਂ-ਧੰਦਿਆਂ ਵਿਚ ਲੱਗ ਜਾਂਦੇ ਹਨ। ਇਸ ਨਾਵਲ ਦਾ ਸਮੁਚਾ ਕਥਾ-ਵਸਤੂ 16 ਕਾਂਡਾਂ ਵਿਚ ਵਿਭਾਜਿਤ ਹੈ। ਲੇਖਕ ਨੇ ਇਸ ਨਾਵਲ ਦਾ ਆਰੰਭ ਬੜੇ ਨਾਟਕੀ ਅੰਦਾਜ਼ ਵਿਚ ਕੀਤਾ ਹੈ ਅਤੇ ਆਰੰਭ ਤੋਂ ਬਾਅਦ ਇਸ ਨਾਵਲ ਦੀ ਕਹਾਣੀ ਸਹਿਜੇ-ਸਹਿਜੇ ਅੱਗੇ ਵਧਦੀ ਜਾਂਦੀ ਹੈ। ਦੇਖੋ:-

> ਕਹਾਣੀ ਉਸ ਦਿਨ ਤੋਂ ਸ਼ੁਰੂ ਹੁੰਦੀ ਹੈ, ਜਿਸ ਦਿਨ ਉਹ ਦੋਵੇਂ ਜਣੇ ਪਹਿਲੀ ਵਾਰੀ ਇਕੱਠੇ ਸਕੂਲੋਂ ਭੱਜ ਕੇ ਕਿਸੇ ਨੂੰ ਪਤਾ ਲੱਗ ਜਾਣ ਦੇਡਰੋਂ ਰੇਲਵੇ ਸਟੇਸ਼ਨ ਦੇ ਪਾਖ਼ਾਨਿਆਂ ਵਿਚ ਵੜੇ ਘੰਟਾ ਭਰ ਲੁਕੇ ਬੈਠੇ ਰਹੇ ਸਨ। ਫੇਰ ਜਾਣੀਆਂ-ਪਹਿਚਾਣੀਆਂ ਨਜ਼ਰਾਂ ਤੋਂ ਬਚਦੇ-ਬਚਾਉਂਦੇ ਸੂਏ ਉੱਤੇ ਨਹਾਉਣ ਚਲੇ ਗਏ ਸਨ। ਉਸ ਦਿਨ ਹੀ ਉਨ੍ਹਾਂ ਦੋਵਾਂ ਨੇ ਮਿਲ ਕੇ ਬੰਸੂ ਦੇ ਘਰ ਦੇ ਪਿਛਵਾੜੇ ਵਾਲੇ ਬੱਸ ਅੱਡੇ ਵਿਚ ਖਰਾਬ ਖੜ੍ਹੀ ਬੱਸ ਦਾ ਹਾਰਨ ਚੋਰੀ ਕਰ ਕੇ ਵੇਚਿਆ ਸੀ ਅਤੇ ਉਨ੍ਹਾਂ ਪੈਸਿਆਂ ਨਾਲ ਫ਼ਿਲਮ ਵੇਖੀ ਸੀ। ਉਸ ਫ਼ਿਲਮ ਦਾ ਨਾਂਅ ਉਨ੍ਹਾਂ ਦੋਹਾਂ ਨੂੰ ਅਜੇ ਤੱਕ ਯਾਦ ਹੈ।
> (ਪੰਨਾ 9)

'ਚੁੱਪ ਰਾਤ ਦਾ ਸਿਵਾ' (1985) ਵਿਚ ਲੇਖਕ ਨੇ ਬਾਲ-ਮਜ਼ਦੂਰਾਂ ਉਪਰ ਹੋਣ ਵਾਲੇ ਜ਼ੁਲਮ ਅਤੇ ਤਸ਼ੱਦਦ ਨੂੰ ਵਿਸ਼ਾ ਬਣਾਇਆ ਹੈ। ਇਹ ਨਾਵਲ ਇਕ ਪੇਂਡੂ ਬਾਲਕ ਲੀਲੂ ਦੇ ਜੀਵਨ-ਬ੍ਰਿਤਾਂਤ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਦਾ ਆਰੰਭ ਲੇਖਕ ਨੇ ਅੰਤਿਮ ਕੜੀ ਤੋਂ ਕੀਤਾ ਹੈ ਅਤੇ ਫਿਰ ਪਿੱਛਲ-ਝਾਤ ਵਿਧੀ ਦੁਆਰਾ ਲੀਲੂ ਦੇ ਸਮੁਚੇ ਜੀਵਨ ਦੀ ਪੇਸ਼ਕਾਰੀ ਕੀਤੀ ਗਈ ਹੈ। ਨਾਵਲ ਦਾ ਆਰੰਭ ਲੇਖਕ ਨੇ 'ਸ਼ੁਰੂ ਨਹੀਂ' ਦੇ ਸਿਰਲੇਖ ਹੇਠ ਕੀਤਾ ਹੈ:

> ਉਸਦੇ ਫਿੱਡੇ ਛਿੱਤਰ ਵਾਰੀ-ਵਾਰੀ ਰੇਤ ਨਾਲ ਭਰ ਜਾਂਦੇ ਅਤੇ ਭੁੱਬਲ ਵਰਗਾ ਪਹੇ ਦਾ ਰੇਤਾ ਪਲ ਦੀ ਪਲ ਉਸਦੇ ਪੈਰਾਂ ਨੂੰ ਝੁਲਸ ਸੁੱਟਦਾ। ਇਕ ਚੀਸ ਧੁਰ ਉਸਦੇ ਕਾਲਜੇ ਵਿਚੋਂ ਉਠਦੀ ਅਤੇ ਮੂੰਹ ਵਿਚ ਆ ਕੇ ਦੰਦਾਂ ਹੇਠ ਦਬ ਕੇ ਰਹਿ ਜਾਂਦੀ।

ਇਸ ਵੇਰਵੇ ਤੋਂ ਬਾਅਦ ਲੇਖਕ ਨੇ ਲੀਲੂ ਦੇ ਬਚਪਨ, ਘਰੋਂ ਨੱਠਣ ਦੀ ਘਟਨਾ ਅਤੇ ਸ਼ਹਿਰ ਵਿਚ ਆ ਕੇ ਇੱਧਰ-ਉੱਧਰ ਕੰਮ ਕਰਨ ਦੇ ਫੁਟਕਲ ਵੇਰਵੇ ਪੇਸ਼ ਕੀਤੇ ਹਨ। ਲੇਖਕ ਨੇ ਦਰਸਾਇਆ ਹੈ ਕਿ ਦਲਿਤ ਪਰਿਵਾਰਾਂ ਦੇ ਸਾਧਨਹੀਣ ਬਾਲਾਂ ਨੂੰ ਦੋ ਵਕਤ ਦੀ ਰੋਟੀ ਕਮਾਉਣ ਵਾਸਤੇ ਹੱਡ-ਭੰਨਵੀਂ ਮੁਸ਼ੱਕਤ ਕਰਨੀ ਪੈਂਦੀ ਹੈ ਅਤੇ ਇਸਦੇ ਇਵਜ਼ ਵਿਚ ਉਨ੍ਹਾਂ ਨੂੰ ਗਾਲ੍ਹਾਂ-ਗਲੋਚ, ਕੁੱਟ-ਮਾਰ ਅਤੇ ਜ਼ਿੱਲਤ ਬਰਦਾਸ਼ਤ ਕਰਨੀ ਪੈਂਦੀ ਹੈ। ਲੇਖਕ ਨੇ ਲੀਲੂ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਇਕ ਲਚਕਦਾਰ ਪਲਾਟ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਹੈ। ਇਹ ਨਾਵਲ ਚੇਤਨਾ ਪ੍ਰਵਾਹ ਧਾਰਾ ਦੇ ਅੰਦਾਜ਼ ਵਿਚ ਲਿਖਿਆ ਗਿਆ ਹੈ। ਇਸ ਕਾਰਨ ਘਟਨਾਵਾਂ ਅਤੇ ਸਮਾਂ ਇਕ-ਦੂਜੇ ਨਾਲ ਓਵਰਲੈਪ ਹੁੰਦੇ ਰਹਿੰਦੇ ਹਨ। ਇਹ ਨਾਵਲ ਸਮਾਪਤ ਹੋਣ ਤੋਂ ਬਾਅਦ ਵੀ ਮੁੱਕਦਾ ਨਹੀਂ ਹੈ ਕਿਉਂਕਿ ਲੀਲੂ ਦੀ ਅੰਤਹੀਣ ਯਾਤਨਾ ਭਰਪੂਰ ਜ਼ਿੰਦਗੀ ਦਾ ਕਿਧਰੇ ਵੀ ਅੰਤ ਹੁੰਦਾ ਦਿਖਾਈ ਨਹੀਂ ਦਿੰਦਾ। ਇਸੇ ਕਾਰਨ ਨਾਵਲ ਦੇ ਅੰਤਿਮ ਵਾਕ ਤੋਂ ਬਾਅਦ ਲੇਖਕ ਨੇ ਮੋਟੇ ਸ਼ਬਦਾਂ ਵਿਚ ਲਿਖਿਆ ਹੈ: ਅੰਤ ਨਹੀਂ। ਵਾਕਈ ਲੀਲੂ ਵਰਗੇ ਦਲਿਤ, ਸਾਧਨਹੀਣ ਅਤੇ ਅਨਪੜ੍ਹ ਬਾਲਾਂ ਦੀ ਜੀਵਨ-ਯਾਤਰਾ ਦਾ ਕਿਧਰੇ ਕੋਈ ਅੰਤ ਨਹੀਂ ਹੁੰਦਾ।

'ਕਸਤੂਰੀ' (2002) ਵਿਚ ਰੋਮਾਂਸ ਅਤੇ ਯਥਾਰਥ ਦਾ ਸੁਮੇਲ ਹੈ। ਇਸ

ਨਾਵਲ ਵਿਚ ਦੋਸਤੀ ਅਤੇ ਮੁਹੱਬਤ ਦੇ ਵਿਸ਼ੇ ਪੇਸ਼ ਹੋਏ ਹਨ। ਇਸ ਨਾਵਲ ਦਾ ਆਰੰਭ ਲੇਖਕ ਨੇ 'ਇਕ ਸ਼ਾਮ' ਦੇ ਸਿਰਲੇਖ ਅਧੀਨ ਚੱਲਦੇ ਜੀਵਨ ਵਿਚੋਂ ਬੜੇ ਨਾਟਕੀ ਢੰਗ ਨਾਲ ਕੀਤਾ ਹੈ:

> ਸਹਿਦੇਵ ਕਾਹਲੀ-ਕਾਹਲੀ ਹਸਪਤਾਲ ਵੱਲ ਜਾ ਰਿਹਾ ਸੀ, ਆਪਣੇ ਹੀ ਖ਼ਿਆਲਾਂ ਵਿਚ ਖੋਇਆ ਹੋਇਆ ਕਿ ਅਚਾਨਕ ਹੀ ਤੁਰਦਾ-ਤੁਰਦਾ ਰੁਕ ਗਿਆ। ਉਸਨੂੰ ਪਿੱਛੋਂ ਕਿਸੇ ਨੇ ਆਵਾਜ਼ ਮਾਰੀ ਸੀ। ਉਸਨੇ ਪਿੱਛੇ ਮੁੜ ਕੇ ਤੱਕਿਆ ਤਾਂ ਉਸਨੂੰ ਆਵਾਜ਼ ਮਾਰਨ ਵਾਲਾ ਕੋਈ ਨਜ਼ਰੀਂ ਨਹੀਂ ਪਿਆ। ਗਲੀ ਦੇ ਅਖ਼ੀਰ ਤੱਕ ਕੋਈ ਨਹੀਂ ਸੀ। ਬਸ, ਇਕ ਪਤਲਾ ਜਿਹਾ ਮੁੰਡਾ ਸੁਬਕ-ਸੁਬਕ ਚਾਲ ਚਲਦਾ ਆ ਰਿਹਾ ਸੀ। ਇਸ ਮੁੰਡੇ ਨੂੰ ਤਾਂ ਉਹ ਜਾਣਦਾ ਵੀ ਨਹੀਂ ਸੀ। ਉਸਨੂੰ ਆਵਾਜ਼ ਕਿਸ ਨੇ ਮਾਰੀ ਹੈ, ਇਹ ਜਾਣਨ ਲਈ ਪਲ ਕੁ ਲਈ ਉਹ ਥਾਏਂ ਰੁਕ ਗਿਆ, ਪਰ ਦੂਸਰੇ ਹੀ ਪਲ ਉਸ ਆਵਾਜ਼ ਨੂੰ ਇਕ ਭੁਲੇਖਾ ਸਮਝ ਕੇ ਉਹ ਅੱਗੇ ਨੂੰ ਚੱਲ ਪਿਆ ਸੀ। (ਪੰਨਾ 9)

ਇਸ ਨਾਵਲੈਟ ਵਿਚ ਜ਼ਿੰਦਗੀ ਦੀਆਂ ਕੁਝ ਘਟਨਾਵਾਂ ਹੀ ਵਾਪਰਦੀਆਂ ਹਨ। ਸਹਿਦੇਵ ਅਤੇ ਮੁਕਲ ਦਾ ਮਿਲਣਾ, ਮੁਕਲ ਦਾ ਲੱਕੀ ਨੂੰ ਪ੍ਰੇਮ ਕਰਨਾ, ਸਹਿਦੇਵ ਦਾ ਲੱਕੀ ਨੂੰ ਮੁਕਲ ਦੇ ਪ੍ਰੇਮ-ਪੱਤਰ ਪਹੁੰਚਾਉਣਾ, ਸਹਿਦੇਵ ਦਾ ਕੁੰਠਿਤ ਹੋਣਾ ਅਤੇ ਅੰਤ ਮਰ ਜਾਣਾ। ਇਸ ਕਾਰਨ ਇਸ ਨਾਵਲੈਟ ਦਾ ਸਮੁਚਾ ਬ੍ਰਿਤਾਂਤ ਇਕ ਹੀ ਲੰਮੇ ਕਾਂਡ ਵਿਚ ਸਮਾਪਤ ਹੋ ਜਾਂਦਾ ਹੈ। ਉਸਤਸੁਕਤਾ ਨੂੰ ਬਰਕਰਾਰ ਰੱਖਣ ਲਈ ਕਈ ਵਾਰ ਨਾਵਲਕਾਰ ਕਿਸੇ ਘਟਨਾ ਨੂੰ ਰੋਕ ਲੈਂਦਾ ਹੈ ਅਤੇ ਕਾਫ਼ੀ ਦੇਰ ਬਾਅਦ ਉਸ ਨੂੰ ਪੇਸ਼ ਕਰਦਾ ਹੈ। ਰੂਸੀ ਰੂਪਵਾਦੀ ਇਸ ਵਿਧੀ ਨੂੰ ਅਵੇਰ-ਵਿਗੋਪਣ (delayed exposition) ਦਾ ਨਾਮ ਦਿੰਦੇ ਹਨ। ਮੁਕਲ ਦੇ ਦਿੱਲੀ ਜਾਣ ਦਾ ਬ੍ਰਿਤਾਂਤ, ਨਿਸ਼ਾ ਨਾਮ ਦੀ ਇਕ ਮੁਟਿਆਰ ਦੁਆਰਾ ਸਹਿਦੇਵ ਨੂੰ ਪ੍ਰੇਮ-ਪੱਤਰ ਲਿਖਣ ਦਾ ਬ੍ਰਿਤਾਂਤ ਇਸੇ ਵਿਧੀ ਦੁਆਰਾ ਠਹਿਰ ਕੇ ਖੁਲ੍ਹਦੇ ਹਨ। ਉਂਜ ਇਸ ਨਾਵਲੈਟ ਦਾ ਕਥਾਨਕ ਸਰਲ ਅਤੇ ਇਕਹਿਰਾ ਹੈ।

'ਕੁੜੀਆਂ ਚਿੜੀਆਂ' (2004) ਦੀ ਕਹਾਣੀ ਇਕ ਪੇਂਡੂ ਦਲਿਤ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਇਸ ਨਾਵਲ ਦੀ ਕਹਾਣੀ 17 ਕਾਂਡਾਂ ਵਿਚ ਵਿਭਾਜਿਤ ਕੀਤੀ ਗਈ ਹੈ। ਇਨ੍ਹਾਂ ਕਾਂਡਾਂ ਦੇ ਅੱਗੋਂ ਦੇਸ਼ ਅਤੇ ਕਾਲ ਦੇ ਅਨੁਸਾਰ ਕੁਝ ਉਪਭਾਗ ਵੀ ਹਨ। ਇਸ ਨਾਵਲ ਵਿਚ ਘਟਨਾਵਾਂ ਦੀ ਗਿਣਤੀ ਕਾਫ਼ੀ ਹੈ ਅਤੇ ਇਹ ਪੰਜ-ਛੇ ਵਰ੍ਹਿਆਂ ਦੇ ਅਰਸੇ ਵਿਚ ਫੈਲਿਆ ਹੋਇਆ ਹੈ। ਇਹ ਵੀ ਪਹਿਲੀ-ਦੂਜੀ ਵਾਰ ਹੀ ਹੈ ਕਿ ਨਾਵਲਕਾਰ ਨੇ ਆਪਣੇ ਨਾਵਲ ਨੂੰ ਸੁਖਦ ਅੰਤ ਦੁਆਰਾ ਨਿਬੇੜਿਆ ਹੋਵੇ ਅਤੇ ਸਮੱਸਿਆਵਾਂ ਸੁਲਝ ਗਈਆਂ ਹੋਣ। ਇਹ ਨਾਵਲ ਆਰੰਭ ਤੋਂ ਹੀ ਬੜੀ ਤੇਜ਼ ਗਤੀ ਨਾਲ ਸ਼ੁਰੂ ਹੋ ਜਾਂਦਾ ਹੈ ਅਤੇ ਇਸਦੇ ਹਰ ਅਧਿਆਇ ਵਿਚ ਕੋਈ-ਨਾ-ਕੋਈ ਨਵਾਂ ਤਨਾਉ (tension) ਉਪਸਥਿਤ ਰਹਿੰਦਾ ਹੈ, ਪਰ ਨਾਵਲ ਦਾ ਸਿਖਰ ਅੰਤਿਮ ਅਧਿਆਇ ਤੱਕ ਬਰਕਰਾਰ ਰਹਿੰਦਾ ਹੈ। ਅੰਤਿਮ ਅਧਿਆਇ ਵਿਚ

ਨਸੀਬੋ ਅਤੇ ਗੰਗਨ ਦੇ ਵਿਆਹ ਹੋਣ ਨਾਲ ਇਸ ਨਾਵਲ ਦੀਆਂ ਸਮੱਸਿਆਵਾਂ ਦਾ ਸਮਾਧਾਨ ਲੱਭ ਜਾਂਦਾ ਹੈ। ਇਸ ਤਰ੍ਹਾਂ ਪਹਿਲੇ ਅਧਿਆਇ ਤੋਂ ਸ਼ੁਰੂ ਹੋਇਆ ਤਨਾਉ, ਇਸ ਆਖਰੀ ਅਧਿਆਇ ਵਿਚ ਆ ਕੇ ਸੁਲਝ (resolve) ਜਾਂਦਾ ਹੈ।

ਨਾਵਲਕਾਰ ਨੇ ਇਸ ਰਚਨਾ ਦੀ ਕਥਾ ਨਾਲ ਸੰਬੰਧਿਤ ਸਭਿਆਚਾਰਕ ਵੇਰਵਿਆਂ ਨੂੰ ਬੜੀ ਕੁਸ਼ਲਤਾ ਨਾਲ ਪ੍ਰਸਤੁਤ ਕੀਤਾ ਹੈ:

> ਇਕ ਜਣਾ ਘੜਾ ਪਾਣੀ ਦਾ ਭਰ ਲਿਆਇਆ। ਛੋਟੂ ਨੇ ਪਾਣੀ ਦੇ ਘੜੇ ਨਾਲ ਮ੍ਰਿਤ ਦੇਹ ਦੀ ਪਰਕਰਮਾ ਕੀਤੀ ਅਤੇ ਜਦੋਂ ਧੰਨੀ ਦੇ ਸਿਰਹਾਣੇ ਵਾਲੇ ਪਾਸੇ ਪਹੁੰਚ ਕੇ ਪਾਣੀ ਵਾਲਾ ਘੜਾ ਭੰਨਿਆ ਤਾਂ ਔਰਤਾਂ ਨੇ ਵੈਣ ਚੱਕ ਲਏ। ਦੋਵੇਂ ਕੁੜੀਆਂ ਦਾ ਜਿਵੇਂ ਕੜ ਪਾਟ ਗਿਆ ਹੋਵੇ।
>
> ਇੰਨੇ ਵਿਚ ਕਈ ਬੰਦਿਆਂ ਨੇ ਚਿਖਾ ਉਤੇ ਮੋਟੀਆਂ-ਮੋਟੀਆਂ ਲੱਕੜਾਂ ਚਿਣ ਦਿੱਤੀਆਂ ਸਨ। ਚਾਰ ਬੰਦਿਆਂ ਨੇ ਅਰਥੀ ਨੂੰ ਫੇਰ ਚੌਕਿਆ ਅਤੇ ਚਿਖਾ ਉਤੇ ਰੱਖ ਦਿੱਤਾ। ਅਰਥੀ ਦੀਆਂ ਰੱਸੀਆਂ ਚਾਕੂ ਨਾਲ ਕੱਟ ਦਿੱਤੀਆਂ। ਅਰਥੀ ਦੇ ਬਾਂਸ ਥੋੜ੍ਹੇ-ਥੋੜ੍ਹੇ ਜਿਹੇ ਖਿਸਕ ਗਏ। ਇਕ ਲੰਬਾ ਬਾਂਸ ਚਿਖਾ ਵਿਚੋਂ ਬਾਹਰ ਕੱਢ ਲਿਆ। ਦੇਸੀ ਘਿਉ ਦੇ ਡੱਬੇ ਵਿਚੋਂ ਥੋੜ੍ਹਾ ਜਿਹਾ ਘਿਓ ਮੂੰਹ ਨੂੰ ਲਾ ਕੇ ਬਾਕੀ ਸਾਰੇ ਦਾ ਸਾਰਾ ਮ੍ਰਿਤਕ ਦੀ ਛਾਤੀ ਉਤੇ ਉਲਟਾ ਦਿੱਤਾ। ਬਾਕੀ ਸਾਰੀ ਸਾਮਗਰੀ ਵੀ ਮ੍ਰਿਤ ਦੇਹ ਉਤੇ ਛਿੜਕ ਦਿੱਤੀ। ਫੇਰ ਉਸ ਉਤੇ ਵੀ ਲੱਕੜਾਂ ਚਿਣ ਦਿੱਤੀਆਂ।
>
> (ਪੰਨਾ 23)

'ਸੱਚਿਦਾਨੰਦ' (2007) ਦੀ ਕਹਾਣੀ ਰਿਸ਼ੀਆਂ-ਮੁਨੀਆਂ ਦੇ ਆਸ਼ਰਮਾਂ ਦੀ ਮਰਯਾਦਾ ਅਤੇ ਜੀਵਨ-ਸ਼ੈਲੀ ਨਾਲ ਸੰਬੰਧ ਰੱਖਦੀ ਹੈ। ਇਸ ਕਾਰਨ ਇਸ ਨਾਵਲ ਦੇ ਕਥਾਨਕ ਵਿਚ ਇਸ ਮਰਯਾਦਾ ਅਤੇ ਜੀਵਨ-ਸ਼ੈਲੀ ਦੇ ਬਹੁਤ ਸਾਰੇ ਵੇਰਵੇ ਪੇਸ਼ ਹੋਏ ਹਨ। ਦਰਸ਼ਨ ਮਿਤਵਾ ਨੂੰ ਇਹ ਕਰੈਡਿਟ ਜਾਂਦਾ ਹੈ ਕਿ ਉਸ ਨੇ ਅਜਿਹੇ ਵੇਰਵਿਆਂ ਦੀ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਪਰਿਸ਼੍ਰਮ ਕੀਤਾ ਹੈ। ਜ਼ਾਤੀ ਤੌਰ ਤੇ ਭਾਵੇਂ ਲੇਖਕ ਇਸ ਤਰ੍ਹਾਂ ਦੀ ਜੀਵਨ ਸ਼ੈਲੀ ਦੇ ਬਹੁਤਾ ਹੱਕ ਵਿਚ ਨਹੀਂ ਜਾਪਦਾ ਪਰੰਤੂ ਆਪਣੇ ਕਥਾਨਕ ਨੂੰ ਉਚਿਤ ਅਤੇ ਢੁੱਕਵਾਂ ਪਰਿਪੇਖ ਪ੍ਰਦਾਨ ਕਰਨ ਵਾਸਤੇ ਉਸਨੇ ਪੂਰਨ ਸੁਹਿਰਦਤਾ ਸਹਿਤ ਰਿਸ਼ੀਆਂ-ਮੁਨੀਆਂ ਦੇ ਆਸ਼ਰਮਾਂ ਨਾਲ ਸੰਬੰਧਿਤ ਦੈਨਿਕ ਮਰਯਾਦਾ ਦੇ ਵੇਰਵੇ ਪੇਸ਼ ਕੀਤੇ ਹਨ। ਦੇਖੋ:-

> ਜਦੋਂ ਵੀ ਮਹਾਤਮਾਜਨਾਂ ਦੀ ਟੋਲੀ ਭੋਜ ਵਿਚ ਸ਼ਾਮਿਲ ਹੋਣ ਲਈ ਆ ਰਹੀ ਹੁੰਦੀ ਤਾਂ ਦੂਰੋਂ ਹੀ ਉਸਦੀ ਖ਼ਬਰ ਲੱਗ ਜਾਂਦੀ। ਨਰਸਿੰਗਿਆਂ ਦੀ ਆਵਾਜ਼ ਤੇ ਤੂਤੀਆਂ ਦਾ ਮਿੱਠੜਾ ਸੰਗੀਤ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ। ਗੇਰੂਏ ਕੱਪੜਿਆਂ ਵਿਚ ਸੰਤਾਂ ਦੀਆਂ ਟੋਲੀਆਂ ਨਾਲ ਜਿਵੇਂ ਸਾਰਾ ਜੰਗਲ ਭਗਵੇਂ ਰੰਗ ਵਿਚ ਰੰਗਿਆ ਗਿਆ ਹੋਵੇ। ਕਾਲੇ ਚੋਲਿਆਂ ਅਤੇ ਚਿੱਟੇ ਬਸਤਰਾਂ ਵਿਚ ਸੰਤ-ਮਹਾਤਮਾ ਪੂਰੀ ਸਜ-ਧਜ ਨਾਲ ਪਹੁੰਚ ਰਹੇ ਸਨ। ਪਲ ਦੀ ਪਲ ਜਿਵੇਂ ਪੂਰਾ ਸਵਰਗ ਲੋਕ ਇਸ ਆਸ਼ਰਮ ਵਿਚ ਉੱਤਰ ਆਇਆ ਹੋਵੇ।

ਜਿੱਧਰ ਵੀ ਨਜ਼ਰ ਪੈਂਦੀ, ਰਿਸ਼ੀ-ਮੁਨੀ ਹੀ ਨਜ਼ਰੀਂ ਪੈ ਰਹੇ ਸਨ। ਦੁਪਹਿਰ ਤੋਂ ਪਹਿਲਾਂ ਸਾਰਾ ਆਸ਼ਰਮ ਭਗਵਾਂ ਕੇਸਰੀ ਦਿਖਣ ਲੱਗ ਪਿਆ ਸੀ।

(ਪੰਨਾ 25)

ਇਸ ਅਧਿਆਤਮਕ ਪਰਿਵੇਸ਼ ਵਿਚ ਲੇਖਕ ਨੇ ਸਾਧੂ ਸੱਚਿਦਾਨੰਦ ਅਤੇ ਰਿਸ਼ੀ ਕੰਨਿਆ ਮੇਰੂ ਦੇ ਪ੍ਰੇਮ ਦਾ ਬ੍ਰਿਤਾਂਤ ਵੀ ਬੜੇ ਪਵਿੱਤਰ ਅੰਦਾਜ਼ ਵਿਚ ਉਸਾਰਿਆ ਹੈ। ਇਕ ਦਿਨ ਸ਼ੁਕਨ ਰਿਸ਼ੀ ਦੀ ਕੰਨਿਆ ਮੇਰੂ ਜੰਗਲ ਵਿਚ ਭ੍ਰਮਣ ਕਰਦੀ ਹੋਈ ਸੱਚਿਦਾਨੰਦ ਨੂੰ ਵੇਖ ਲੈਂਦੀ ਹੈ। ਸੱਚਿਾਨੰਦ ਦੀ ਜਵਾਨੀ ਅਤੇ ਖ਼ੂਬਸੂਰਤੀ ਨੂੰ ਵੇਖ ਕੇ ਉਹ ਪਹਿਲੀ ਨਜ਼ਰੇ ਹੀ ਉਸਨੂੰ ਪ੍ਰੇਮ ਕਰਨ ਲੱਗਦੀ ਹੈ। ਲੇਖਕ ਨੇ ਇਸ ਪ੍ਰੇਮ ਦੀ ਪ੍ਰਸਤਾਵਨਾ ਇਸ ਪ੍ਰਕਾਰ ਕੀਤੀ ਹੈ:-

ਉਹ ਕਿੰਨਾ ਚਿਰ ਉਵੇਂ-ਜਿਵੇਂ ਬੈਠੀ ਉਸ ਸਾਧੂ ਨੂੰ ਸਮਾਧੀ ਵਿਚ ਲੀਨ ਬੈਠੇ ਨੂੰ ਤੱਕਦੀ ਰਹੀ। ਉਸਦਾ ਅੰਗ-ਅੰਗ ਨਿਹਾਰਦੀ ਰਹੀ। ਉਸਦੀਆਂ ਨਜ਼ਰਾਂ ਉਸ ਸਾਧੂ ਦੇ ਚਿਹਰੇ ਤੋਂ ਹਟ ਹੀ ਨਹੀਂ ਰਹੀਆਂ ਸਨ। ਉਸ ਨੂੰ ਵੇਖ-ਵੇਖ ਕੇ ਉਸਦੀਆਂ ਅੱਖਾਂ ਦੀ ਭੁੱਖ ਸ਼ਾਂਤ ਹੀ ਨਹੀਂ ਹੋ ਰਹੀ ਸੀ, ਅੱਖਾਂ ਜਿਵੇਂ ਉਸਦੀ ਸਾਰੀ ਸੁੰਦਰਤਾ ਨੂੰ ਡੀਕ ਲਾ ਕੇ ਪੀ ਜਾਣਾ ਚਾਹੁੰਦੀਆਂ ਹੋਣ। ਮਨ ਅੰਦਰੋਂ ਹੋਰ-ਹੋਰ ਖਾਲੀ ਹੁੰਦਾ ਜਾ ਰਿਹਾ ਸੀ। ਰਿਸ਼ੀ-ਕੰਨਿਆ ਆਪਾ ਭੁੱਲੀ ਬੈਠੀ ਰਹੀ। ਆਸਾ-ਪਾਸਾ ਮਹਿਕ ਨਾਲ ਭਰਿਆ ਹੋਇਆ ਸੀ। ਇਹ ਫੁੱਲਾਂ ਦੀ ਮਹਿਕ ਸੀ, ਰਿਸ਼ੀ ਕੰਨਿਆ ਦੇ ਆਪਣੇ ਬਦਨ ਦੀ ਖ਼ੁਸ਼ਬੂ ਸੀ ਜਾਂ ਸਾਧੂ ਸੱਚਿਦਾਨੰਦ ਦੇ ਸਰੀਰ ਦੀ ਸੁਗੰਧ! (ਪੰਨੇ 41-42)

ਲੇਖਕ ਨੇ ਇਸ ਨਾਵਲ ਨੂੰ ਮੂਲ ਕਥਾਵਸਤੂ ਦੇ ਮੱਧ ਵਿਚੋਂ ਸ਼ੁਰੂ ਕੀਤਾ ਹੈ ਅਤੇ ਅੰਤ ਤੱਕ ਬੜੇ ਸਹਿਜ-ਸੁਭਾਵਿਕ ਰੂਪ ਨਾਲ ਵਧਦਾ ਗਿਆ ਹੈ ਪਰੰਤੂ ਪਾਠਕਾਂ ਦੀ ਉਤਸੁਕਤਾ ਨੂੰ ਬਣਾਈ ਰੱਖਣ ਵਾਸਤੇ ਕਹਾਣੀ ਦੇ ਮੁਢਲੇ ਭਾਗ ਨੂੰ ਅੰਤ ਤੱਕ ਰੋਕੀ ਰੱਖਿਆ ਹੈ ਅਤੇ ਜਿਸ ਸਮੇਂ ਇਸ ਨਾਵਲ ਦੀ ਕਹਾਣੀ ਸਮਾਪਤ ਹੋ ਜਾਂਦੀ ਹੈ, ਉਸ ਸਮੇਂ ਸੱਚਿਦਾਨੰਦ ਦੇ ਮੁਢਲੇ ਜੀਵਨ ਅਤੇ ਪਰਿਵਾਰਿਕ ਪਰਿਵੇਸ਼ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਪਾਠਕਾਂ ਦੀ ਉਤਸੁਕਤਾ ਨੂੰ ਸ਼ਾਂਤ ਕਰ ਦਿੱਤਾ ਹੈ। ਇਉਂ ਦਰਸ਼ਨ ਮਿਤਵਾ ਨੇ ਆਪਣੇ ਹਰ ਨਾਵਲ ਦੀਆਂ ਜ਼ਰੂਰਤਾਂ ਵੱਲ ਪੂਰਨ ਤਵਜਹੁ ਦਿੱਤੀ ਹੈ। ਹਰ ਕਥਾਨਕ ਲਈ ਚੁਣੀਆਂ ਘਟਨਾਵਾਂ ਨੂੰ ਉਸਨੇ ਕਲਾਤਮਕ ਜ਼ਰੂਰਤਾਂ ਅਨੁਸਾਰ ਅੱਗੇ-ਪਿੱਛੇ ਕਰ ਲਿਆ ਹੈ। ਕਈ ਗ਼ੈਰ-ਜ਼ਰੂਰੀ ਵੇਰਵਿਆਂ ਅਤੇ ਘਟਨਾਵਾਂ ਨੂੰ ਛੱਡ ਦਿੱਤਾ ਗਿਆ ਹੈ, ਜਿਸ ਕਾਰਨ ਉਸਦੀ ਹਰ ਰਚਨਾ ਸੁਗਠਿਤ, ਰੋਚਕ ਅਤੇ ਉਤਸੁਕਤਾ ਭਰਪੂਰ ਬਣ ਗਈ ਹੈ।

ਪਾਤਰ-ਚਿਤ੍ਰਣ

ਕਿਸੇ ਵੀ ਨਾਵਲ ਦੀ ਕਥਾਵਸਤੂ ਨੂੰ ਸੰਚਾਰਿਤ ਅਤੇ ਪ੍ਰਵਾਹਿਤ ਕਰਨ ਵਿਚ ਪਾਤਰਾਂ ਅਥਵਾ ਚਰਿਤਰਾਂ ਦੀ ਭੂਮਿਕਾ ਬੜੀ ਮਹਤਵਪੂਰਨ ਹੁੰਦੀ ਹੈ। ਦਰਸ਼ਨ

ਮਿਤਵਾ ਪਾਤਰਾਂ ਦੇ ਅਜਿਹੇ ਮਹਤਵ ਤੋਂ ਪੂਰਨ ਭਾਂਤ ਸੁਪਰਿਚਿਤ ਦਿਖਾਈ ਦਿੰਦਾ ਹੈ। ਉਹ ਨਾਵਲਾਂ ਵਿਚ ਚੰਗੇ ਜਾਂ ਬੁਰੇ ਪਾਤਰਾਂ ਦੇ ਟਕਰਾਉ ਨਹੀਂ ਕਰਵਾਉਂਦਾ। ਉਸਦੀ ਨਜ਼ਰ ਵਿਚ ਸਮਾਜਿਕ ਪ੍ਰਾਣੀਆਂ ਨੂੰ ਇਸ ਦ੍ਰਿਸ਼ਟੀ ਤੋਂ ਵਿਭਾਜਿਤ ਹੀ ਨਹੀਂ ਕੀਤਾ ਜਾ ਸਕਦਾ। ਉਹ ਨਾਇਕ/ਨਾਇਕਾ ਸਿਰਜਣ ਦੇ ਖ਼ਬਤ ਵਿਚ ਵੀ ਨਹੀਂ ਪੈਂਦਾ। ਉਸਦੇ ਨਾਵਲਾਂ ਵਿਚ ਨਾ ਕੋਈ ਨਾਇਕ/ਨਾਇਕਾ ਨਜ਼ਰ ਆਉਂਦੀ ਹੈ ਅਤੇ ਨਾ ਕੋਈ ਖਲਨਾਇਕ/ਖਲਨਾਇਕਾ। ਉਸਨੇ ਪ੍ਰਤੀਨਾਇਕ (ਐਂਟੀ ਹੀਰੋ) ਦੇ ਸੰਕਲਪ ਨੂੰ ਚੰਗੀ ਤਰ੍ਹਾਂ ਜਾਣ ਸਮਝ ਲਿਆ ਹੈ। ਅਜੋਕੇ ਜਗਤ ਵਿਚ ਹਰ ਵਿਅਕਤੀ ਪਰਸਥਿਤੀਆਂ ਦੇ ਦਬਾਉ ਅਧੀਨ ਕਰਮਸ਼ੀਲ ਹੈ। ਕਿਸੇ ਇਕ-ਇਕੱਲੇ ਵਿਅਕਤੀ ਪਾਸ ਨਾ ਏਨੀ ਊਰਜਾ ਹੈ, ਨਾ ਏਨੀ ਕਸ਼ਮਤਾ ਕਿ ਉਹ ਆਪਣੇ ਕਿਸੇ ਕਲਪਿਤ ਆਦਰਸ਼ ਜਾਂ ਜ਼ਰੂਰਤਾਂ ਦੇ ਅਨੁਸਾਰ ਜੀਵਨ ਅਥਵਾ ਜਗਤ ਨੂੰ ਬਦਲ ਦੇਵੇ। ਮਧਯੁਗ ਤੱਕ ਇਹ ਸੰਭਵ ਸੀ। ਇਸ ਲਈ ਆਦਰਸ਼ਕ ਪਾਤਰਾਂ ਦਾ ਸੰਕਲਪ ਮਧਯੁਗ ਤੱਕ ਹੀ ਪ੍ਰਮਾਣਿਕ ਅਤੇ ਪ੍ਰਾਸੰਗਿਕ ਰਿਹਾ ਹੈ। ਆਧੁਨਿਕ ਯੁਗ ਇਕ ਅਦਨੇ ਆਦਮੀ (little man) ਦਾ ਦੁਖਾਂਤ (tragedy) ਜਾਂ ਦਾਸਤਾਨ ਹੈ। ਇਸ ਲਈ ਉਸਦੇ ਸਮੁਚੇ ਨਾਵਲ ਜਗਤ ਵਿਚ ਵੱਖ-ਵੱਖ ਪਰਿਸਥਿਤੀਆਂ ਅਤੇ ਪਰਿਵਾਰਕ-ਸਮਾਜਿਕ ਪਰਿਵੇਸ਼ਾਂ ਵਿਚੋਂ ਆਏ ਅਦਨੇ ਆਦਮੀਆਂ/ਔਰਤਾਂ ਦੇ ਬ੍ਰਿਤਾਂਤ ਪੇਸ਼ ਹੋਏ ਹਨ।

'ਇਕ ਰਾਤ ਦਾ ਜ਼ਖ਼ਮ' ਵਿਚ ਬਾਬੂ ਅਤੇ ਕਾਕੀ ਤੋਂ ਬਿਨਾਂ ਕੁਝ ਹੋਰ ਪਾਤਰਵੀ ਆਏ ਹਨ ਜਿਵੇਂ ਕਾਕੀ ਨੂੰ ਪ੍ਰੇਮ ਕਰਨ ਵਾਲਾ ਬਾਣੀਆਂ ਘੁਮੰਡੀ, ਕਾਕੀ ਦੀ ਸੱਸ, ਕਾਕੀ ਦਾ ਜੇਠ ਨੰਦ ਸਿੰਘ ਅਤੇ ਜੇਠਾਣੀ ਪਾਸ਼ੋ। ਬਾਬੂ ਇਸ ਨਾਵਲ ਦਾ ਮੁੱਖ ਕਿਰਦਾਰ ਹੈ ਜਿਸਦੇ ਮਾਧਿਅਮ ਦੁਆਰਾ ਲੇਖਕ ਨਸ਼ੇ ਕਰਨ ਵਾਲੇ ਵਿਅਕਤੀਆਂ ਦਾ ਦੁਖਾਂਤ ਪੇਸ਼ ਕਰਨਾ ਚਾਹੁੰਦਾ ਹੈ। ਇਹ ਪਾਤਰ ਨਸ਼ੇ ਲੈ ਕੇ ਕਦੇ ਕਿਤੇ ਡਿੱਗਿਆ ਪਿਆ ਹੁੰਦਾ ਹੈ ਅਤੇ ਕਦੇ ਕਿਤੇ। ਉਸ ਨੂੰ ਡਿੱਗੇ ਪਏ ਨੂੰ ਕਾਕੀ ਹੀ ਚੁੱਕ ਕੇ ਲਿਅਉਂਦੀ ਹੈ। 'ਬਾਬੂ' ਦੇ ਚਰਿਤਰ ਦੀ ਪੇਸ਼ਕਾਰੀ ਕਰਦਾ ਹੋਇਆ ਲੇਖਕ ਲਿਖਦਾ ਹੈ:

> ਇਨ੍ਹਾਂ ਕੁਝ ਸਾਲਾਂ ਵਿਚ ਹੀ ਬਾਬੂ ਵਿਚ ਕਿੰਨਾ ਫ਼ਰਕ ਆ ਗਿਆ ਸੀ। ਉਸਦਾ ਰੰਗ ਤਵੇ ਵਰਗਾ ਕਾਲਾ ਪੈ ਗਿਆ ਸੀ। ਗੱਲ੍ਹਾਂ ਅੰਦਰ ਨੂੰ ਧਸ ਗਈਆਂ ਅਤੇ ਹੜਬਾਂ ਬਾਹਰ ਨਿੱਕਲ ਆਈਆਂ ਸਨ। ਉਸਦੀ ਪਹਿਚਾਣ ਹੀ ਜਿਵੇਂ ਮੁਸ਼ਕਿਲ ਨਾਲ ਆਉਂਦੀ। ਸਰੀਰ ਸੁੱਕ ਕੇ ਕਾਨਾ ਜਿਹਾ ਬਣ ਗਿਆ ਸੀ। ਦੇਖਣ ਨੂੰ ਉਹ ਕੁਝ ਦਿਨਾਂ ਦਾ ਪ੍ਰਾਹੁਣਾ ਲੱਗਦਾ। ਜਦੋਂ ਕਦੇ ਨਸ਼ੇ ਦਾ ਰੱਜਿਆ ਉਹ ਡਿੱਗਿਆ ਪਿਆ ਹੁੰਦਾ, ਤਾਂ ਯਕੀਨ ਹੀ ਨਹੀਂ ਸੀ ਆਉਂਦਾ ਕਿ ਉਹ ਕਦੇ ਉੱਠ ਕੇ ਤੁਰ-ਫਿਰ ਵੀ ਸਕੇਗਾ। ਨਸ਼ੇ ਨੇ ਉਸਦੇ ਸਰੀਰ ਨੂੰ ਬਿਲਕੁਲ ਖੋਖਲਾ ਕਰ ਦਿੱਤਾ ਸੀ। ਹੱਡੀਆਂ ਉਤੇ ਮਾਸ ਤਾਂ ਕਿਧਰੇ ਦੀਂਹਦਾ ਹੀ ਨਹੀਂ ਸੀ। (ਪੰਨੇ 14)

ਬਾਬੂ ਨੇ ਆਪਣੀ ਪਤਨੀ ਕਾਕੀ ਦੀ ਜ਼ਿੰਦਗੀ ਵੀ ਤਬਾਹ ਕਰ ਦਿੱਤਾ ਸੀ। ਕਾਕੀ ਇਕ ਸੋਹਣੀ ਸੁਨੱਖੀ ਔਰਤ ਸੀ। ਵਿਆਹ ਤੋਂ ਪਹਿਲਾਂ ਉਸਨੇ ਆਪਣੇ ਪਤੀ ਬਾਰੇ ਵਿਚ ਅਨੇਕ ਹਸੀਨ ਸੁਪਨੇ ਸੰਜੋਏ ਸਨ। ਪਰੰਤੂ ਉਸਦਾ ਹਰ ਸੁਪਨਾ ਗ੍ਰਹਿਣਿਆ ਗਿਆ ਸੀ। ਪੇਕੇ ਰਹਿੰਦਿਆਂ ਉਸਨੂੰ ਇਕ ਸਕੂਲ ਅਧਿਆਪਕ ਚੰਗਾ ਵੀ ਲੱਗਦਾ ਸੀ ਪਰ ਉਸਨੇ ਕਦੇ ਇਸ ਗੱਲ ਨੂੰ ਬਹੁਤਾ ਗੌਲਿਆ ਨਹੀਂ ਸੀ। ਵਿਆਹ ਉਪਰੰਤ ਬਾਬੂ ਉਸਦੇ ਜੀਵਨ ਦੇ ਹਰ ਪੱਖ ਨੂੰ ਧੁਆਂਖ ਦਿੰਦਾ ਹੈ। ਉਹ ਘਰ ਦੀ ਇਕ੍-ਇਕ ਚੀਜ਼ ਨੂੰ ਆਪਣੇ ਨਸ਼ੇ ਪੂਰੇ ਕਰਨ ਲਈ ਵੇਚ ਦਿੰਦਾ ਹੈ ਅਤੇ ਆਖਰ ਪੰਜ-ਸੱਤ ਸਾਲ ਦੇ ਵਕਫ਼ੇ ਪਿਛੋਂ ਮਰ ਜਾਂਦਾ ਹੈ। ਕਾਕੀ ਚਾਹੁੰਦੀ ਹੈ ਕਿ ਉਹ ਪਿੰਡ ਦੇ ਦਲੇਰ ਬਾਣੀਏ 'ਘੁਮੰਡੀ' ਨਾਲ ਵਿਆਹ ਕਰ ਕੇ ਆਪਣੇ ਜੀਵਨ ਦੇ ਬਾਕੀ ਵਰ੍ਹਿਆਂ ਨੂੰ ਕੁਝ ਸੁਖਮਈ ਬਣਾ ਲਵੇ ਪਰੰਤੂ ਕਾਕੀ ਦੇ ਜੇਠ ਨੂੰ ਇਹ ਗੱਲ ਪ੍ਰਵਾਨ ਨਹੀਂ ਸੀ। ਉਸਦੀ ਜਟਕੀ ਹਉਮੈ ਆੜੇ ਆਉਂਦੀ ਸੀ। ਉਹ ਕੁਝ ਬਦਮਾਸ਼ਾਂ ਦੀ ਮਦਦ ਨਾਲ ਘੁਮੰਡੀ ਦਾ ਕਤਲ ਕਰਵਾ ਦਿੰਦਾ ਹੈ ਅਤੇ ਇਉਂ ਕਾਕੀ ਆਪਣੀ ਤ੍ਰਾਸਦਿਕ ਜ਼ਿੰਦਗੀ ਢੋਂਦੇ ਰਹਿਣ ਲਈ ਮਜਬੂਰ ਹੋ ਜਾਂਦੀ ਹੈ।

'ਨੰਗੇ ਸਿਰ ਵਾਲੀ ਤੀਵੀਂ' ਵਿਚ ਹਰਨਾਮੋ, ਮਾਣਾ ਸੁਨਿਆਰ ਅਤੇ ਬਿਨਾ ਨੱਕ ਵਾਲਾ ਫੌਜੀ ਆਦਿ ਕਈ ਪਾਤਰ ਹਨ ਪਰੰਤੂ ਲੇਖਕ ਨੇ ਪਾਠਕਾਂ ਦੇ ਮਨ ਵਿਚੋਂ ਭੂਤਾਂ-ਪਰੇਤਾਂ ਦਾ ਡਰ/ਵਹਿਮ ਦੂਰ ਕਰਨ ਵਾਸਤੇ ਫੌਜੀ ਨੂੰ ਵਧੇਰੇ ਸਪੇਸ ਦਿੱਤੀ ਹੈ। ਬੇਸ਼ਕ ਪਿੰਡ ਦੇ ਲੋਕ ਉਸ ਨੂੰ ਇਕ ਨੈਗੇਟਿਵ ਪਾਤਰ ਸਮਝਦੇ ਹਨ, ਅਤੇ ਸ਼ਕਲ-ਸੂਰਤ ਅਤੇ ਆਚਾਰ-ਵਿਹਾਰ ਤੋਂ ਉਹ ਹੈ ਵੀ ਕੁਝ ਇਹੋ ਜਿਹਾ ਹੀ ਪਰ ਉਹ ਇਕ ਦਲੇਰ ਅਤੇ ਬਹਾਦਰ ਵਿਅਕਤੀ ਹੈ। ਉਹ ਭੂਤਾਂ-ਪਰੇਤਾਂ ਤੋਂ ਨਹੀਂ ਡਰਦਾ ਬਲਕਿ ਇਸ ਮਾਮਲੇ ਦੀ ਪੂਰੀ ਤਹਿ ਵਿਚ ਜਾ ਕੇ ਆਪਣਾ ਕੰਮ ਕੱਢ ਲੈਂਦਾ ਹੈ। ਲੇਖਕ ਨੇ ਉਸਦੇ ਬਾਹਰੀ ਰੰਗ-ਰੂਪ ਅਤੇ ਸ਼ਕਲ-ਸੂਰਤ ਦੀ ਪੇਸ਼ਕਾਰੀ ਬੜੇ ਵਿਸਤਾਰ ਨਾਲ ਕੀਤੀ ਹੈ। ਦੇਖੋ:

> ਉਸਦੀਆਂ ਅੱਖਾਂ ਇੰਨੀਆਂ ਵੱਡੀਆਂ-ਵੱਡੀਆਂ ਹਨ ਕਿ ਹਨੇਰੇ ਵਿਚ ਵੀ ਉਹ ਕੋਈ ਅਣਜਾਣੀ ਜਿਹੀ, ਡਰਾਉਣੀ ਸ਼ੈਅ ਲੱਗਦਾ ਹੈ ਅਤੇ ਅੱਖਾਂ ਅੰਗਿਆਰਿਆਂ ਦੀ ਤਰ੍ਹਾਂ ਦਗਦੀਆਂ ਹਨ। ਉਸਦੇ ਮੂੰਹ ਉੱਤੇ ਮਾਤਾ ਦੇ ਵੱਡੇ-ਵੱਡੇ ਦਾਗ ਇਸ ਤਰ੍ਹਾਂ ਲੱਗਦੇ ਹਨ, ਜਿਵੇਂ ਹੁਣੇ-ਹੁਣੇ ਹੀ ਕੱਕੇ ਰੇਤੇ ਦੇ ਵੱਡੇ ਸਾਰੇ ਟਿੱਬੇ ਉੱਤੇ ਕਣੀਆਂ ਦਾ ਛੜਾਕਾ ਪੈ ਕੇ ਹਟਿਆ ਹੋਵੇ। ਕਿੰਨੀ ਅਜੀਬ ਜਿਹੀ ਸ਼ਕਲ ਹੈ ਉਸਦੀ ਕਿ ਉਸਦੇ ਚਿਹਰੇ ਉੱਤੇ ਨੱਕ ਤਾਂ ਕਿਧਰੇ ਹੈ ਹੀ ਨਹੀਂ। ਨੱਕ ਦੀ ਥਾਵੇਂ ਉਸਦੇ ਚਿਹਰੇ ਉੱਤੇ ਕੇਵਲ ਦੋ ਮੋਰੀਆਂ ਹੀ ਮੋਰੀਆਂ ਹਨ, ਜਿਨ੍ਹਾਂ ਰਾਂਹੀਂ ਉਹ ਸਾਹ ਅੰਦਰ ਲਿਜਾਂਦਾ ਅਤੇ ਬਾਹਰ ਕੱਢਦਾ ਹੈ।......ਵੱਡੀਆਂ-ਵੱਡੀਆਂ ਮੁੱਛਾਂ ਹੋਣ ਉੱਤੇ ਵੀ ਉਸਦੇ ਕਾਲੇ, ਖੁਰਦਰੇ ਬੁੱਲ੍ਹ ਅੱਤ ਭੈੜੇ ਲੱਗਦੇ ਹਨ।
>
> (ਪੰਨਾ 9)

'ਉਸ ਮੋੜ ਤੋਂ ਗੁਜ਼ਰਦਿਆਂ' ਵਿਚ ਲੇਖਕ ਨੇ ਨਿਮਨ ਮਧਸ਼੍ਰੇਣੀ ਨਾਲ ਸੰਬੰਧਿਤ ਦੋ ਪਾਤਰਾਂ -- ਬੰਸੂ ਅਤੇ ਤਿਲੋਕੀ ਦਾ ਬ੍ਰਿਤਾਂਤ ਅੰਕਿਤ ਕੀਤਾ ਹੈ। ਬਚਪਨ ਵਿਚ ਇਹ ਦੋਵੇਂ ਬਹੁਤ ਸ਼ਰਾਰਤੀ ਅਤੇ ਅੱਥਰੇ ਹੁੰਦੇ ਸਨ। ਘਰੋਂ ਜਾਂ ਬਾਹਰੋਂ ਇਹ ਛੋਟੀਆਂ-ਮੋਟੀਆਂ ਚੋਰੀਆਂ ਕਰ ਕੇ ਸਿਨਮਾ ਵਗੈਰਾ ਦੇਖ ਲੈਂਦੇ ਅਤੇ ਜਾਂ ਖਾਣ-ਪੀਣ ਵਿਚ ਉਡਾ ਦਿੰਦੇ। ਪਰ ਇਕ ਦਿਨ ਮੰਦਰ ਦੀ ਗੋਲਕ ਭੰਨਣ ਦੇ ਦੋਸ਼ ਵਿਚ ਪੁਲਿਸ ਇਨ੍ਹਾਂ ਨੂੰ ਪਕੜ ਲੈਂਦੀ ਹੈ। ਪੁਲਿਸ ਦੀ ਕੁੱਟ ਤੋਂ ਡਰ ਕੇ ਇਹ ਦੋਵੇਂ ਬੰਦੇ ਬਣ ਜਾਂਦੇ ਹਨ ਅਤੇ ਆਪਣੇ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲ ਲੈਂਦੇ ਹਨ। ਬੰਸੂ ਆਪਣੇ ਪਿਤਾ ਵਲੋਂ ਚਲਾਈ ਜਾਂਦੀ ਛੋਟੀ ਜਿਹੀ ਦੁਕਾਨ ਤੇ ਬੈਠ ਜਾਂਦਾ ਹੈ। ਇੱਕ-ਇੱਕ ਕਰ ਕੇ ਆਪਣੀਆਂ ਦੋਹਾਂ ਭੈਣਾਂ ਦੀ ਸ਼ਾਦੀ ਵੀ ਕਰ ਦਿੰਦਾ ਹੈ ਪਰੰਤੂ ਵੱਡੀ ਭੈਣ ਵਿਧਵਾ ਹੋ ਕੇ ਘਰ ਆ ਬੈਠਦੀ ਹੈ। ਪਿਤਾ ਕਾਫ਼ੀ ਦੇਰ ਬੀਮਾਰ ਰਹਿ ਕੇ ਚਲਾਣਾ ਕਰ ਜਾਂਦਾ ਹੈ। ਛੋਟੀ ਭੈਣ ਦੀ ਸ਼ਾਦੀ ਦੇ ਸਿਲਸਿਲੇ ਵਿਚ ਘਰ ਦੀ ਆਰਥਿਕਤਾ ਦਾ ਇੱਕੋ-ਇੱਕ ਸਹਾਰਾ ਦੁਕਾਨ ਵੀ ਵਿਕ ਜਾਂਦੀ ਹੈ ਪਰੰਤੂ ਬੰਸੂ ਇਕ ਕੋਹਲੂ ਦੇ ਬੈਲ ਦੀ ਨਿਆਈਂ ਦਿਨ-ਰਾਤ ਮਿਹਨਤ ਕਰਦਾ ਰਹਿੰਦਾ ਹੈ। ਉਸਦੀ ਆਪਣੀ ਵੀ ਸ਼ਾਦੀ ਹੋ ਜਾਂਦੀ ਹੈ। ਉਹ ਆਪਣੀ ਪਤਨੀ ਕਾਂਤਾ ਨਾਲ ਕਦੇ ਵੀ ਚਾਰ ਘੜੀਆਂ ਸੁਖ-ਆਰਾਮ ਦੀਆਂ ਨਹੀਂ ਬਿਤਾ ਪਾਉਂਦਾ। ਕਾਂਤਾ ਦੇ ਬੱਚਾ ਵੀ ਨਹੀਂ ਹੁੰਦਾ; ਇਸ ਕਾਰਣ ਉਹ ਕੁੰਠਿਤ ਹੋ ਜਾਂਦੀ ਹੈ ਅਤੇ ਉਸਨੂੰ ਦੌਰੇ ਪੈਣ ਲੱਗਦੇ ਹਨ।

ਦੂਜੀ ਤਰਫ਼ ਤਿਲੋਕੀ ਵੀ ਆਪਣੇ ਪਿਤਾ ਦੀ ਦੁਕਾਨ ਵਿਚ ਹੱਥ ਵਟਾਉਣ ਲੱਗਦਾ ਹੈ। ਇਨ੍ਹਾਂ ਦਿਨਾਂ ਵਿਚ ਉਸਨੂੰ ਇਕ ਗੁਆਂਢਣ ਕੁੜੀ ਨਾਲ ਇਕ ਤਰਫ਼ਾ ਪਿਆਰ ਵੀ ਹੋ ਜਾਂਦਾ ਹੈ ਪਰ ਡਰੂ ਮਾਨਸਿਕਤਾ ਹੋਣ ਦੇ ਕਾਰਣ ਉਹ ਉਸ ਕੁੜੀ ਅੱਗੇ ਪ੍ਰੇਮ ਦਾ ਇਜ਼ਹਾਰ ਨਹੀਂ ਕਰ ਪਾਉਂਦਾ। ਇਕ ਦਿਨ ਉਹ ਵਸ਼ੀਕਰਣ ਮੰਤਰਾਂ ਦੀ ਇਕ ਕਿਤਾਬ ਵੀ ਲੈ ਆਉਂਦਾ ਹੈ ਪਰ ਇਸ ਦੁਆਰਾ ਵੀ ਉਸ ਨੂੰ ਪ੍ਰੇਮ ਦੀ ਪ੍ਰਾਪਤੀ ਨਹੀਂ ਹੁੰਦੀ। ਮਾਤਾ-ਪਿਤਾ, ਅਨੀਤਾ ਨਾਮ ਦੀ ਇਕ ਕੁੜੀ ਨਾਲ ਉਸਦੀ ਸ਼ਾਦੀ ਕਰ ਦਿੰਦੇ ਹਨ ਪਰ ਉਹ 'ਦੇਵਦਾਸ' ਬਣਿਆ ਰਹਿੰਦਾ ਹੈ ਅਤੇ ਆਪਣੀ ਪਤਨੀ ਨੂੰ ਬੁਲਾਉਂਦਾ ਵੀ ਨਹੀਂ। ਪਤਨੀ ਉਸਦੇ ਅਜਿਹੇ ਵਤੀਰੇ ਤੋਂ ਨਿਰਾਸ਼ ਹੋ ਕੇ ਪੇਕੇ ਚਲੀ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਉਹ ਬੰਸੂ ਦੇ ਘਰ ਕਾਫ਼ੀ ਆਉਣ-ਜਾਣ ਲੱਗਦਾ ਹੈ ਅਤੇ ਸਿੱਟੇ ਵਜੋਂ ਕਾਂਤਾ ਅਤੇ ਉਹ ਇਕ-ਦੂਜੇ ਨੂੰ ਪ੍ਰੇਮ ਕਰਨ ਲੱਗ ਜਾਂਦੇ ਹਨ। ਬੰਸੂ ਨੂੰ ਇਸ ਹਕੀਕਤ ਦਾ ਪਤਾ ਚੱਲ ਜਾਂਦਾ ਹੈ। ਪਹਿਲਾਂ ਤਾਂ ਉਹ ਇਸ ਗੱਲ ਦਾ ਬਹੁਤ ਬੁਰਾ ਮਨਾਉਂਦਾ ਹੈ ਪਰ ਫਿਰ ਨਿਮਨ ਮਧਸ਼੍ਰੇਣੀ ਦੇ ਪਾਤਰਾਂ ਵਾਂਗ ਉਹ ਸਥਿਤੀ ਨਾਲ ਸਮਝੌਤਾ ਕਰ ਲੈਂਦਾ ਹੈ ਅਤੇ ਖ਼ੁਦ ਤਿਲੋਕੀ ਨੂੰ ਆਪਣੇ ਨਾਲ ਘਰ ਲੈ ਆਉਂਦਾ ਹੈ। ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਕਾਂਤਾ ਆਪਣੇ ਘਰ ਬਾਲ-ਬੱਚਾ ਨਾ ਹੋਣ ਕਾਰਨ ਬੀਮਾਰ ਰਹਿੰਦੀ ਹੈ। ਸੋ ਇਕ ਬਾਲ ਦੀ ਪ੍ਰਾਪਤੀ ਤਕ

ਉਹ ਤਿਲੋਕੀ ਨੂੰ ਆਪਣੇ ਘਰ ਆਉਣ-ਜਾਣ ਦੀ ਖੁਲ੍ਹੀ ਛੁੱਟੀ ਦੇ ਦਿੰਦਾ ਹੈ। ਸਿੱਟੇ ਵਜੋਂ ਕਾਂਤਾ ਮਾਂ ਬਣ ਜਾਂਦੀ ਹੈ। ਤਿਲੋਕੀ ਵੀ ਆਪਣੀ ਪਤਨੀ ਨੂੰ ਲੈ ਆਉਂਦਾ ਹੈ। ਹੁਣ ਦੋਵੇਂ ਦੋਸਤ ਆਪਣੇ-ਆਪਣੇ ਘਰੀਂ ਖੁਸ਼ੀ-ਖੁਸ਼ੀ ਵੱਸਣ-ਰਸਣ ਲੱਗਦੇ ਹਨ। ਇਸ ਤਰ੍ਹਾਂ ਦਰਸ਼ਨ ਮਿਤਵਾ ਨੇ ਇਨ੍ਹਾਂ ਪਾਤਰਾਂ ਦੇ ਮਾਧਿਅਮ ਦੁਆਰਾ ਮਧਸ਼੍ਰੇਣੀ ਦੀਆਂ ਸਮੱਸਿਆਵਾਂ, ਆਰਥਿਕ ਮੁਸ਼ਕਿਲਾਂ, ਅੰਤਰ-ਵਿਰੋਧਾਂ ਅਤੇ ਵਿਸੰਗਤੀਆਂ ਨੂੰ ਬਗੈਰ ਕਿਸੇ ਆਦਰਸ਼ਵਾਦੀ ਸੈਂਸਰ ਦੇ ਜਿਉਂ ਦਾ ਤਿਉਂ ਪੇਸ਼ ਕਰ ਦਿੱਤਾ ਹੈ। ਇਹ ਨਾਵਲ ਨਿਮਨ ਮਧਸ਼੍ਰੇਣਿਕ ਆਚਾਰ-ਵਿਹਾਰ ਦਾ ਇਕ ਸਟੀਕ ਦਸਤਾਵੇਜ਼ ਹੈ।

'ਚੁੱਪ ਰਾਤ ਦਾ ਸਿਵਾ' ਇਕ ਦਲਿਤ ਬਾਲਕ ਲੀਲੂ ਦੇ ਦੁਖਦਾਈ ਜੀਵਨ ਨੂੰ ਰੂਪਮਾਨ ਕਰਦਾ ਹੈ। ਇਸ ਬਾਲਕ ਦਾ ਪਿਤਾ ਜ਼ਿਮੀਦਾਰਾਂ ਦਾ ਸੀਰੀ ਹੈ ਪਰ ਕਮਜ਼ੋਰ ਅਤੇ ਬਿਰਧ ਹੋਣ ਕਾਰਨ ਉਸ ਤੋਂ ਇਹ ਕੰਮ ਚੰਗੀ ਤਰ੍ਹਾਂ ਨਹੀਂ ਹੁੰਦਾ। ਮਾਂ ਵੀ ਸਰਦੇ ਪੁਜਦੇ ਘਰੀਂ ਗੋਹੇ-ਕੂੜੇ ਦਾ ਕੰਮ ਕਰਦੀ ਹੈ। ਲੀਲੂ ਕਿਸੇ ਸਕੂਲ ਵਿਚ ਦਾਖਲ ਨਹੀਂ ਹੋ ਸਕਦਾ। ਉਹ ਪਸ਼ੂ ਚਰਾਉਣ ਆਦਿ ਫੁਟਕਲ ਕੰਮ-ਧੰਦੇ ਕਰਦਾ ਰਹਿੰਦਾ ਹੈ ਜਾਂ ਆਪਣੇ ਵਰਗੇ ਹੋਰ ਦਲਿਤ ਬਾਲਾਂ ਨਾਲ ਖੇਡਦਾ ਰਹਿੰਦਾ ਹੈ। ਬੇਰੀਆਂ ਤੋਂ ਬੇਰ ਤੋੜ ਕੇ ਖਾਣੇ, ਪਿੱਪਲਾਂ ਦੀਆਂ ਗੋਲ੍ਹਾਂ ਤੋੜ ਲੈਣਾ, ਇਹ ਉਨ੍ਹਾਂ ਦੇ ਕੁਝ ਮਨ-ਪ੍ਰਚਾਵੇ ਸਨ। ਇਕ ਦਿਨ ਉਹ ਆਪਣੇ ਕੁਝ ਸਾਥੀਆਂ ਨਾਲ ਪਿੰਡ ਦੀ ਨੀਰਸ ਜ਼ਿੰਦਗੀ ਤੋਂ ਤੰਗ ਆ ਕੇ ਸ਼ਹਿਰ ਵੱਲ ਦੌੜ ਜਾਂਦਾ ਹੈ। ਸ਼ਹਿਰ ਵਿਚ ਵੀ ਉਸ ਨੂੰ ਕੋਈ ਆਰਾਮ ਨਹੀਂ ਮਿਲਦਾ। ਪਿੱਛੇ ਪਿੰਡ ਵਿਚ ਉਸਦੀ ਮਾਂ ਮਰ ਜਾਂਦੀ ਹੈ, ਘਰ ਢਹਿ ਜਾਂਦਾ ਹੈ ਅਤੇ ਪਿਤਾ ਹੋਰ ਬੁੱਢਾ ਤੇ ਕਮਜ਼ੋਰ ਹੋ ਜਾਂਦਾ ਹੈ। ਸ਼ਹਿਰ ਵਿਚ ਲੀਲੂ ਜਿਸ ਜ਼ਿਮੀਦਾਰ ਦੇ ਘਰ ਕੰਮ ਕਰਦਾ ਹੈ, ਉਸਦਾ ਸੁਭਾਅ ਬੜਾ ਰੁੱਖਾ ਅਤੇ ਖਰ੍ਹਵਾ ਹੈ। ਉਹ ਗਾਲ੍ਹੀ ਗਲੋਚ ਅਤੇ ਕੁੱਟ-ਮਾਰ ਤੋਂ ਵੀ ਪਿੱਛੇ ਨਹੀਂ ਹਟਦਾ। ਲੀਲੂ ਕਈ ਵਾਰ ਉਸਦੇ ਅਜਿਹੇ ਸੁਭਾਅ ਤੋਂ ਤੰਗ ਆ ਕੇ ਉਸਦੇ ਘਰੋਂ ਨੱਠ ਜਾਂਦਾ ਹੈ ਪਰ ਉਹ ਜਾਵੇ ਤਾਂ ਕਿੱਥੇ ਜਾਵੇ? ਸੋ ਹਰ ਵਾਰ ਉਸਨੂੰ ਪਰਤ ਕੇ ਉਸੇ ਦੇ ਘਰ ਜਾਣਾ ਪੈਂਦਾ ਹੈ। ਲੀਲੂ ਆਪਣੇ ਨਾਲ ਹੋ ਰਹੇ ਸਮਾਜਿਕ ਅਨਿਆਇ ਨੂੰ ਮਹਿਸੂਸ ਤਾਂ ਕਰਦਾ ਹੈ ਪਰ ਉਹ ਇਸਦੀ ਪ੍ਰਾਪਤੀ ਲਈ ਕਰ ਕੁਝ ਵੀ ਨਹੀਂ ਸਕਦਾ। ਉਸ ਪਾਸ ਕੋਈ ਸਾਧਨ ਹੀ ਨਹੀਂ ਹੈ। ਇਸ ਤਰ੍ਹਾਂ ਦਰਸ਼ਨ ਮਿਤਵਾ ਨੇ ਲੀਲੂ ਦੇ ਕਿਰਦਾਰ ਰਾਹੀਂ ਦਲਿਤ ਬਾਲਾਂ ਉਪਰ ਹੋਣ ਵਾਲੇ ਜਬਰ-ਜ਼ੁਲਮ ਦੀ ਬੜੀ ਪ੍ਰਮਾਣਿਕ ਤਸਵੀਰ ਪੇਸ਼ ਕੀਤੀ ਹੈ। ਲੀਲੂ ਉਸਦਾ ਇਕ ਪ੍ਰਤੀਨਿਧ ਪਾਤਰ ਹੈ।

'ਕਸਤੂਰੀ' ਵਿਚ ਲੇਖਕ ਨੇ ਫਿਰ ਦੋ ਮਿੱਤਰਾਂ ਦੀ ਦਾਸਤਾਨ ਪੇਸ਼ ਕੀਤੀ ਹੈ ਜਿਨ੍ਹਾਂ ਵਿਚੋਂ ਸਹਿਦੇਵ ਦਾ ਸੰਬੰਧ ਨਿਮਨ ਮਧਸ਼੍ਰੇਣੀ ਨਾਲ ਹੈ ਅਤੇ ਮੁਕਲ ਉਚ ਮਧਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ। ਲੇਖਕ ਨੇ ਦਰਸਾਇਆ ਹੈ ਕਿ ਵਸੀਲਿਆਂ ਦੀ ਘਾਟ ਕਾਰਨ ਸਹਿਦੇਵ ਵਰਗੇ ਗਰੀਬ ਨੌਜਵਾਨ ਨੂੰ ਸਿਰਫ਼ ਕੁਝ ਆਪਣੇਪਣ ਦੀ ਖਾਤਰ ਆਪਣੀ ਸੁਤੰਤਰਤਾ ਅਤੇ ਆਪਣਾ ਸ੍ਵੈਮਾਨ ਮੁਕਲ ਵਰਗੇ ਸਾਧਨ-ਸੰਪੰਨ

ਮੁੰਡਿਆਂ ਅੱਗੇ ਗਹਿਣੇ ਪਾਉਣਾ ਪੈ ਜਾਂਦਾ ਹੈ। ਸਹਿਦੇਵ ਮੁਕਲ ਨੂੰ ਬੰਸਰੀ ਵਜਾਉਣੀ ਸਿਖਾਉਂਦਾ ਹੈ, ਜਿਧਰ ਕਹੇ ਜਾਂਦਾ ਹੈ, ਜਿਥੇ ਉਹ ਚਾਹੇ, ਬੈਠ ਕੇ ਮੁਕਲ ਦੀ ਇੰਤਜ਼ਾਰ ਕਰਦਾ ਹੈ। ਮੁਕਲ ਦੀ ਪ੍ਰੇਮਿਕਾ ਲੱਕੀ ਨੂੰ ਉਸ ਦੁਆਰਾ ਲਿਖੇ ਪ੍ਰੇਮ-ਪੱਤਰ ਪਹੁੰਚਾਉਂਦਾ ਹੈ ਅਤੇ ਇਕ ਤਰ੍ਹਾਂ ਨਾਲ ਬਗ਼ੈਰ ਕਿਸੇ ਵੇਤਨ ਉਸਦੀ ਗ਼ੁਲਾਮੀ ਕਰਦਾ ਹੈ। ਮੁਕਲ ਇਕ ਸ਼ਿਸ਼ਟ ਨੌਜਵਾਨ ਹੈ। ਉਹ ਜਾਣ-ਬੁਝ ਕੇ ਕਦੇ ਵੀ ਸਹਿਦੇਵ ਦਾ ਦਿਲ ਨਹੀਂ ਦੁਖਾਉਂਦਾ ਪਰ ਜੇ ਕਦੇ ਸਹਿਦੇਵ ਉਸਦੀ ਇੱਛਾ ਦੇ ਵਿਰੁੱਧ ਕਰਮ ਕਰੇ ਤਾਂ ਉਸ ਨਾਲ ਨਾਰਾਜ਼ ਜ਼ਰੂਰ ਹੋ ਜਾਂਦਾ ਹੈ। ਇਕ ਸਾਧਨ-ਸੰਪੰਨ ਵਿਅਕਤੀ ਵਾਂਗ ਉਸਦੀ ਹਉਮੈ ਕਦੇ ਇਹ ਗਵਾਰਾ ਨਹੀਂ ਕਰਦੀ ਕਿ ਸਹਿਦੇਵ ਵਰਗਾ ਨਿਰਧਨ ਮੁੰਡਾ ਉਸਦੀ ਅਵੱਗਿਆ ਕਰੇ। ਸਹਿਦੇਵ ਉਸ ਦੇ ਦਿਲ ਨੂੰ ਕਦੇ ਦੁਖਾਉਂਦਾ ਵੀ ਨਹੀਂ ਹੈ। ਪਰ ਉਹ ਇਕ ਸੰਵੇਦਨਸ਼ੀਲ ਨੌਜਵਾਨ ਹੈ ਅਤੇ ਜਦੋਂ ਉਸ ਨੂੰ ਆਪਣੀ ਇੱਛਾ ਦੇ ਵਿਪਰੀਤ ਮੁਕਲ ਦੀ ਗ਼ੁਲਾਮੀ ਕਰਨੀ ਪੈਂਦੀ ਹੈ, ਤਾਂ ਉਸਦਾ ਮਨ ਅਤੇ ਆਤਮਾ ਕੁੰਠਿਤ ਹੋ ਜਾਂਦੇ ਹਨ ਅਤੇ ਆਖਰ ਇਸੇ ਕੁੰਠਾ ਕਾਰਨ ਉਸਦੀ ਮ੍ਰਿਤੂ ਵੀ ਹੋ ਜਾਂਦੀ ਹੈ। ਇਸ ਤਰ੍ਹਾਂ ਦਰਸ਼ਨ ਮਿਤਵਾ ਨੇ ਸਹਿਦੇਵ ਦੇ ਹਵਾਲੇ ਨਾਲ ਨਿਮਨ ਮਧਸ਼੍ਰੇਣੀ ਦੇ ਅੰਤਰ-ਦਵੰਦਾਂ ਅਤੇ ਕੁੰਠਾਵਾਂ ਦੀ ਇਕ ਬੜੀ ਪ੍ਰਭਾਵਸ਼ਾਲੀ ਤਸਵੀਰ ਪੇਸ਼ ਕੀਤੀ ਹੈ।

'ਕੁੜੀਆਂ ਚਿੜੀਆਂ' ਵਿਚ ਦਲਿਤ ਪਰਿਵਾਰਾਂ ਨਾਲ ਸੰਬੰਧਿਤ ਕੁੜੀਆਂ ਦੀ ਹੋਣੀ ਦੀ ਪੇਸ਼ਕਾਰੀ ਕੀਤੀ ਗਈ ਹੈ। ਛੋਟੂ ਨਾਮ ਦੇ ਇਕ ਦਲਿਤ ਮਜ਼ਦੂਰ ਦੀਆਂ ਤਿੰਨ ਧੀਆਂ ਹਨ। ਪੁੱਤਰ ਨੂੰ ਜਨਮ ਦਿੰਦੀ ਹੋਈ ਛੋਟੂ ਦੀ ਪਤਨੀ ਧੰਨੀ ਚਲਾਣਾ ਕਰ ਜਾਂਦੀ ਹੈ। ਇਸ ਤੋਂ ਬਾਅਦ ਘਰ ਸੰਭਾਲਣ ਦੀ ਸਾਰੀ ਜ਼ਿਮੇਵਾਰੀ ਵੱਡੀ ਕੁੜੀ ਨਸੀਬੋ ਦੇ ਸਿਰ ਆ ਪੈਂਦੀ ਹੈ। ਨਸੀਬੋ ਮੁਟਿਆਰ ਹੈ ਅਤੇ ਨਾ ਕੇਵਲ ਘਰ ਦੇ ਕੰਮ-ਧੰਦੇ ਨੂੰ ਖ਼ੁਦ ਕਰਦੀ ਹੈ ਬਲਕਿ ਆਪਣੇ ਛੋਟੇ ਜਿਹੇ ਭਰਾ ਕਾਲੂ ਨੂੰ ਮਾਂ ਬਣ ਕੇ ਪਾਲਦੀ ਹੈ। ਉਹ ਇਕ ਜ਼ਿਮੇਵਾਰ ਕੁੜੀ ਹੈ ਅਤੇ ਆਪਣੇ ਭਾਵਾਂ ਦੇ ਮਗਰ ਵਹਿ ਜਾਣ ਵਾਲੀ ਨਹੀਂ। ਜਦੋਂ ਇਕ ਵਾਰ ਆਟਾ ਲੈਣ ਗਈ ਨੂੰ ਰੁਲਦੂ ਨਾਮ ਦਾ ਜਵਾਨ ਦੁਕਾਨਦਾਰ ਉਸ ਨੂੰ ਹੱਥ ਪਾ ਲੈਂਦਾ ਹੈ ਤਾਂ ਉਹ ਪੂਰੇ ਜ਼ੋਰ ਨਾਲ ਉਸਦਾ ਵਿਰੋਧ ਕਰਦੀ ਹੈ। ਉਸਨੂੰ ਆਪਣੇ ਪਿੰਡ ਦਾ ਇਕ ਦਲਿਤ ਗੱਭਰੂ ਗੰਗਨ ਚੰਗਾ ਲੱਗਦਾ ਹੈ ਪਰ ਉਹ ਬੀਬੀਆਂ ਕੁੜੀਆਂ ਵਾਂਗ ਆਪਣੇ ਹਾਵਾਂ-ਭਾਵਾਂ ਉਤੇ ਨਿਯੰਤ੍ਰਣ ਰੱਖਦੀ ਹੈ। ਛੋਟੀ ਕੁੜੀ ਮੁੰਨੀ ਕਿਸ਼ੋਰ ਅਵਸਥਾ ਵਿਚ ਹੈ। ਜਿਨ੍ਹਾਂ ਸਰਦਾਰਾਂ ਦੇ ਘਰ ਉਹ ਗੋਹੇ-ਕੂੜੇ ਦਾ ਕੰਮ ਕਰਨ ਜਾਂਦੀ ਹੈ, ਉਨ੍ਹਾਂ ਦਾ ਨੌਜਵਾਨ ਮੁੰਡਾ ਸੁਰਿੰਦਰ ਉਸ ਨਾਲ ਸਰੀਰਕ ਸੰਬੰਧ ਬਣਾ ਕੇ ਉਸਨੂੰ ਗਰਭਵਤੀ ਕਰ ਦਿੰਦਾ ਹੈ। ਮੁੰਨੀ ਸੁਰਿੰਦਰ ਨੂੰ ਇਸ ਗੱਲ ਦੀ ਸ਼ਿਕਾਇਤ ਕਰਦੀ ਹੈ ਅਤੇ ਕੋਈ ਉਪਾਇ ਸੋਚਣ ਲਈ ਕਹਿੰਦੀ ਹੈ ਪਰ ਉਹ ਮੁੰਨੀ ਨਾਲ ਗਾਲ੍ਹੀ-ਗਲੋਚ ਕਰਨ ਲੱਗ ਪੈਂਦਾ ਹੈ। ਉਸਦੇ ਅਜਿਹੇ ਵਿਹਾਰ ਤੋਂ ਅਪਮਾਨਿਤ ਹੋ ਕੇ ਮੁੰਨੀ ਖੂਹ ਵਿਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲੈਂਦੀ

ਹੈ। ਨਸੀਬੋ ਉਸ ਦੀ ਆਤਮ-ਹੱਤਿਆ ਲਈ ਵੀ ਆਪਣੇ-ਆਪ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ।ਕਿਉਂਕਿ ਜੇ ਉਸਨੇ ਮੁੰਨੀ ਨੂੰ ਮਰਦਾਂ ਬਾਰੇ ਠੀਕ ਸਿੱਖ-ਮੱਤ ਦਿੱਤੀ ਹੁੰਦੀ, ਤਾਂ ਹੋ ਸਕਦਾ ਹੈ ਕਿ ਮੁੰਨੀ ਬਚ ਜਾਂਦੀ। ਪਰਿਵਾਰਿਕ ਬੋਝ ਅਤੇ ਮੁੰਨੀ ਦੀ ਮ੍ਰਿਤੂ ਤੋਂ ਬਾਅਦ ਨਸੀਬੋ ਨੂੰ ਦੌਰੇ ਪੈਣ ਲੱਗਦੇ ਹਨ। ਪਿੰਡ ਦੇ ਲੋਕ ਉਸਨੂੰ ਸਿਆਣਿਆਂ ਪਾਸ ਲੈ ਜਾਣ ਦੀ ਸਲਾਹ ਦਿੰਦੇ ਹਨ ਪਰ ਨਸੀਬੋ ਦੀ ਇਕ ਸਹੇਲੀ ਸੀਮਾ, ਜੋ ਹੁਣ ਡਾਕਟਰ ਬਣ ਗਈ ਹੈ, ਨਸੀਬੋ ਦੀ ਮਰਜ਼ ਪਹਿਚਾਣ ਲੈਂਦੀ ਹੈ ਅਤੇ ਉਸਦਾ ਇਲਾਜ ਵੀ ਕਰ ਦਿੰਦੀ ਹੈ। ਸੀਮਾ, ਇਕ ਰੈਡੀਕਲ ਖ਼ਿਆਲਾਂ ਦੀ ਕੁੜੀ ਹੈ। ਉਹ ਨਸੀਬੋ ਦੇ ਪਿਤਾ ਅਤੇ ਸਾਕ-ਸੰਬੰਧੀਆਂ ਨੂੰ ਇਸ ਗੱਲ ਲਈ ਰਾਜ਼ੀ ਕਰ ਲੈਂਦੀ ਹੈ ਕਿ ਉਹ ਨਸੀਬੋ ਦਾ ਵਿਆਹ ਪਿੰਡ ਦੇ ਗੱਭਰੂ ਗੰਗਨ ਨਾਲ ਕਰ ਦੇਣ। ਸੀਮਾ ਛੋਟੂ ਦੇ ਪਰਿਵਾਰ ਲਈ ਇਕ ਮਸੀਹਾ ਬਣ ਕੇ ਬਹੁੜਦੀ ਹੈ ਅਤੇ ਪਿੰਡਾਂ ਵਿਚ ਰਹਿਣ ਵਾਲੀਆਂ ਦਲਿਤ ਕੁੜੀਆਂ-ਚਿੜੀਆਂ ਦੀ ਮੁਕਤੀ ਵਾਸਤੇ ਯੋਗ ਮਾਰਗ ਲੱਭ ਲੈਂਦੀ ਹੈ। ਇਉਂ, ਸੀਮਾ ਦਰਸ਼ਨ ਮਿਤਵਾ ਦੇ ਨਾਵਲ-ਜਗਤ ਦਾ ਇਕ ਪ੍ਰਤੀਨਿਧ ਅਤੇ ਆਦਰਸ਼ਕ ਪਾਤਰ ਹੋ ਨਿੱਬੜੀ ਹੈ। ਪੁਰਸ਼ ਪਾਤਰਾਂ ਵਿਚੋਂ ਗੰਗਨ ਵੀ ਲੇਖਕ ਦਾ ਇਕ ਇਹੋ ਜਿਹਾ ਹਾਂ ਮੁਖੀ ਪ੍ਰਤੀਨਿੱਧ ਪਾਤਰ ਹੈ।

'ਸੱਚਿਦਾਨੰਦ' ਨਾਵਲ ਦੀ ਕਹਾਣੀ ਰਿਸ਼ੀਆਂ-ਮੁਨੀਆਂ ਦੇ ਆਸ਼ਰਮਾਂ ਦੁਆਲੇ ਘੁੰਮਦੀ ਹੈ। ਇਸ ਵਿਚ ਹੋਰ ਰਿਸ਼ੀਆਂ-ਮੁਨੀਆਂ ਤੋਂ ਇਲਾਵਾ ਨੌਜਵਾਨ ਰਿਸ਼ੀ ਸੱਚਿਦਾਨੰਦ ਅਤੇ ਰਿਸ਼ੀ ਕੰਨਿਆ ਮੇਰੂ ਪ੍ਰਤੀਨਿਧ ਪਾਤਰ ਹਨ। ਸੱਚਿਦਾਨੰਦ ਪਿੰਡਾਂ ਦਾ ਰਹਿਣ ਵਾਲਾ ਇਕ ਸਾਧਾਰਨ ਬਾਲਕ 'ਬਿੱਲੂ' ਸੀ। ਪਰ ਉਸਦੀ ਮਾਂ ਇਕ ਸੁੱਖਣਾ ਪੂਰੀ ਕਰਨ ਵਾਸਤੇ ਉਸਨੂੰ ਪਿੰਡ ਦੇ ਡੇਰੇ ਨੂੰ ਸੌਂਪ ਆਉਂਦੀ ਹੈ। ਅੱਗੋਂ ਉਸਨੂੰ ਕ੍ਰਿਸ਼ਨਾਨੰਦ ਨਾਮ ਦਾ ਇਕ ਸੰਤ ਆਪਣਾ ਸ਼ਿਸ਼ ਬਣਾ ਕੇ ਲੈ ਜਾਂਦਾ ਹੈ। ਉਸ ਨੂੰ ਜਤ-ਸਤ ਵਿਚ ਪਰਿਪੱਕ ਰੱਖਣ ਲਈ ਅਤੇ ਕਾਮ ਦੇ ਪ੍ਰਹਾਰ ਤੋਂ ਬਚਾਉਣ ਲਈ ਉਹ ਉਸਦੀ ਲਿੰਗ-ਇੰਦਰੀ ਵਿਚ ਲੋਹੇ ਦਾ ਕੜਾ ਪਾ ਦਿੰਦਾ ਹੈ। ਇਸ ਤਰ੍ਹਾਂ ਕੀਤਿਆਂ ਇੰਦਰੀ ਕਾਮੁਕ-ਪ੍ਰਕ੍ਰਿਆ ਦੇ ਕਾਬਲ ਨਹੀਂ ਰਹਿੰਦੀ। ਸੱਚਿਦਾਨੰਦ ਆਪਣੀ ਹੋਣੀ ਤੋਂ ਬੇਖ਼ਬਰ ਪਹਾੜਾਂ ਦੀਆਂ ਵਾਦੀਆਂ ਵਿਚ ਸਮਾਧੀ-ਸਥਿਤ ਰਹਿੰਦਾ ਹੈ। ਇਕ ਦਿਨ ਸ਼ੁਕਨ ਰਿਸ਼ੀ ਦੀ ਕੰਨਿਆ ਮੇਰੂ ਉਸ ਨੂੰ ਵੇਖ ਕੇ ਉਸ ਉੱਪਰ ਮੋਹਿਤ ਹੋ ਜਾਂਦੀ ਹੈ ਅਤੇ ਉਸ ਨਾਲ ਗੰਧਰਵ-ਵਿਆਹ ਕਰਨ ਦੀ ਇੱਛਾ ਪ੍ਰਗਟ ਕਰਦੀ ਹੈ। ਸੱਚਿਦਾਨੰਦ ਆਪਣੀ ਸਥਿਤੀ ਨੂੰ ਬਿਆਨ ਕਰਦਾ ਹੈ, ਤਾਂ ਮੇਰੂ ਉਸ ਨੂੰ ਉਸਦੀ ਮੂਰਖਤਾ ਕਾਰਨ ਬਹੁਤ ਬੁਰਾ-ਭਲਾ ਕਹਿੰਦੀ ਹੈ। ਦਰਸ਼ਨ ਮਿਤਵਾ ਨੇ ਪੌਰਾਣਿਕ ਕਥਾਵਾਂ ਨਾਲ ਮਿਲਦੀ-ਜੁਲਦੀ ਸਾਮਗਰੀ ਜੁਟਾ ਕੇ ਦਰਸਾਇਆ ਹੈ ਕਿ ਵਾਸਨਾਵਾਂ ਉਪਰ ਕਾਬੂ ਪਾਉਣ ਲਈ ਇੰਦਰੀਆਂ ਨੂੰ ਕੁਰਬਾਨ ਕਰ ਦੇਣਾ ਅਰਥਹੀਣ ਹੈ। ਲੇਖਕ ਨੇ ਇਸ ਨਾਵਲ ਦੇ ਸਿਖਰ-ਦ੍ਰਿਸ਼ ਵਿਚ ਸੱਚਿਦਾਨੰਦ ਅਤੇ ਮੇਰੂ ਦੇ ਕਿਰਦਾਰਾਂ ਦੀ ਉਸਾਰੀ ਬੜੀ ਨਿਪੁੰਨਤਾ ਨਾਲ ਕੀਤੀ ਹੈ। ਦੇਖੋ:

ਜਨਮ ਜਾਤ ਸਾਧੂ ਸੱਚਿਦਾਨੰਦ, ਰਿਸ਼ੀ-ਕੰਨਿਆ ਦੇ ਸਾਹਮਣੇ ਬਿਲਕੁਲ ਨੰਗਾ ਖੜ੍ਹਾ ਸੀ।

"ਇਸੇ ਲਈ ਮੈਂ ਤੈਨੂੰ ਕਹਿੰਦਾ ਸੀ ਕਿ ਇਹ ਤਨ ਅਧੂਰਾ ਹੈ, ਤੇਰੇ ਮੇਚ ਦਾ ਨਹੀਂ ਤੇ ਜਿਵੇਂ ਹੀ ਤੂੰ ਇਸ ਨੂੰ ਪਾਉਣਾ ਚਾਹੇਂਗੀ, ਸਭ ਕੁਝ ਬਿਖਰ ਜਾਵੇਗਾ। ਕੁਝ ਵੀ ਬਾਕੀ ਨਹੀਂ ਬਚੇਗਾ, ਨਾ ਤੂੰ ਨਾ ਮੈਂ।"

ਸੱਚਿਦਾਨੰਦ ਦੀ ਲਿੰਗ ਇੰਦਰੀ ਵਿੰਨ੍ਹੀ ਹੋਈ ਸੀ ਅਤੇ ਲਿੰਗ-ਇੰਦਰੀ ਵਿਚ ਪਾਇਆ ਲੋਹੇ ਦਾ ਭਾਰੀ ਛੱਲਾ ਇਸ ਤਰ੍ਹਾਂ ਲਟਕ ਰਿਹਾ ਸੀ, ਜਿਵੇਂ ਕੰਨ-ਪਾਟੇ ਜੋਗੀਆਂ ਦੇ ਭਰਿਆੜ ਹੋਏ ਕੰਨਾਂ ਵਿਚ ਵੱਡੀਆਂ-ਵੱਡੀਆਂ ਮੁੰਦਰਾਂ ਲਟਕ ਰਹੀਆਂ ਹੋਣ।

ਲਿੰਗ ਇੰਦਰੀ ਦੀ ਥਾਵੇਂ ਲਟਕਦਾ ਹੋਇਆ ਮਾਸ ਦਾ ਇਕ ਨਿਰਜੀਵ ਲੋਥੜਾ!

ਮੇਰੂ ਨੇ ਕਿਵੇਂ ਨਾ ਕਿਵੇਂ ਆਪਣੇ-ਆਪ ਨੂੰ ਇਕੱਠਾ ਜਿਹਾ ਕੀਤਾ ਅਤੇ ਵੱਡਾ ਸਾਰਾ ਹਉਕਾ ਭਰਦੀ ਹੋਈ ਬੋਲੀ, "ਇਹ ਕੀ?"

"ਇਹੀ ਤਾਂ ਸੱਚ ਹੈ।"

"ਨਹੀਂ, ਮੈਂ ਇਸ ਸੱਚ ਨੂੰ ਸਹਿਣ ਨਹੀਂ ਕਰ ਸਕਦੀ।".....

ਜਿਸ ਜਨਮ-ਜਾਤ ਸਾਧੂ ਨੂੰ ਮੇਰੂ ਹੁਣ ਤੱਕ ਇਕ ਮਹਾਂਪੁਰਖ ਸਮਝਦੀ ਆ ਰਹੀ ਸੀ। ਉਸ ਦੀਆਂ ਗੱਲਾਂ ਸੁਣ ਕੇ ਉਸ ਨੂੰ ਉਸ ਉੱਤੇ ਗੁੱਸਾ ਆਇਆ ਅਤੇ ਉਹ ਥੋੜ੍ਹੇ ਤਿੱਖੇ ਸੁਰ ਵਿਚ ਬੋਲੀ, "ਇੰਦਰੀਆਂ ਨੂੰ ਇਸ ਤਰ੍ਹਾਂ ਵਸ ਕਰਨ ਦਾ ਜਤਨ ਕਰਨਾ ਮੂਰਖਤਾ ਹੈ। ਕੀ ਤੂੰ ਵਸ ਕਰ ਸਕਿਆ? ਇੰਦਰੀਆਂ ਉਤੇ ਕਾਬੂ ਪਾਉਣ ਲਈ ਤਾਂ ਮਨ ਨੂੰ ਜਿੱਤਣਾ ਪੈਂਦਾ ਹੈ। ਤੂੰ ਤਾਂ ਮਨ ਨੂੰ ਮਾਰਿਆ ਹੈ। ਮਨ ਨੂੰ ਮਾਰਨਾ ਆਪਣੇ ਆਪ ਨੂੰ ਮਾਰਨਾ ਹੈ। ਤਨੋਂ ਤਾਂ ਤੂੰ ਅਧੂਰਾ ਸੀ ਹੀ, ਤੂੰ ਮਨੋਂ ਵੀ ਅਧੂਰਾ ਹੈਂ, ਅਪੂਰਨ।"

"ਪੂਰਨ ਅਪੂਰਨ ਮੈਂ ਕੁਝ ਨਹੀਂ ਜਾਣਦਾ। ਮੈਂ ਬਸ ਉਹੀ ਕੀਤੈ, ਜੋ ਪਰਮਾਤਮਾ ਦੀ ਮਰਜ਼ੀ ਸੀ।"

ਮੇਰੂ ਦਾ ਮਨ ਭਖਣ ਲੱਗਾ। ਗੁੱਸੇ ਵਿਚ ਉਹ ਬੋਲੀ, "ਮੂਰਖ, ਜੇ ਪਰਮਾਤਮਾ ਦੀ ਇਹੀ ਮਰਜ਼ੀ ਹੁੰਦੀ ਤਾਂ ਉਹ ਤੈਨੂੰ ਜੰਮ ਹੀ ਹੀਜੜਾ ਦਿੰਦਾ। ਤੈਨੂੰ ਇੰਨਾ ਭਰਿਆ-ਪੂਰਾ ਸਰੀਰ ਕਿਉਂ ਦਿੰਦਾ? ਉਸ ਪਰਮਾਤਮਾ ਨੇ ਤਾਂ ਤੈਨੂੰ ਇੰਨੀ ਸੁੰਦਰ ਦੇਹੀ ਦਿੱਤੀ ਸੀ ਤੇ ਤੂੰ ਇਸਨੂੰ ਅਪੰਗ ਬਣਾ ਲਿਆ।"

(ਪੰਨੇ 85-86)

ਦਰਸ਼ਨ ਮਿਤਵਾ ਦੇ ਨਾਵਲਾਂ ਵਿਚ ਪ੍ਰਤੀਨਿਧ ਪਾਤਰਾਂ ਦੇ ਅਧਿਐਨ-ਵਿਸ਼ਲੇਸ਼ਣ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸਦੇ ਪਾਤਰ-ਜਗਤ ਵਿਚ ਬਹੁਤ ਵਿਵਿਧਤਾ ਅਤੇ ਵੰਨ-ਸੁਵੰਨਤਾ ਹੈ। ਉਹ ਆਦਰਸ਼ਕ ਪਾਤਰਾਂ ਦੀ ਤਲਾਸ਼

ਨਹੀਂ ਕਰਦਾ ਬਲਕਿ ਆਪਣੇ ਜੀਵਨ ਦੇ ਆਸ-ਪਾਸ ਉਸ ਨੂੰ ਜਿਹੋ-ਜਿਹੇ ਪਾਤਰ ਵਿਚਰਦੇ ਦਿਖਾਈ ਦਿੰਦੇ ਹਨ, ਉਹ ਉਨ੍ਹਾਂ ਨੂੰ ਆਧਾਰ ਬਣਾ ਕੇ ਆਪਣੇ ਅਨੁਭਵ ਨੂੰ ਰੂਪਮਾਨ ਕਰ ਦਿੰਦਾ ਹੈ। ਉਹ ਇਕ ਚੇਤੰਨ ਲੇਖਕ ਹੈ। ਉਹ ਸਮਾਜਿਕ ਨਿਆਇ, ਸੁਤੰਤਰਤਾ ਅਤੇ ਸਮਾਨਤਾ ਦੇ ਮੌਲਿਕ ਅਧਿਕਾਰਾਂ ਦਾ ਪਰਵਕਤਾ ਹੈ। ਉਹ ਜਾਣਦਾ ਹੈ ਕਿ ਜਿਥੇ ਕਿਧਰੇ ਵੀ ਸ਼ੋਸ਼ਣ ਜਾਂ ਦਮਨ ਹੋ ਰਿਹਾ ਹੈ, ਉਹ ਕਿਸੇ ਵਰਗ ਵਿਸ਼ੇਸ਼ ਦੀ ਸਾਜ਼ਿਸ਼ ਦੇ ਕਾਰਨ ਫਲੀਭੂਤ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਉਹ ਮਾਨਵਦੋਖੀ ਅਤੇ ਪ੍ਰਤੀਗਾਮੀ ਸ਼ਕਤੀਆਂ ਦੇ ਕਿਰਦਾਰ ਨੂੰ ਨੰਗਾ ਕਰ ਦਿੰਦਾ ਹੈ। ਉਹ ਇਕ ਆਲੋਚਨਾਤਮਕ ਯਥਾਰਥਵਾਦੀ ਲੇਖਕ ਹੈ।

ਬੋਲੀ ਅਤੇ ਸ਼ੈਲੀ

ਦਰਸ਼ਨ ਮਿਤਵਾ ਇਕ ਅਨੁਭਵੀ ਲੇਖਕ ਹੈ। ਉਸ ਨੇ ਆਪਣੇ ਬਚਪਨ ਅਤੇ ਚੜ੍ਹਦੀ ਜਵਾਨੀ ਵਿਚ ਜੀਵਨ ਦੇ ਬਹੁਤ ਸਾਰੇ ਰੰਗ-ਢੰਗ ਦੇਖੇ ਹਨ। ਉਸਨੂੰ ਬਹੁਤ ਸਾਰੀਆਂ ਆਰਥਿਕ ਔਕੜਾਂ, ਸਮਾਜਿਕ ਸਮੱਸਿਆਵਾਂ ਅਤੇ ਪ੍ਰਾਕ੍ਰਿਤਕ ਬਿਪਤਾਵਾਂ ਦਾ ਸਾਹਮਣਾ ਕਰਨਾ ਪਿਆ ਹੈ। ਰੋਜ਼ਗਾਰ ਦੀ ਪ੍ਰਾਪਤੀ ਲਈ ਉਸ ਨੇ ਕਈ ਤਰ੍ਹਾਂ ਦੇ ਫੁਟਕਲ ਕੰਮ ਕੀਤੇ। ਇਸੇ ਕਾਰਨ ਉਸ ਦਾ ਸ਼ਬਦ ਭੰਡਾਰ ਬਹੁਤ ਅਮੀਰ ਅਤੇ ਸ਼ੈਲੀ ਬਹੁਤ ਕਾਟਵੀਂ ਹੋ ਗਈ ਹੈ। ਉਹ ਉਨ੍ਹਾਂ ਲੇਖਕਾਂ ਵਿਚੋਂ ਨਹੀਂ ਹੈ, ਜੋ ਚਾਂਦੀ ਦੇ ਚਮਚ ਮੂੰਹ ਵਿਚ ਲੈ ਕੇ ਜੰਮਦੇ ਹਨ ਜਾਂ ਜਿਨ੍ਹਾਂ ਨੂੰ ਰੋਜ਼ਗਾਰ-ਪ੍ਰਾਪਤੀ ਲਈ ਇਧਰ-ਉਧਰ ਭਟਕਣ ਦੀ ਲੋੜ ਨਹੀਂ ਪੈਂਦੀ। ਉਹ ਸਮਾਜ ਦੇ ਹਰ ਪ੍ਰਕਾਰ ਦੇ ਵਰਗ ਨੂੰ ਚੰਗੀ ਤਰ੍ਹਾਂ ਜਾਣਦਾ-ਸਮਝਦਾ ਹੈ ਕਿਉਂਕਿ ਇਕ ਪਰੌਢ ਵਿਅਕਤੀ ਬਣਨ ਦੀ ਯਾਤਰਾ ਦੌਰਾਨ ਉਸ ਨੂੰ ਹਰ ਵਰਗ ਦੀ ਜ਼ੇਹਨੀਅਤ ਦਾ ਜ਼ਾਤੀ ਅਨੁਭਵ ਰਿਹਾ ਹੈ। ਇਸ ਕਾਰਨ ਹਰ ਵਰਗ ਅਤੇ ਜਮਾਤ ਨਾਲ ਸੰਬੰਧਿਤ ਸੰਕਲਪਗਤ ਸ਼ਬਦਾਵਲੀ ਉਸਦੇ ਸ਼ਬਦ-ਭੰਡਾਰ ਵਿਚ ਸ਼ਾਮਲ ਹੋ ਗਈ ਹੈ।

ਮੂਲ ਰੂਪ ਵਿਚ ਉਸਦੀ ਸਾਹਿਤਿਕ ਬੋਲੀ ਮਲਵਈ ਹੈ। ਮਾਲਵੇ ਵਿਚ ਰਹਿਣ ਅਤੇ ਵਿਚਰਣ ਸਦਕਾ ਉਹ ਪੰਜਾਬ ਦੇ ਇਸੇ ਆਂਚਲ ਵਿਚੋਂ ਆਪਣੀ ਵਸਤੂ-ਸਾਮਗਰੀ ਪ੍ਰਾਪਤ ਕਰਦਾ ਹੈ। ਨਾਵਲ-ਰਚਨਾ ਦੇ ਸੰਬੰਧ ਵਿਚ ਉਸਦੇ ਬਹੁਤੇ ਪਾਤਰ ਮਾਲਵੇ ਦੇ ਗ੍ਰਾਮੀਣ ਪਰਿਵੇਸ਼ ਨਾਲ ਸੰਬੰਧ ਰੱਖਦੇ ਹਨ। ਇਹੀ ਕਾਰਨ ਹੈ ਕਿ ਉਸਦੇ ਬਹੁਤੇ ਪਾਤਰ ਮਲਵਈ ਭਾਸ਼ਾ ਦਾ ਪ੍ਰਯੋਗ ਕਰਕੇ ਹਨ। ਦੇਖੋ:

> "ਮਖਿਆਂ ਕਾਕੀਏ, ਤੂੰ ਫਿਕਰ ਕਿਉਂ ਕਰਦੀ ਐਂ! ਤਾਰੇ ਕੇਹੜਾ ਨਾ ਤੋੜ ਲਿਆਮਾਂ ਤੇਰੇ ਵਾਸਤੇ।.....ਜੇ ਕਹੇਂਗੀ ਤਾਂ ਬੀਕਾਨੇਰ ਕੰਨੀਂ ਨਿਕਲ ਚੱਲਾਂਗੇ। ਕਿਸੇ ਨੂੰ ਉੱਘ-ਸੁੱਘ ਈ ਨ੍ਹੀ ਲਿਕਲਣੀ।"
>
> "ਨਿਕਲੂੰਗੀ ਕਿਉਂ, ਏਥੇ ਈ ਰਹੂੰ। ਪਿੰਡ ਆਲਿਆਂ ਦੀ ਹਿੱਕ ਤੇ ਲਿਟੂੰ ਸੱਪ ਬਣ ਕੇ.....।" (ਇਕ ਰਾਤ ਜ਼ਖ਼ਮ, ਪੰਨਾ 27)

ਭਾਵੇਂ ਦਰਸ਼ਨ ਮਿਤਵਾ ਦੇ ਬਹੁਤੇ ਨਾਵਲਾਂ ਵਿਚ ਪਾਤਰ ਮਾਲਵੇ ਨਾਲ ਸੰਬੰਧ ਰੱਖਣ ਕਰਕੇ ਮਲਵਈ ਭਾਸ਼ਾ ਦਾ ਪ੍ਰਯੋਗ ਹੀ ਕਰਦੇ ਹਨ ਪਰ ਕਈ ਰਚਨਾਵਾਂ ਵਿਚ ਉਸਦੇ ਪਾਤਰ ਆਪਣੇ ਸਮਾਜਿਕ-ਸਭਿਆਚਾਰਕ ਪਰਿਵੇਸ਼ ਕਾਰਨ ਕੋਈ ਹੋਰ ਭਾਸ਼ਾ ਵੀ ਵਰਤ ਲੈਂਦੇ ਹਨ। ਜਿਵੇਂ:-

"ਮੇਰਾ ਵੀ ਬੱਸ ਅਚਾਨਕ ਆਉਣਾ ਹੋ ਗਿਆ।" ਸ਼ੁਕਨ ਜਿਵੇਂ ਆਪਣੇ ਮਨ ਦਾ ਪ੍ਰਯੋਜਨ ਛਿਪਾਉਣਾ ਚਾਹ ਰਿਹਾ ਹੋਵੇ।

"ਅਚਾਨਕ ਹੀ ਨਹੀਂ।" ਕਾਮਿਆ ਨੇ ਉਸਦੀ ਗੱਲ ਦਾ ਮੋੜ ਦਿੱਤਾ, "ਕਿਤੇ ਵੀ ਆਉਣ-ਜਾਣ ਦਾ ਕੋਈ ਨਾ ਕੋਈ ਪ੍ਰਯੋਜਨ ਹੁੰਦਾ ਹੈ। ਇਸ ਮਨੁੱਖੀ ਜਾਮੇ ਵਿਚ ਆਉਣ ਦਾ ਵੀ ਸਾਡਾ ਕੋਈ ਪ੍ਰਯੋਜਨ ਹੈ। ....ਬਿਨਾ ਪ੍ਰਯੋਜਨ ਕੋਈ ਕਿਤੇ ਨਹੀਂ ਆਉਂਦਾ-ਜਾਂਦਾ। ਤੁਸੀਂ ਪਰਮਾਤਮਾ ਦੇ ਦਰਸ਼ਨ ਕਰਨੇ ਸਨ, ਇਸ ਲਈ ਤੁਹਾਡਾ ਇੱਥੇ ਆਉਣਾ ਹੋਇਆ।" (ਸੱਚਿਦਾਨੰਦ, ਪੰਨਾ 65)

ਮਨੋਵਿਗਿਆਨ ਵਿਸ਼ਿਆਂ ਦੇ ਨਿਰੂਪਣ ਸਮੇਂ ਲੇਖਕ ਪ੍ਰਤੀਕਾਤਮਕ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਸਦਾ ਅੰਦਾਜ਼ ਕਾਵਿਕ ਹੋ ਜਾਂਦਾ ਹੈ ਅਤੇ ਉਹ ਭਾਸ਼ਾ ਨੂੰ ਸੰਚਾਰ ਦੀ ਬਜਾਇ ਨਿਰੋਲ ਆਤਮ-ਪ੍ਰਗਟਾਵੇ ਲਈ ਪ੍ਰਯੋਗ ਕਰਨ ਲੱਗਦਾ ਹੈ। ਅਜਿਹੀ ਭਾਸ਼ਾ ਕੁਝ ਉਜਾਗਰ ਕਰਨ ਦੀ ਬਜਾਇ ਬਹੁਤ ਕੁਝ ਛਿਪਾ ਜਾਂਦੀ ਹੈ। ਦੇਖੋ :-

ਇਕ ਬਿੰਦੂ ਤੋਂ ਦੂਸਰੇ ਬਿੰਦੂ ਤੱਕ ਦੀ ਦੂਰੀ ਹੀ ਤਾਂ ਰੇਖਾ ਹੁੰਦੀ ਹੈ......ਵਿੰਗੀ, ਸਿੱਧੀ ਜਾਂ ਗੋਲ।

ਜਦੋਂ ਬਿੰਦੂ ਨਹੀਂ ਤਾਂ ਰੇਖਾ ਨਹੀਂ।

ਇਕ ਬਿੰਦੂ ਦੀ ਕਹਾਣੀ ਤਾਂ ਇਕ ਬਿੰਦੂ ਤੱਕ ਹੀ ਸੀਮਤ ਰਹਿੰਦੀ ਹੈ।

-- ਪਰ ਹੋਰ ਵੀ ਪੜ੍ਹਿਆ ਹੈ, ਜਿੱਥੇ ਇਕ ਰੇਖਾ ਦੂਸਰੀ ਰੇਖਾ ਨੂੰ ਮਿਲਦੀ ਹੈ, ਬੱਸ ਬਿੰਦੂ ਜੰਮ ਪੈਂਦਾ ਹੈ।

ਕੁਝ ਸਮਝ ਨਹੀਂ ਆਉਂਦਾ ਕਿ ਬਿੰਦੂ ਅਤੇ ਬਿੰਦੂ ਮਿਲ ਕੇ ਇਕ ਰੇਖਾ ਜੰਮਦੇ ਹਨ ਅਤੇ ਰੇਖਾ ਤੇ ਰੇਖਾ ਮਿਲ ਕੇ ਇਕ ਬਿੰਦੂ।

(ਅੱਗ, ਸੋਚ ਤੇ ਬੱਤੀ ਦਿਨ, ਪੰਨਾ 65)

ਦਰਸ਼ਨ ਮਿਤਵਾ ਦੀ ਕਥਾ-ਸ਼ੈਲੀ ਦੀ ਇਕ ਹੋਰ ਵਿਲੱਖਣਤਾ ਵੱਖ-ਵੱਖ ਪਾਤਰਾਂ ਦੇ ਕੰਮਾਂ-ਧੰਦਿਆਂ ਸੰਬੰਧੀ ਵੇਰਵਿਆਂ ਦੇ ਸਟੀਕ ਨਿਰੂਪਣ ਨਾਲ ਜੁੜੀ ਹੋਈ ਹੈ। ਆਪਣੇ ਪਾਤਰਾਂ ਦੀ ਜੀਵਨ-ਸ਼ੈਲੀ ਨੂੰ ਪੇਸ਼ ਕਰਦੇ ਸਮੇਂ ਉਹ ਉਨ੍ਹਾਂ ਦੇ ਕੰਮਾਂ-ਧੰਦਿਆਂ ਦੀ ਤਫ਼ਸੀਲ ਵੀ ਪੇਸ਼ ਕਰ ਜਾਂਦਾ ਹੈ। ਇਸ ਵਿਧੀ ਨਾਲ ਪਾਤਰ, ਪਾਠਕਾਂ ਨੂੰ ਇਕ ਆਤਮੀਯ (intimate) ਰਿਸ਼ਤੇ ਵਿਚ ਬੰਨ੍ਹ ਲੈਂਦੇ ਹਨ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇਖੋ:

"ਛੋਟੂਆ, ਲਿਆ ਬਈ ਗਾਰਾ...ਇੱਟਾਂ ਲਿਆ ਬਈ, ਬੱਲੂਆ..... ਤੇਜੀ ਦਖਾਓ ਬਈ.....ਆਹ ਰਦਾ ਪੂਰਾ ਕਰ ਲੀਏ।"

ਕੰਧ ਉੱਤੇ ਗਾਰੇ ਦਾ ਬੱਠਲ ਆਉਂਦੇ ਹੀ ਉਹ ਕਾਹਲੀ-ਕਾਹਲੀ ਕਰੰਡੀ

ਨਾਲ ਗਾਰੇ ਨੂੰ ਕੰਧ ਉੱਤੇ ਫੈਲਾ ਦਿੰਦਾ ਅਤੇ ਫੇਰ ਇੱਟ ਰੱਖ ਕੇ ਕਰੰਡੀ ਦੇ ਮੁੱਠੇ ਨਾਲ ਉਸਨੂੰ ਥੋੜ੍ਹਾ ਜਿਹਾ ਠੋਕ ਦਿੰਦਾ।

ਕੰਧ ਉੱਤੇ ਗਾਰਾ ਖ਼ਤਮ ਹੋਇਆ ਤਾਂ ਜਿਉਣੇ ਨੇ ਛੋਟੂ ਨੂੰ ਆਵਾਜ਼ ਮਾਰਦਿਆਂ ਏਧਰ-ਓਧਰ ਤੱਕਿਆ। ਛੋਟੂ ਉਸਨੂੰ ਦਿਖਾਈ ਨਹੀਂ ਦਿੱਤਾ। ਗਾਰਾ ਢੋਣ ਉੱਤੇ ਛੋਟੂ ਸੀ। ਉਹ ਜੀਤੇ ਤੋਂ ਗਾਰੇ ਦਾ ਬੱਠਲ ਭਰਵਾਉਂਦਾ ਅਤੇ ਪੈੜ ਉੱਤੇ ਚੜ੍ਹ ਕੇ ਕੰਧ ਉਤੇ ਉਲਟਾ ਦਿੰਦਾ। ਮਿਸਤਰੀ ਕਰੰਡੀ ਨਾਲ ਬੱਠਲ ਵਿਚੋਂ ਗਾਰਾ ਕੰਧ ਉਤੇ ਢੇਰੀ ਕਰਵਾ ਲੈਂਦਾ ਅਤੇ ਫੇਰ ਇੱਟਾਂ ਦੀ ਚਿਣਾਈ......।

(ਕੁੜੀਆਂ ਚਿੜੀਆਂ, ਪੰਨਾ 139)

ਦਰਸ਼ਨ ਮਿਤਵਾ ਨੂੰ ਕਿਸੇ ਵੀ ਤਰ੍ਹਾਂ ਦਾ ਵਿਸ਼ਾ ਜਾਂ ਸੰਕਲਪ ਪੇਸ਼ ਕਰਨ ਲਈ ਭਾਸ਼ਾ ਜਾਂ ਸ਼ੈਲੀ ਦਾ ਸੰਕਟ ਮਹਿਸੂਸ ਨਹੀਂ ਹੁੰਦਾ। ਇਥੋਂ ਤਕ ਕਿ ਭੂਤ-ਪਰੇਤਾਂ ਨਾਲ ਸਬੰਧਿਤ ਵੇਰਵੇ ਪੇਸ਼ ਕਰਨ ਵਾਸਤੇ ਵੀ ਉਸਨੇ ਇਕ ਨਿਵੇਕਲੀ ਸ਼ੈਲੀ ਈਜਾਦ ਕਰ ਲਈ ਸੀ। ਆਪਣੇ ਇਸ ਨਾਵਲ ਵਿਚ ਲੋਕ-ਮਾਨਸਿਕਤਾ ਨੂੰ ਨਿਰੂਪਿਤ ਕਰਨ ਵਾਸਤੇ ਉਸ ਨੇ ਅਜਿਹੇ ਪਰਾਸਰੀਰਕ ਵੇਰਵੇ ਵੀ ਬੜੀ ਸਫ਼ਲਤਾ ਨਾਲ ਪੇਸ਼ ਕੀਤੇ ਹਨ। ਦੇਖੋ:

ਕਿੰਨਾ ਚਿਰ ਉਹ ਉਸੇ ਤਰ੍ਹਾਂ ਪਿਆ ਰਿਹਾ। ਉਸ ਵੱਲ ਉਵੇਂ-ਜਿਵੇਂ ਮਿਚੀਆਂ-ਮਿਚੀਆਂ ਅੱਖਾਂ ਨਾਲ ਤੱਕਦਾ ਰਿਹਾ। ਕਿਸੇ ਨੂੰ ਬੁਲਾਉਣ ਦੀ ਉਸਦੀ ਹਿੰਮਤ ਨਾ ਪਈ ਜਿਵੇਂ ਕਿਸੇ ਜ਼ਹਿਰੀ ਸੱਪ ਨੇ ਸੁੰਘ ਲਿਆ ਹੋਵੇ। ਗਲੇ ਦੀਆਂ ਨਾੜਾਂ ਤਣ ਗਈਆਂ ਸਨ। ਉਸ ਦੇ ਚਿਹਰੇ ਉਤੇ ਅਜੀਬ ਜਿਹਾ ਭੈਅ ਪੁਤ ਗਿਆ ਸੀ। ਫੇਰ ਜਦੋਂ ਡਰ ਨਾਲ ਉਸ ਦਾ ਰੋਮ-ਰੋਮ ਕੰਬ ਉੱਠਿਆ ਅਤੇ ਉਸਦਾ ਆਪਣੇ-ਆਪ ਉਤੇ ਕਾਬੂ ਨਾ ਰਿਹਾ ਤਾਂ ਡਰ ਨਾਲ ਉਸਦੀਆਂ ਚੀਕਾਂ ਨਿਕਲ ਗਈਆਂ। ਉਸਦੀਆਂ ਭਿਆਨਕ ਚੀਕਾਂ ਨੇ ਰਾਤ ਦੀ ਸ਼ਾਂਤੀ ਨੂੰ ਭੰਗ ਕਰ ਦਿੱਤਾ ਅਤੇ ਬੱਸ, ਉਹ ਸ਼ੈਅ ਕਾਹਲੀ ਨਾਲ ਭੱਜ ਕੇ ਕਿੱਕਰਾਂ ਵਾਲੇ ਵਾੜੇ ਵਿਚ ਜਾ ਵੜੀ ਅਤੇ ਦੇਖਦੇ ਹੀ ਦੇਖਦੇ ਕਿਧਰੇ ਅਲੋਪ ਹੋ ਗਈ। ਉਸਨੂੰ ਵਾੜੇ ਵਿਚ ਵੜਦਿਆਂ ਮਾਣੇ ਨੇ ਆਪ ਤੱਕਿਆ ਸੀ ਪਰ ਉਸਦੇ ਅਲੋਪ ਹੋ ਜਾਣ ਤੋਂ ਬਾਅਦ ਕਿੰਨਾ ਹੀ ਚਿਰ ਉਹ ਆਪਣੀਆਂ ਅੱਖਾਂ ਰਗੜ-ਰਗੜ ਵਾੜੇ ਵਿਚ ਤੱਕਦਾ ਰਿਹਾ ਪਰ ਉਹ ਔਰਤ ਉਸ ਨੂੰ ਕਿਧਰੇ ਨਹੀਂ ਦਿੱਸੀ।

(ਨੰਗੇ ਸਿਰ ਵਾਲੀ ਤੀਵੀਂ, ਪੰਨਾ 33)

ਦਰਸ਼ਨ ਮਿਤਵਾ ਕਿਸੇ ਪ੍ਰਸੰਗ ਜਾਂ ਸਥਾਨ (locale) ਦੇ ਮਹਤਵ ਨੂੰ ਦਰਸਾਉਣ ਲਈ ਪ੍ਰਕ੍ਰਿਤਕ ਦ੍ਰਿਸ਼ਾਂ ਦਾ ਵੀ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਕਰਦਾ ਹੈ। ਆਦਿਮ ਕਾਲ ਤੋਂ ਪ੍ਰਾਕ੍ਰਿਤੀ ਦੇ ਅੰਗ-ਸੰਗ ਰਹਿਣ ਕਰਕੇ ਮਨੁੱਖ ਪ੍ਰਕ੍ਰਿਤੀ ਦੇ ਹਵਾਲੇ ਨਾਲ ਕਿਸੇ ਸੰਦਰਭ ਜਾਂ ਵਸਤੂ-ਸਥਿਤੀ ਨੂੰ ਵਧੇਰੇ ਆਸਾਨੀ ਨਾਲ ਸਮਝ ਲੈਂਦਾ ਹੈ। ਇਸ ਕਾਰਨ ਲੇਖਕ ਪ੍ਰਾਕ੍ਰਿਤਕ ਦ੍ਰਿਸ਼ਾਂ ਦੇ ਮਹਤਵ ਨੂੰ ਬੜੀ ਚੰਗੀ ਤਰ੍ਹਾਂ

ਜਾਣਦਾ-ਸਮਝਦਾ ਹੈ। ਇਸ ਪ੍ਰਸੰਗ ਵਿਚ ਉਸਦੀ ਰਚਨਾ ਵਿਚੋਂ ਇਕ ਦ੍ਰਿਸ਼ਟਾਂਤ ਦੇਖੋ:

> ਮਹਿਕ ਭਰੀਆਂ, ਹਵਾ ਦੇ ਬੁੱਲਿਆਂ ਨਾਲ ਝੂਲਦੀਆਂ ਇਹ ਵੇਲਾਂ ਇਸ ਤਰ੍ਹਾਂ ਲਗਦੀਆਂ ਹਨ, ਜਿਵੇਂ ਸਾਉਣ ਦੇ ਮਹੀਨੇ ਨਸ਼ੇ ਵਿਚ ਚੂਰ ਪੀਂਘਾਂ ਝੂਟਦੀਆਂ ਨੱਢੀਆਂ-ਮੁਟਿਆਰਾਂ ਜਿਦ-ਜਿਦ ਕੇ ਹੀਂਘਾਂ ਚੜ੍ਹਾ ਰਹੀਆਂ ਹੋਣ। ਉਨ੍ਹਾਂ ਨੂੰ ਦੇਖ-ਦੇਖ ਹਵਾ ਜਿਵੇਂ ਸੀਟੀਆਂ ਮਾਰ ਰਹੀ ਹੋਵੇ। ਮਿੱਟੀ ਦੀ ਹਲਕੀ-ਹਲਕੀ ਮਹਿਕ ਮਨਾਂ ਨੂੰ ਤਰੋ-ਤਾਜ਼ਾ ਕਰ ਰਹੀ ਹੈ। ਰੁਮਕਦੀ ਹਵਾ ਵਿਚ ਬਿਰਖਾਂ ਦੇ ਪੱਤਿਆਂ ਵਿਚੋਂ 'ਛਣ-ਛਣ' ਝਰਦਾ ਸੰਗੀਤ ਕੁਦਰਤ ਦਾ ਗੀਤ ਹੈ। ਅਸਮਾਨ ਵਿਚ ਤੈਰਦੇ ਤਿੱਤਰ ਖੰਭੀ, ਕਪਾਹੀ, ਹਲਕੇ ਉਨਾਭੀ, ਕਾਲੇ ਮਟਮੈਲੇ, ਬੱਦਲ ਰੁੱਖਾਂ ਦੀਆਂ ਟੀਸੀਆਂ ਅਤੇ ਪਹਾੜਾਂ ਦੀਆਂ ਸਿਖਰਾਂ ਨਾਲ ਛੇੜਖਾਨੀ ਕਰਦੇ ਮੁਸਕੜੀਏਂ ਹੱਸ ਰਹੇ ਲੱਗਦੇ ਹਨ।
>
> (ਸੱਚਿਦਾਨੰਦ, ਪੰਨਾ 33)

ਦਰਸ਼ਨ ਮਿਤਵਾ ਦੀ ਨਾਵਲ ਕਲਾ ਦੇ ਪ੍ਰਮੁੱਖ ਲੱਛਣਾਂ ਅਤੇ ਬ੍ਰਿਤਾਂਤ-ਵਿਧੀਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸਨੇ ਅਨੁਭਵ ਖੇਤਰ ਪ੍ਰਤੀ ਸੁਹਿਰਦ ਰਹਿੰਦਿਆਂ ਹੋਇਆਂ ਪੰਜਾਬੀ ਸਾਹਿੱਤ ਦੀ ਇਸ ਵਿਧਾ ਵਿਚ ਮਹਤਵਪੂਰਨ ਯੋਗਦਾਨ ਪਾਇਆ ਹੈ। ਜੀਵਨ ਦੇ ਬਹੁਮੁਖੀ ਅਨੁਭਵ ਦਾ ਸਵਾਮੀ ਹੋਣ ਦੀ ਸੂਰਤ ਵਿਚ ਉਸਦੇ ਨਾਵਲ, ਪਾਠਕਾਂ ਨੂੰ ਅਤਿਅੰਤ ਭਰੋਸੇਯੋਗ ਅਤੇ ਰੈਡੀਕਲ ਜਾਣਕਾਰੀ ਪ੍ਰਦਾਨ ਕਰਦੇ ਹਨ। ਉਸ ਨੇ ਵੱਡੀ ਮਾਤਰਾ ਵਿਚ ਪੰਜਾਬੀ, ਭਾਰਤੀ ਅਤੇ ਵਿਦੇਸ਼ੀ ਸਾਹਿੱਤ ਦਾ ਅਧਿਐਨ ਕੀਤਾ ਹੈ, ਜਿਸ ਕਾਰਨ ਅਚੇਤ ਹੀ ਉਸਦੇ ਭਾਵਬੋਧ ਵਿਚ ਪਰਿਪੱਕ ਨਾਵਲਕਾਰਾਂ ਦੇ ਕੁਝ ਪ੍ਰਭਾਵ ਅੰਕਿਤ ਹੋ ਗਏ ਹੋਣਗੇ ਪਰ ਉਸਨੇ ਸਚੇਤ ਰੂਪ ਵਿਚ ਕਦੇ ਕਿਸੇ ਲੇਖਕ ਜਾਂ ਧਾਰਾ ਦਾ ਅਨੁਕਰਣ ਕਰਨ ਦੀ ਚੇਸ਼ਟਾ ਨਹੀਂ ਕੀਤੀ। ਉਸਦੇ ਅਨੁਭਵ ਦਾ ਰੰਗ ਨਿਰੋਲ ਉਸਦਾ ਆਪਣਾ ਹੈ। ਪੰਜਾਬੀ ਵਿਚ ਬਹੁਤਾ ਨਾਵਲ ਕਿਰਸਾਨੀ ਜੀਵਨ-ਜਾਚ ਅਤੇ ਰਿਸ਼ਤਿਆਂ ਬਾਰੇ ਰਚਿਆ ਜਾ ਰਿਹਾ ਹੈ ਪਰੰਤੂ ਦਰਸ਼ਨ ਮਿਤਵਾ ਨੇ ਕਦੇ ਇਸ ਦਿਸ਼ਾ ਨੂੰ ਆਪਣਾ ਮਾਡਲ ਮੰਨ ਕੇ ਅਪਣਾਉਣ ਦੀ ਭਾਵੁਕ ਭੁੱਲ ਨਹੀਂ ਕੀਤੀ। ਬੇਸ਼ਕ ਉਸਦੇ ਇੱਕਾ-ਦੁੱਕਾ ਨਾਵਲ ਵਿਚ ਇਸ ਸ਼੍ਰੇਣੀ ਦੇ ਕੁਝ ਅਕਸ ਨਿਰੂਪਿਤ ਹੋਏ ਹਨ ਪਰੰਤੂ ਇਹ ਉਸਦਾ ਮੁੱਖ ਖੇਤਰ ਨਹੀਂ ਹੈ। ਮੂਲ ਤੌਰ ਤੇ ਉਹ ਹਾਸ਼ੀਆਕ੍ਰਿਤ ਵਰਗਾਂ (ਦਲਿਤਾਂ, ਬਾਲ ਮਜ਼ਦੂਰਾਂ, ਮਜਬੂਰ ਨਾਰੀਆਂ, ਨਿਮਨ ਮਧਵਰਗ) ਆਦਿ ਦਾ ਚਿਤੇਰਾ ਹੈ। ਵਸਤੂ-ਸਾਮਗਰੀ ਅਤੇ ਬ੍ਰਿਤਾਂਤ ਵਿਧੀਆਂ ਦੀ ਦ੍ਰਿਸ਼ਟੀ ਤੋਂ ਉਹ ਪੰਜਾਬੀ ਦਾ ਇਕ ਪ੍ਰਮੁਖ ਨਾਵਲਕਾਰ ਹੈ।

ਕੁੜੀਆਂ ਚਿੜੀਆਂ
ਦਲਿਤ ਜੀਵਨ ਦਾ ਨਾਰੀਵਾਦੀ ਬ੍ਰਿਤਾਂਤ

ਦਰਸ਼ਨ ਮਿਤਵਾ ਇਕ ਸਮਰੱਥ ਅਤੇ ਚੇਤੰਨ ਗਲਪਕਾਰ ਹੈ। ਦੋ-ਤਿੰਨ ਨਾਟਕਾਂ ਤੋਂ ਬਿਨਾਂ ਪੰਜਾਬੀ ਵਿਚ ਉਸਦੇ ਸੱਤ ਨਾਵਲ ਅਤੇ ਏਨੇ ਹੀ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਉਸ ਦਾ ਰਚਨਾਤਮਕ ਦਾਇਰਾ ਬੜਾ ਵਿਸ਼ਾਲ ਅਤੇ ਵਿਆਪਕ ਹੈ। ਜਿੰਨਾਂ ਕੁ ਮੈਂ ਉਸ ਨੂੰ ਪੜ੍ਹਿਆ ਹੈ, ਮੈਂ ਮਹਿਸੂਸ ਕੀਤਾ ਹੈ ਕਿ ਉਸਨੇ ਵਸਤੂ-ਸਾਮਗਰੀ ਦੀ ਦ੍ਰਿਸ਼ਟੀ ਤੋਂ ਆਪਣੇ ਆਪ ਨੂੰ ਕਦੇ ਨਹੀਂ ਦੁਹਰਾਇਆ। ਹਰ ਵਾਰ ਉਹ ਮਨੁੱਖੀ ਜੀਵਨ ਅਤੇ ਸਭਿਆਚਾਰ ਦੇ ਕਿਸੇ ਨਵੇਕਲੇ ਖੰਡ ਉਪਰ ਆਪਣੀ ਦ੍ਰਿਸ਼ਟੀ ਕੇਂਦ੍ਰਿਤ ਕਰਦਾ ਹੈ ਅਤੇ ਇਸ ਵਿਚ ਆਏ ਉਲਾਰਾਂ-ਵਿਕਾਰਾਂ ਨੂੰ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ਾ ਬਣਾਉਂਦਾ ਹੈ। 'ਕੁੜੀਆਂ-ਚਿੜੀਆਂ' ਵਿਚ ਉਸਨੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਨਾਰੀ ਜੀਵਨ ਨੂੰ ਗਲਪੀ ਵਿਧਾ ਦੁਆਰਾ ਰੂਪਮਾਨ ਕੀਤਾ ਹੈ।

ਇਹ ਨਾਵਲ ਛੋਟੂ ਉਰਫ਼ ਛੋਟਾ ਸਿੰਘ ਦੇ ਪਰਿਵਾਰਕ-ਸਭਿਆਚਾਰਕ ਜੀਵਨ ਦੇ ਆਲੇ-ਦੁਆਲੇ ਘੁੰਮਦਾ ਹੈ। ਨਾਵਲੀ ਬ੍ਰਿਤਾਂਤ ਅਨੁਸਾਰ ਛੋਟੂ ਦੀਆਂ ਤਿੰਨ ਧੀਆਂ -ਨਸੀਬੋ, ਮੁੰਨੀ ਅਤੇ ਗੁੱਡੀ ਹਨ। ਹੁਣ ਚੌਥੀ ਵਾਰ ਉਸ ਦੀ ਪਤਨੀ ਧੰਨੀ ਨੂੰ ਫਿਰ ਉਮੀਦਵਾਰੀ ਹੈ। ਛੋਟੂ ਅਤੇ ਉਸਦੇ ਰਿਸ਼ਤੇਦਾਰਾਂ ਦੀ ਕਾਮਨਾ ਹੈ ਕਿ ਇਸ ਵਾਰ ਉਸਦੇ ਮੁੰਡਾ ਹੋ ਜਾਵੇ ਤਾਂ ਜੋ ਉਹ ਵੀ ਪੁੱਤਰ ਦਾ ਸੁੱਖ ਮਾਣ ਸਕੇ। ਇਸ ਮੰਤਵ ਲਈ ਉਹ ਪਿੰਡ ਦੇ ਸਾਧੂ ਅੱਗੇ ਸੁੱਖਣਾ ਵੀ ਸੁੱਖਦਾ ਹੈ। ਇਹ ਸਾਧੂ ਵੀ ਉਸ ਨੂੰ ਪੁੱਤਰ-ਪ੍ਰਾਪਤੀ ਦਾ ਵਰ ਦੇ ਦਿੰਦਾ ਹੈ। ਭਾਵੇਂ ਪੁੱਤਰ ਨੂੰ ਜਨਮ ਦੇਣ ਦੀ ਪ੍ਰਕ੍ਰਿਆ ਵਿਚ ਧੰਨੀ ਦੀ ਮੌਤ ਹੋ ਜਾਂਦੀ ਹੈ, ਪਰੰਤੂ ਪੁੱਤਰ ਹੋਣ ਦੀ ਖੁਸ਼ੀ ਵਿਚ ਛੋਟੂ ਆਪਣੀ ਪਤਨੀ ਧੰਨੀ ਦੀ ਮੌਤ ਦੇ ਸੰਤਾਪ ਨੂੰ ਭੁੱਲ ਜਾਂਦਾ ਹੈ।

ਛੋਟੂ, ਮਕਾਨ ਉਸਾਰੀ ਕਰਨ ਵਾਲਾ ਇਕ ਮਜ਼ਦੂਰ ਹੈ। ਉਹ ਸੁਬਹ ਸਵਖਤੇ ਉਠ ਕੇ ਨੇੜੇ ਦੇ ਸ਼ਹਿਰ ਵਿਚ ਮਜ਼ਦੂਰੀ ਕਰਨ ਚਲਾ ਜਾਂਦਾ ਹੈ। ਪਿੱਛੋਂ ਉਸਦੀ ਵੱਡੀ ਧੀ ਨਸੀਬੋ ਘਰ ਦਾ ਸਾਰਾ ਕੰਮ-ਧੰਦਾ ਸੰਭਾਲਦੀ ਹੈ। ਨਸੀਬੋ ਤੋਂ ਛੋਟੀ ਮੁੰਨੀ, ਪਿੰਡ ਦੇ ਇਕ ਜ਼ਿਮੀਦਾਰ ਜੋਗਿੰਦਰ ਸਿੰਘ ਦੇ ਘਰ ਦਾ ਗੋਹਾ-ਕੂੜਾ ਕਰਦੀ ਹੈ ਅਤੇ ਇਸਦੇ ਇਵਜ਼ ਵਿਚ ਉਸ ਨੂੰ ਕੁਝ ਪੈਸੇ ਅਤੇ ਦਾਣਾ-ਫੱਕਾ ਮਿਲ ਜਾਂਦਾ ਹੈ। ਸਭ ਤੋਂ ਛੋਟੀ ਗੁੱਡੀ ਸਕੂਲ ਵਿਚ ਪੜ੍ਹਨ ਜਾਂਦੀ ਹੈ। ਇਸ ਤਰ੍ਹਾਂ ਨਸੀਬੋ

ਨਾ ਕੇਵਲ ਘਰ ਨੂੰ ਸੰਭਾਲਦੀ ਹੈ ਬਲਕਿ ਆਪਣੇ ਛੋਟੇ ਵੀਰ ਕਾਲੂ ਦੀ ਪਾਲਣਾ-ਪੋਸਣਾ ਵੀ ਕਰਦੀ ਹੈ। ਕਦੇ-ਕਦਾਈਂ ਉਸ ਦੀ ਮਾਸੀ ਜੈਲੋ ਵੀ ਦੋ-ਚਾਰ ਦਿਨ ਲਈ ਛੋਟੂ ਦੇ ਘਰ ਦੀ ਦੇਖ-ਭਾਲ ਕਰ ਜਾਂਦੀ ਹੈ। ਇਸੇ ਤਰ੍ਹਾਂ ਛੋਟੂ ਦੀ ਚਾਚੀ ਬਚਨੀ ਵੀ ਵੇਲੇ-ਕੁਵੇਲੇ ਪਰਿਵਾਰ ਦੀ ਮਦਦ ਲਈ ਬਹੁੜਦੀ ਹੈ ਅਤੇ ਇੰਜ ਛੋਟੂ ਦੇ ਪਰਿਵਾਰ ਦਾ ਜੀਵਨ ਰਿੜ੍ਹਦਾ ਜਾਂਦਾ ਹੈ। ਹੋਰ ਤਾਂ ਭਾਵੇਂ ਕਿਸੇ ਨੂੰ ਨਾ ਮਹਿਸੂਸ ਹੁੰਦਾ ਹੋਵੇ ਪਰ ਕਬੀਲਦਾਰੀ ਦੇ ਚਕਰਵਿਊਹ ਵਿਚ ਫਸੀ ਨਸੀਬੋ ਨੂੰ ਜ਼ਰੂਰ ਸਮੇਂ-ਸਮੇਂ ਆਪਣੀ ਮਾਂ ਧੰਨੀ ਦੀ ਯਾਦ ਆਉਂਦੀ ਰਹਿੰਦੀ ਹੈ।

ਨਾਵਲੀ-ਬ੍ਰਿਤਾਂਤ ਦੀ ਅਗਲੀ ਕੜੀ ਮੁੰਨੀ ਦੇ ਜੀਵਨ ਨੂੰ ਬਿਆਨ ਕਰਦੀ ਹੈ ਜੋ ਪਿੰਡ ਦੇ ਇਕ ਜ਼ਿਮੀਦਾਰ ਜੋਗਿੰਦਰ ਸਿੰਘ ਦੇ ਘਰ ਗੋਹੇ-ਕੂੜੇ ਦਾ ਕੰਮ ਕਰਦੀ ਹੈ। ਜੋਗਿੰਦਰ ਸਿੰਘ ਦਾ ਹੱਥ ਪੈਸੇ ਵੱਲੋਂ ਕਾਫ਼ੀ ਖੁੱਲ੍ਹਾ ਹੈ। ਇਸ ਕਾਰਨ ਉਸਦੀ ਤਬੀਅਤ ਐਸ਼ਪ੍ਰਸਤ ਬਣ ਗਈ ਹੈ। ਉਹ ਪਿੰਡ ਦੀਆਂ ਔਰਤਾਂ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਸ ਦੀ ਪਤਨੀ ਨੇ ਉਸਦੇ ਅਜਿਹੇ ਸੁਭਾਉ ਨੂੰ ਪ੍ਰਵਾਨ ਕਰ ਲਿਆ ਹੈ। ਅਗਾਂਹ ਉਸਦਾ ਇਕਲੌਤਾ ਪੁੱਤਰ ਸੁਰਿੰਦਰ ਵੀ ਆਪਣੇ ਪਿਤਾ ਵਰਗਾ ਨਿਕਲਦਾ ਹੈ। ਉਹ ਮੁੰਨੀ ਵਰਗੀ ਅੱਲ੍ਹੜ ਮੁਟਿਆਰ ਨੂੰ ਆਪਣਾ ਸ਼ਿਕਾਰ ਬਣਾਉਣ ਲਈ ਵਿਊਹ-ਰਚਨਾ ਕਰ ਲੈਂਦਾ ਹੈ। ਕਮਸਿਨ ਮੁੰਨੀ ਨੂੰ ਸਾਰੀ ਹਕੀਕਤ ਉਸ ਸਮੇਂ ਸਮਝ ਆਉਂਦੀ ਹੈ ਜਦੋਂ ਉਹ ਗਰਭਵਤੀ ਹੋ ਜਾਂਦੀ ਹੈ। ਨਸੀਬੋ ਨੂੰ ਵੀ ਮੁਨੀ ਦੀ ਇਸ ਸਥਿਤੀ ਬਾਰੇ ਪਤਾ ਚੱਲ ਜਾਂਦਾ ਹੈ ਅਤੇ ਉਹ ਉਸਨੂੰ ਕਾਫ਼ੀ ਬੁਰਾ-ਭਲਾ ਕਹਿੰਦੀ ਹੈ ਪਰੰਤੂ ਮੁਨੀ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਸੁਰਿੰਦਰ ਉਸ ਨਾਲ ਖੜੇਗਾ ਅਤੇ ਉਸ ਨੂੰ ਇਸ ਮੁਸ਼ਕਿਲ ਵਿਚੋਂ ਕੱਢ ਲਵੇਗਾ। ਇਹ ਸੋਚ ਕੇ ਉਹ ਅਗਲੇ ਦਿਨ ਸਾਝਰੇ ਹੀ ਸੁਰਿੰਦਰ ਪਾਸ ਪਹੁੰਚ ਜਾਂਦੀ ਹੈ ਅਤੇ ਉਸ ਅੱਗੇ ਸਾਰੀ ਹਕੀਕਤ ਬਿਆਨ ਕਰ ਦਿੰਦੀ ਹੈ। ਮੁੰਨੀ ਦੇ ਮੂੰਹੋਂ ਗਰਭਵਤੀ ਹੋਣ ਦੀ ਗੱਲ ਸੁਣਦਿਆਂ ਹੀ ਸੁਰਿੰਦਰ ਉਸ ਨੂੰ ਗਾਲ੍ਹੀ-ਗਲੋਚ ਕਰਨ ਲੱਗਦਾ ਹੈ ਅਤੇ ਮੁੰਨੀ ਦੀ ਕਿਸੇ ਤਰ੍ਹਾਂ ਨਾਲ ਵੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰ ਦਿੰਦਾ ਹੈ। ਮੁੰਨੀ ਲਈ ਅਪਮਾਨਜਨਕ ਜਾਤੀਸੂਚਕ ਸ਼ਬਦ ਵਰਤਦਿਆਂ ਉਹ ਇਥੋਂ ਤੱਕ ਕਹਿ ਦਿੰਦਾ ਹੈ ਕਿ ਉਹ ਖ਼ਬਰ ਨਹੀਂ ਕਿੱਥੇ-ਕਿੱਥੇ ਧੱਕੇ ਖਾਂਦੀ ਰਹੀ ਹੈ ਅਤੇ ਉਸਨੂੰ 'ਅਣਚਾਹੇ ਗਰਭ' ਲਈ ਜ਼ਿੰਮੇਵਾਰ ਠਹਿਰਾ ਰਹੀ ਹੈ। ਇਹੋ ਜਿਹੇ ਅਪਮਾਨਜਨਕ ਸ਼ਬਦ ਸੁਣ ਕੇ ਮੁੰਨੀ ਆਪਣੇ ਆਪ ਨੂੰ ਠੱਗੀ ਗਈ ਮਹਿਸੂਸ ਕਰਦੀ ਹੈ ਅਤੇ ਆਪਣਾ ਅਪਮਾਨਿਤ ਚਿਹਰਾ ਲੈ ਕੇ ਘਰੇ ਮੁੜਨ ਦੀ ਬਜਾਇ ਪਿੰਡ ਦੇ ਇਕ ਪੁਰਾਣੇ ਖੂਹ ਵਿਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲੈਂਦੀ ਹੈ। ਪਿੰਡ ਦੇ ਸਰਪੰਚ ਦੇ ਕਹਿਣ ਤੇ ਛੋਟੂ ਆਪਣੀ ਧੀ ਮੁੰਨੀ ਦਾ ਫ਼ੌਰਨ ਸੰਸਕਾਰ ਕਰ ਦਿੰਦਾ ਹੈ। ਜਦੋਂ ਪੁਲਸ ਨੂੰ ਪਤਾ ਚਲਦਾ ਹੈ ਤਾਂ ਸਰਪੰਚ, ਸੁਰਿੰਦਰ ਤੋਂ ਦਸ ਹਜ਼ਾਰ ਰੁਪਏ ਦਿਵਾ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਬੇਨਤੀ ਕਰਦਾ ਹੈ। ਜਿਨ੍ਹਾਂ ਵਿਚੋਂ ਪੰਜ ਹਜ਼ਾਰ ਰੁਪਏ ਆਪ ਵੀ ਡਕਾਰ ਜਾਂਦਾ ਹੈ। ਇਸ ਤਰ੍ਹਾਂ

ਧੰਨੀ ਦੀ ਮੌਤ ਤੋਂ ਬਾਅਦ ਛੋਟੂ ਦੇ ਪਰਿਵਾਰ ਉਤੇ ਇਕ ਹੋਰ ਸੱਟ ਵਜਦੀ ਹੈ ਪਰੰਤੂ ਛੋਟੂ ਵਰਗੇ ਨਿਰਧਨ ਅਤੇ ਦਲਿਤ ਵਿਅਕਤੀ ਨੂੰ ਇਹੋ ਜਿਹਾ ਅਸਹਿ ਦੁੱਖ ਵੀ ਬਰਦਾਸ਼ਤ ਕਰਨਾ ਪੈਂਦਾ ਹੈ।

ਆਪਣੀ ਜਵਾਨ-ਜਹਾਨ ਭੈਣ ਮੁੰਨੀ ਦੀ ਮੌਤ ਨਸੀਬੋ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਉਹ ਉਸਦੀ ਮ੍ਰਿਤੂ ਲਈ ਕਿਸੇ ਹੱਦ ਤਕ ਆਪਣੇ ਆਪ ਨੂੰ ਵੀ ਜ਼ਿੰਮੇਵਾਰ ਠਹਿਰਾਉਂਦੀ ਹੈ। ਉਹ ਸੋਚਦੀ ਹੈ ਕਿ ਜੇ ਉਹ ਮੁੰਨੀ ਨੂੰ ਬੁਰਾ-ਭਲਾ ਨਾ ਆਖਦੀ, ਉਸ ਨਾਲ ਸਹਾਨੁਭੂਤੀ ਦਰਸਾਉਂਦੀ ਤਾਂ ਹੋ ਸਕਦਾ ਹੈ ਕਿ ਮੁੰਨੀ ਆਤਮ-ਹੱਤਿਆ ਨਾ ਹੀ ਕਰਦੀ। ਮਰਨ ਤੋਂ ਪਹਿਲਾਂ ਮੁੰਨੀ ਨੇ ਨਸੀਬੋ ਨੂੰ ਦੱਸ ਦਿੱਤਾ ਸੀ ਕਿ ਉਹ ਜ਼ਿਮੀਦਾਰਾਂ ਦੇ ਮੁੰਡੇ ਸੁਰਿੰਦਰ ਨਾਲ ਆਪਣੇ ਸਰੀਰਕ ਸੰਬੰਧਾਂ ਕਾਰਨ ਹੀ ਗਰਭਵਤੀ ਹੋਈ ਹੈ ਅਤੇ ਉਹ ਸੁਰਿੰਦਰ ਨੂੰ ਪਿਆਰ ਕਰਦੀ ਹੈ। ਪਰ ਮੁੰਨੀ ਨੂੰ ਕੀ ਪਤਾ ਸੀ ਕਿ ਪੁਰਸ਼ (ਅਤੇ ਉਹ ਵੀ ਉਚ ਵਰਗ ਦਾ) ਪੈਰ-ਪੈਰ ਤੇ ਨਾਰੀ ਨੂੰ ਗੁਮਰਾਹ ਕਰਦਾ ਹੈ। ਉਹ ਉਸ ਦੀ ਅਸਮਤ ਨਾਲ ਤਾਂ ਖੇਡ ਜਾਂਦਾ ਹੈ, ਪਰੰਤੂ ਕਿਸੇ ਪ੍ਰਕਾਰ ਦੀ ਜ਼ਿੰਮੇਵਾਰੀ ਓਟਣ ਲਈ ਤਿਆਰ ਨਹੀਂ ਹੁੰਦਾ। ਬਲਕਿ ਜਿਸ ਨਾਰੀ ਨੂੰ ਉਸ ਨੇ ਪਿਆਰ-ਦੁਲਾਰ ਨਾਲ ਫੁਸਲਾ ਕੇ ਆਪਣਾ ਸ਼ਿਕਾਰ ਬਣਾਇਆ ਹੁੰਦਾ ਹੈ, ਉਸੇ ਨੂੰ ਬਦਚਲਣ ਕਹਿ ਕੇ ਆਪਣਾ ਪੱਲਾ ਝਾੜ ਲੈਂਦਾ ਹੈ। ਦਰਸ਼ਨ ਮਿਤਵਾ ਨੇ ਬ੍ਰਿਤਾਂਤ ਦੀ ਇਸ ਲੜੀ ਵਿਚ ਪੁਰਸ਼ ਦੀ ਮਾਨਸਿਕਤਾ ਅਤੇ ਇਸਤ੍ਰੀ ਦੀ ਬੇਬਸੀ ਦੇ ਬੜੇ ਪ੍ਰਮਾਣਿਤ ਚਿਤਰ ਪੇਸ਼ ਕੀਤੇ ਹਨ।

ਇਸ ਨਾਵਲੀ-ਬ੍ਰਿਤਾਂਤ ਦੀ ਤੀਜੀ ਕੜੀ ਨਸੀਬੋ ਦੀਆਂ ਮੁਸ਼ਕਿਲਾਂ ਮੁਸੀਬਤਾਂ ਨਾਲ ਜੁੜੀ ਹੋਈ ਹੈ । ਧੰਨੀ ਦੀ ਮੌਤ ਤੋਂ ਬਾਅਦ ਨਸੀਬੋ ਨੂੰ ਨਾ ਕੇਵਲ ਘਰ ਕੰਮ-ਕਾਰ ਕਰਨੇ ਪੈਂਦੇ ਹਨ ਬਲਕਿ ਆਪਣੇ ਤੋਂ ਛੋਟੇ ਤਿੰਨਾਂ ਭੈਣ-ਭਰਾਵਾਂ ਨੂੰ ਵੀ ਸੰਭਾਲਣਾ ਪੈਂਦਾ ਹੈ। ਸਭ ਤੋਂ ਪਹਿਲਾਂ ਉਹ ਆਪਣੇ ਬਾਪ ਛੋਟੂ ਸਿੰਘ ਨੂੰ ਚਾਹ-ਪਾਣੀ ਪਿਆ ਕੇ ਅਤੇ ਦੁਪਹਿਰ ਦੀ ਰੋਟੀ ਦੇ ਕੇ ਦਿਹਾੜੀ ਕਰਨ ਲਈ ਰਵਾਨਾ ਕਰਦੀ ਹੈ। ਫਿਰ ਛੋਟੀ ਗੁੱਡੀ ਨੂੰ ਤਿਆਰ ਕਰਕੇ ਸਕੂਲ ਭੇਜਦੀ ਹੈ, ਮੁੰਨੀ ਦੀਆਂ ਲੋੜਾਂ ਦਾ ਧਿਆਨ ਰੱਖਦੀ ਹੈ ਅਤੇ ਇਸ ਸਾਰੇ ਕੰਮ-ਕਾਰ ਦੇ ਦੌਰਾਨ ਛੋਟੇ ਵੀਰ ਕਾਲੂ ਦੀ ਵੀ ਨਿਰੰਤਰ ਦੇਖ-ਰੇਖ ਕਰਨੀ ਪੈਂਦੀ ਹੈ। ਏਨੇ ਰੁਝੇਵੇਂ ਦੇ ਕਾਰਨ ਉਸਦੇ ਆਪਣੇ ਜੀਵਨ ਵਿਚ ਹੱਸਣ-ਖੇਡਣ ਲਈ ਕੋਈ ਸਮਾਂ ਹੀ ਨਹੀਂ ਬਚਦਾ। ਉਹ ਮਾਤਰ ਇਕ ਮਸ਼ੀਨ ਬਣ ਕੇ ਰਹਿ ਜਾਂਦੀ ਹੈ। ਭਾਵੇਂ ਉਹ ਭਰ ਜਵਾਨ ਹੈ ਪਰੰਤੂ ਆਪਣੀ ਜਵਾਨੀ ਦਾ ਉਸ ਨੂੰ ਕਦੇ ਖਿਆਲ ਹੀ ਨਹੀਂ ਆਉਂਦਾ। ਉਹ ਪੂਰੀ ਤਰ੍ਹਾਂ ਪਰਿਵਾਰ ਦੀਆਂ ਲੋੜਾਂ ਅੱਗੇ ਅਰਪਿਤ ਹੋਈ ਰਹਿੰਦੀ ਹੈ। ਇਕ ਦਿਨ ਜਦੋਂ ਉਸ ਨੂੰ ਆਟਾ ਲੈਣ ਵਾਸਤੇ ਰੁਲਦੂ ਦੀ ਹੱਟੀ ਤੇ ਜਾਣਾ ਪੈਂਦਾ ਹੈ ਤਾਂ ਰੁਲਦੂ ਉਸਦੀ ਬਾਂਹ ਫੜ ਲੈਂਦਾ ਹੈ। ਕੁਦਰਤੀ ਉਸ ਸਮੇਂ ਪਿੰਡ ਦਾ ਇਕ ਦਲਿਤ ਗੱਭਰੂ ਗੰਗਨ ਵੀ ਦੁਕਾਨ ਉਤੇ ਆ ਜਾਂਦਾ ਹੈ ਅਤੇ ਉਹ ਰੁਲਦੂ ਦੀ ਡਾਂਟ-ਡਪਟ ਕਰਕੇ ਨਸੀਬੋ ਨੂੰ

ਸੁਰੱਖਿਅਤ ਘਰ ਭੇਜ ਦਿੰਦਾ ਹੈ। ਇਸ ਤੋਂ ਬਾਅਦ ਰੁਲਦੂ ਦੀ ਸ਼ਹਿ ਤੇ ਪਿੰਡ ਦੇ ਕੁਝ ਵੈਲੀ ਗੰਗਨ ਦੇ ਭੁਲੇਖੇ ਛੋਟੂ ਦੇ ਸੱਟਾਂ ਮਾਰ ਜਾਂਦੇ ਹਨ। ਗੰਗਨ ਉਸ ਸਮੇਂ ਵੀ ਛੋਟੂ ਦੀ ਸਹਾਇਤਾ ਕਰਦਾ ਹੈ। ਮੁੰਨੀ ਦੀ ਮੌਤ ਉਪਰੰਤ ਜਦੋਂ ਥਾਣੇਦਾਰ ਛੋਟੂ ਨੂੰ ਦਬਕਾਉਂਦਾ ਹੈ ਤਾਂ ਗੰਗਨ ਛੋਟੂ ਦੀ ਧਿਰ ਬਣ ਕੇ ਖਲੋਂਦਾ ਹੈ। ਇਉਂ ਗੰਗਨ, ਨਸੀਬੋ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਜਾਂਦਾ ਹੈ। ਦੋਹਾਂ ਦੇ ਦਰਮਿਆਨ ਇਕ ਖਾਮੋਸ਼ ਜਿਹੀ ਪ੍ਰੇਮ-ਕਹਾਣੀ ਅੰਕੁਰਿਤ ਹੋਣ ਲਗਦੀ ਹੈ ਜੋ ਅੰਤ ਵਿਚ ਵੈਵਾਹਿਕ ਸੰਬੰਧਾਂ ਵਿਚ ਜਾ ਕੇ ਫਲੀਭੂਤ ਹੁੰਦੀ ਹੈ।

ਨਸੀਬੋ ਦੀ ਜ਼ਿੰਦਗੀ ਵਿਚ ਵੱਡਾ ਕਰਾਈਸਿਜ਼ ਉਦੋਂ ਆਉਂਦਾ ਹੈ ਜਦੋਂ ਮੁੰਨੀ ਅਚਾਨਕ ਆਤਮ-ਹੱਤਿਆ ਕਰ ਲੈਂਦੀ ਹੈ। ਨਸੀਬੋ ਨੂੰ ਮੁੰਨੀ ਦੇ ਹਤਿਆਰੇ ਦਾ ਪਤਾ ਤਾਂ ਲੱਗ ਜਾਂਦਾ ਹੈ ਪਰ ਉਹ ਆਪਣੇ ਪਰਿਵਾਰ ਦੀ ਇੱਜ਼ਤ ਦਾ ਖਿਆਲ ਕਰਦਿਆਂ ਇਸ ਬਾਰੇ ਕਿਸੇ ਨੂੰ ਕੁਝ ਨਹੀਂ ਦੱਸਦੀ। ਆਖਰ ਇਹ ਭਿਆਨਕ ਅਤੇ ਡਰਾਉਣਾ ਸੱਚ, ਨਸੀਬੋ ਦੇ ਪੂਰੇ ਵਜੂਦ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲੈਂਦਾ ਹੈ ਅਤੇ ਉਹ ਮੁੰਨੀ ਦਾ ਪ੍ਰਤਿਰੂਪ ਬਣ ਕੇ ਪ੍ਰਤੀਸ਼ੋਧ ਦੀ ਭਾਸ਼ਾ ਬੋਲਣ ਲੱਗਦੀ ਹੈ। ਪੇਂਡੂ ਸਭਿਆਚਾਰ ਦੀ ਭਾਸ਼ਾ ਵਿਚ ਉਸਨੂੰ ਓਪਰੀ ਸ਼ੈਅ (ਕਸਰ) ਪਕੜ ਲੈਂਦੀ ਹੈ। ਉਸਦਾ ਸਮੁਚਾ ਵਜੂਦ ਖੰਡਿਤ ਹੋ ਜਾਂਦਾ ਹੈ। ਉਸਨੂੰ ਹਉਬੜੱਕੇ (hallucination) ਆਉਣ ਲੱਗਦੇ ਹਨ, ਸ਼ਖਸੀਅਤ ਦੋਫਾੜ (schizophrenic) ਹੋ ਜਾਂਦੀ ਹੈ ਅਤੇ ਉਹ ਆਪਣਾ ਦਿਮਾਗੀ ਸੰਤੁਲਨ ਖੋ ਬੈਠਦੀ ਹੈ। ਦਰਸ਼ਨ ਮਿਤਵਾ ਨੇ ਨਾਵਲੀ-ਬ੍ਰਿਤਾਂਤ ਦੇ ਇਸ ਖੰਡ ਨੂੰ ਬੜੀ ਕੁਸ਼ਲਤਾ ਨਾਲ ਤਿਆਰ ਕੀਤਾ ਹੈ। ਨਸੀਬੋ ਦੀ ਬਚਪਨ ਦੀ ਸਹਿਪਾਠਣ ਸਹੇਲੀ ਸੀਮਾ ਜਿਵੇਂ ਇਕ ਫਰਿਸ਼ਤਾ ਬਣ ਕੇ ਬਹੁੜਦੀ ਹੈ। ਉਹ ਇਕ ਸੁਸਿਖਿਅਤ ਡਾਕਟਰ ਹੈ ਅਤੇ ਉਹ ਜਾਣ ਜਾਂਦੀ ਹੈ ਕਿ ਕਠੋਰ ਆਰਥਿਕ-ਸਮਾਜਿਕ ਸਥਿਤੀਆਂ, ਅੰਤਾਂ ਦਾ ਰੁਝੇਵਾਂ ਅਤੇ ਜਾਨਲੇਵਾ ਕੰਮ-ਕਾਰ, ਸੈਕਸੂਅਲ ਫਰਸਟਰੇਸ਼ਨ ਅਤੇ ਮੁੰਨੀ ਦੀ ਗ਼ੈਰਕੁਦਰਤੀ ਮੌਤ ਆਦਿਕ ਬਹੁਤ ਸਾਰੀਆਂ ਅਮਾਨਵੀ ਸਥਿਤੀਆਂ ਦੇ ਦਬਾਉ ਕਾਰਨ ਨਸੀਬੋ ਦੀ ਇਹ ਹਾਲਤ ਹੋਈ ਹੈ। ਉਹ ਨਸੀਬੋ ਨੂੰ ਗੂੜ੍ਹੀ ਨੀਂਦ ਲਿਆਉਣ ਵਾਲੀਆਂ ਕੁਝ ਦਵਾਈਆਂ ਦੇ ਕੇ ਉਸਨੂੰ ਨਾਰਮਲ ਕਰਦੀ ਹੈ ਅਤੇ ਛੋਟੂ ਨੂੰ ਕਹਿ ਕੇ ਨਸੀਬੋ ਦੇ ਵਿਆਹ ਦੀ ਵਿਵਸਥਾ ਵੀ ਕਰ ਦਿੰਦੀ ਹੈ ਤਾਂ ਜੋ ਉਸ ਦੀ ਸੈਕਸੁਅਲ ਫਰਸਟਰੇਸ਼ਨ ਖਤਮ ਹੋ ਜਾਵੇ। ਇਉਂ ਸੀਮਾ ਇਸ ਨਾਵਲ ਵਿਚ ਇਕ ਛੋਟੀ ਪਰੰਤੂ ਬੜੀ ਮਹੱਤਵਪੂਰਨ ਭੂਮਿਕਾ ਦਾ ਨਿਰਵਾਹ ਕਰਦੀ ਹੈ ਅਤੇ ਇਸ ਰਚਨਾ ਨੂੰ ਇਕ ਪਾਜ਼ੇਟਿਵ ਸੰਦੇਸ਼ ਦੇਣ ਦਾ ਮਹਤਵਪੂਰਨ ਕਾਰਜ ਕਰਦੀ ਹੈ।

ਸੀਮਾ ਦੇ ਮਾਧਿਅਮ ਦੁਆਰਾ ਨਾਵਲਕਾਰ ਇਕ ਹੋਰ ਮਹਤਵਪੂਰਨ ਸੰਦੇਸ਼ ਵਿਅਕਤ ਕਰਨ ਵਿਚ ਵੀ ਸਫ਼ਲ ਰਿਹਾ ਹੈ ਅਤੇ ਉਹ ਇਹ ਹੈ ਕਿ ਜੇ ਆਪਣੇ ਪਿੰਡ ਵਿਚ ਹੀ ਕੋਈ ਚੰਗਾ ਮੁੰਡਾ/ਕੁੜੀ ਮਿਲ ਜਾਂਦੇ ਹਨ ਤਾਂ ਪਿੰਡ ਵਿਚ ਵਿਆਹ ਕਰ ਲੈਣਾ ਕੋਈ ਮਿਹਣੇ ਜਾਂ ਬਦਨਾਮੀ ਵਾਲੀ ਗੱਲ ਨਹੀਂ ਹੈ। (ਅੱਜ ਕਲ੍ਹ ਸ਼ਹਿਰਾਂ ਵਿਚ

ਤਾਂ ਇਹ ਰਿਵਾਜ ਆਮ ਹੀ ਪ੍ਰਚਲਿਤ ਹੈ) ਸੀਮਾ ਛੋਟੂ ਨੂੰ ਸਮਝਾਉਂਦੀ ਹੈ ਕਿ ਜੇ ਪਿੰਡਾਂ ਵਿਚ ਮਰਦਾਂ ਅਤੇ ਔਰਤਾਂ ਦੇ ਦਰਮਿਆਨ ਨਾਜਾਇਜ਼ ਸਰੀਰਕ ਸੰਬੰਧ ਆਮ ਗੱਲ ਹੈ ਤਾਂ ਜਾਇਜ਼ ਵੈਵਾਹਿਕ ਸੰਬੰਧਾਂ ਵਿਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਬਲਕਿ ਇਹੋ ਜਿਹੇ ਸੰਬੰਧਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਜੇ ਸੀਮਾ, ਗੰਗਨ ਅਤੇ ਨਸੀਬੋ (ਦੋਵੇਂ ਇਕ ਪਿੰਡ ਦੇ) ਦੇ ਵਿਆਹ ਬਾਰੇ ਡਟ ਕੇ ਸਟੈਂਡ ਨਾ ਲੈਂਦੀ ਤਾਂ ਗੰਗਨ ਨੇ ਸਾਰੀ ਉਮਰ ਛੜਾ ਰਹਿ ਜਾਣਾ ਸੀ ਅਤੇ ਨਸੀਬੋ ਨੇ ਸੈਕਸੁਅਲ/ਸਭਿਆਚਾਰਕ ਫਰਸਟਰੇਸ਼ਨ ਦੇ ਦਬਾਉ ਹੇਠ ਦਮ ਤੋੜ ਦੇਣਾ ਸੀ। ਇਸ ਤਰ੍ਹਾਂ ਸੀਮਾ ਦੋ ਪਰਿਵਾਰਾਂ ਲਈ ਮੁਕਤੀਦਾਤਾ ਬਣ ਕੇ ਬਹੁੜਦੀ ਹੈ ਅਤੇ ਨਾਵਲੀ-ਬ੍ਰਿਤਾਂਤ ਨੂੰ ਇਕ ਆਸ਼ਾਵਾਦੀ ਅਤੇ ਸਾਕਾਰਾਤਮਕ ਅੰਤ ਪ੍ਰਦਾਨ ਕਰਦੀ ਹੈ।

ਦਰਸ਼ਨ ਮਿਤਵਾ ਨੇ ਆਲੋਚਨਾਤਮਕ ਯਥਾਰਥਵਾਦ ਦੀ ਪਰੰਪਰਾ ਦਾ ਨਿਰਵਾਹ ਕਰਦਿਆਂ ਨਾਵਲ ਨੂੰ ਦੁਖਾਂਤ ਦੇ ਰੂਪ ਵਿਚ ਨਹੀਂ ਮੁਕਾਇਆ ਬਲਕਿ ਉਹ ਇਛਿਤ ਯਥਾਰਥਵਾਦ ਦਾ ਅਨੁਸਰਣ ਕਰਦਾ ਹੋਇਆ ਇਸ ਨਾਵਲ ਨੂੰ ਸੁਖਾਂਤ ਬਣਾ ਦਿੰਦਾ ਹੈ। ਸਮਾਜਵਾਦੀ ਯਥਾਰਥਵਾਦ ਦਾ ਮੁਖ ਲੱਛਣ ਵੀ ਇਹੀ ਹੈ ਕਿ ਕਿਸੇ ਬ੍ਰਿਤਾਂਤ ਦੇ ਪਾਤਰ, ਜਾਂ ਤਾਂ ਆਪਣੇ ਜੋਗੀਆਂ ਅਨੁਕੂਲ ਪਰਿਸਥਿਤੀਆਂ ਦੀ ਸਿਰਜਣਾ ਕਰ ਲੈਣ ਅਤੇ ਜਾਂ ਉਨ੍ਹਾਂ ਦਾ ਜੀਵਨ-ਸੰਘਰਸ਼ ਇਹ ਆਭਾਸ ਕਰਾਵੇ ਕਿ ਵਿਪਰੀਤ ਅਤੇ ਦਮਨਕਾਰੀ ਸਥਿਤੀਆਂ ਨੂੰ ਬਦਲਿਆ ਜਾ ਸਕਦਾ ਹੈ। ਜੇ ਕਿਸੇ ਨਾਵਲ ਵਿਚਲਾ ਸੰਘਰਸ਼ ਨਿਰਾਸ਼ਾਵਾਦੀ ਧੁਨੀ ਦੀ ਵਿਅੰਜਨਾ ਕਰਦਾ ਹੈ ਤਾਂ ਇਸ ਨੂੰ ਕਲਿਆਣਕਾਰੀ ਰਚਨਾ ਨਹੀਂ ਕਿਹਾ ਜਾ ਸਕਦਾ। ਮੈਨੂੰ ਖੁਸ਼ੀ ਹੈ ਕਿ ਨਾਵਲਕਾਰ ਨੇ ਆਪਣੇ ਅਨੁਭਵ ਦੀ ਆਹੂਤੀ ਦੇ ਕੇ ਵੀ ਆਪਣੇ ਪ੍ਰਵਚਨ ਨੂੰ ਮਨੁੱਖਤਾ ਲਈ ਕਲਿਆਣਾਕਾਰੀ ਅਤੇ ਸੁਖਾਂਤਿਕ ਬਣਾਇਆ ਹੈ। ਆਪਣੇ ਪਾਜ਼ਿਟਿਵ ਸੰਦੇਸ਼ ਦੇ ਕਾਰਨ ਇਹ ਰਚਨਾ ਦਲਿਤ ਅਤੇ ਨਾਰੀ ਸੰਘਰਸ਼ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਦੀ ਹੈ।

ਇਕ ਰਾਤ ਦਾ ਜ਼ਖ਼ਮ

ਨਸ਼ੇਖੋਰਾਂ ਦਾ ਦੁਖਾਂਤ

ਦਰਸ਼ਨ ਮਿਤਵਾ ਇਕ ਜਾਗਰੂਕ, ਸੰਵੇਦਨਸ਼ੀਲ ਅਤੇ ਵਚਨਬੱਧ ਲੇਖਕ ਹੈ। ਆਪਣੀਆਂ ਰਚਨਾਵਾਂ ਦੇ ਮਾਧਿਅਮ ਦੁਆਰਾ ਉਹ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਸੰਵੇਦਨਸ਼ੀਲ ਮੁੱਦਿਆਂ ਨੂੰ ਪਕੜਦਾ ਅਤੇ ਪ੍ਰਸਤੁਤ ਕਰਦਾ ਹੈ। 'ਇਕ ਰਾਤ ਦਾ ਜ਼ਖ਼ਮ' ਦੁਆਰਾ ਉਸਨੇ ਇਕ ਅਜਿਹੀ ਔਰਤ ਦੇ ਦੁਖਾਂਤ ਦੀ ਪੇਸ਼ਕਾਰੀ ਕੀਤੀ ਹੈ ਜਿਸਦਾ ਪਤੀ ਸ਼ਰਾਬ ਅਤੇ ਡਰੱਗਜ਼ ਆਦਿਕ ਨਸ਼ਿਆਂ ਦਾ ਸ਼ਿਕਾਰ ਹੋ ਕੇ ਪੂਰੇ ਦੇ ਪੂਰੇ ਪਰਿਵਾਰ ਨੂੰ ਰਸਾਤਲ ਤੱਕ ਪਹੁੰਚਾ ਦਿੰਦਾ ਹੈ। ਮੈਂ ਡਰੱਗਜ਼ ਲੈਣ ਵਾਲੇ ਲੋਕਾਂ ਦੇ ਦੁਖਾਂਤ ਦੇ ਬਹੁਤ ਸਾਰੇ ਵੇਰਵੇ ਦੇਖੇ, ਸੁਣੇ ਅਤੇ ਸਮਝੇ ਹਨ ਪਰੰਤੂ ਦਰਸ਼ਨ ਮਿਤਵਾ ਨੇ ਜਿਸ ਇਕਾਗਰਤਾ ਅਤੇ ਕਲਾਤਮਕਤਾ ਨਾਲ ਅਜਿਹੇ ਵਿਅਕਤੀ ਦੀ ਦੁਖਦ ਕਥਾ ਨੂੰ ਬਿਆਨ ਕੀਤਾ ਹੈ, ਉਹ ਸਾਡੇ ਸਮਾਜ ਲਈ ਬਹੁਤ ਅਰਥਪੂਰਨ ਅਤੇ ਪ੍ਰਾਸੰਗਿਕ ਹੈ। ਇਸ ਕਥਾ ਦੀ ਪੇਸ਼ਕਾਰੀ ਕਰ ਕੇ ਲੇਖਕ ਨੇ ਸਮਾਜਿਕ-ਸਭਿਆਚਾਰਕ ਦ੍ਰਿਸ਼ਟੀ ਤੋਂ ਬੜਾ ਮੁੱਲਵਾਨ ਕਾਰਜ ਕੀਤਾ ਹੈ।

ਪੰਜਾਬੀ ਸਮਾਜ ਵਿੱਚ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਏਨੀ ਆਮ ਗੱਲ ਹੋ ਗਿਆ ਹੈ ਕਿ ਲੇਖਕ ਲੋਕ ਇਸ ਬੀਮਾਰੀ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦੇ ਬਲਕਿ ਸ਼ਰਾਬ ਨੂੰ ਤਾਂ ਇਕ ਖ਼ੂਬੀ ਵਾਂਗ ਲਿਆ ਜਾਣ ਲੱਗਾ ਹੈ ਅਤੇ ਕਿਸੇ-ਕਿਸੇ ਰਚਨਾ ਵਿੱਚ ਤਾਂ ਸ਼ਰਾਬੀ ਵਿਅਕਤੀ ਦੇ ਕਿਰਦਾਰ ਨੂੰ ਸਕਾਰਾਤਮਕ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਸ਼ਰਾਬੀ ਵਿਅਕਤੀ ਨੂੰ ਦਲੇਰ, ਸੱਚਾ-ਸੁੱਚਾ, ਉਦਾਰ ਅਤੇ ਪਤਾ ਨਹੀਂ ਹੋਰ ਕੀ-ਕੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੋਵੇ ਕਿ ਬਹੁਤੇ ਪੰਜਾਬੀ ਲੇਖਕ ਖ਼ੁਦ ਵੀ ਪੀਣ-ਪਿਲਾਣ ਦੇ ਆਦੀ ਹਨ ਅਤੇ ਉਹ ਵੀ ਇਸ ਬੀਮਾਰੀ ਨਾਲ ਰਹਿਣਾ ਗਿੱਝ ਗਏ ਹਨ। ਅਜ ਕਲ੍ਹ ਸਾਡੇ ਵਿਆਹਾਂ-ਸ਼ਾਦੀਆਂ ਵਿਚ ਸ਼ਰਾਬ ਪੀਣ-ਪਿਲਾਣ ਦਾ ਜੋ ਨੰਗਾ ਅਤੇ ਘਿਨੌਣਾ ਨਾਚ ਨੱਚਿਆ ਜਾਂਦਾ ਹੈ, ਉਸ ਦ੍ਰਿਸ਼ ਤੋਂ ਤਾਂ ਹਰ ਪੰਜਾਬੀ ਪੂਰੀ ਤਰ੍ਹਾਂ ਸੁਪਰਿਚਿਤ ਹੈ। ਮੁੰਡੇ ਜਾਂ ਕੁੜੀ ਦੇ ਵਿਆਹ-ਸ਼ਾਦੀ ਵਾਲੇ ਦਿਨ, ਤਿੰਨ-ਚਾਰ ਘੰਟਿਆਂ ਦੀ ਮੁਖ ਰਸਮ ਸ਼ਰਾਬ ਪਰੋਸਣ ਅਤੇ ਵਰਤਾਉਣ ਦੀ ਰਹਿੰਦੀ ਹੈ। ਇਥੋਂ ਪਤਾ ਚਲਦਾ ਹੈ ਕਿ ਸ਼ਰਾਬ ਆਦਿਕ ਨਸ਼ਿਆਂ ਨੂੰ ਅਸੀਂ ਕਿਸ ਹੱਦ ਤੱਕ ਸਮਾਜਿਕ-ਸਭਿਆਚਾਰਕ ਸਵੀਕ੍ਰਿਤੀ ਦੇ ਰੱਖੀ ਹੈ। ਪਰੰਤੂ 'ਇਕ ਰਾਤ ਦਾ ਜ਼ਖ਼ਮ' ਵਿੱਚ ਦਰਸ਼ਨ ਮਿਤਵਾ ਨੇ ਨਾ ਕੇਵਲ ਡਰੱਗਜ਼ ਅਤੇ ਤਮਾਕੂ ਆਦਿ ਨੂੰ ਸਮਾਜਿਕ

ਬੁਰਾਈ ਦੇ ਰੂਪ ਵਿੱਚ ਪੇਸ਼ ਕੀਤਾ ਹੈ ਬਲਕਿ ਸ਼ਰਾਬ ਨੂੰ ਵੀ ਮਨੁੱਖੀ ਸ਼ਖ਼ਸੀਅਤ ਦੇ ਉਲਾਰ ਜਾਂ ਵਿਗਾੜ ਦੀ ਇਕ ਸਮੱਸਿਆ ਦੇ ਰੂਪ ਵਿੱਚ ਬਿਆਨ ਕੀਤਾ ਹੈ ਜੋ ਲੇਖਕ ਦੇ ਸਵਸਥ ਅਤੇ ਸਿਹਤਮੰਦ ਵਤੀਰੇ ਦਾ ਸੂਚਕ ਹੈ।

ਦਰਸ਼ਨ ਮਿਤਵਾ ਦੀਆਂ ਬਹੁਤੀਆਂ ਰਚਨਾਵਾਂ ਨਾਰੀ ਕੇਂਦ੍ਰਿਤ ਅਥਵਾ ਨਾਰੀ ਪ੍ਰਧਾਨ ਹੁੰਦੀਆਂ ਹਨ। ਉਸ ਦੇ ਨਜ਼ਦੀਕ ਸਮਾਜਿਕ-ਸਭਿਆਚਾਰਕ ਬ੍ਰਿਤਾਂਤ ਜਾਂ ਪ੍ਰਵਚਨ ਦੇ ਵਿਕਾਸ ਵਿਚ ਨਾਰੀ ਦੀ ਭੂਮਿਕਾ ਕੇਵਲ 'ਮਾਰਜੀਨਲ' ਹੀ ਨਹੀਂ ਹੁੰਦੀ ਬਲਕਿ ਕੇਂਦਰੀ ਹੁੰਦੀ ਹੈ। ਬੇਸ਼ਕ ਸਾਡਾ ਪੰਜਾਬੀ ਸਮਾਜ ਪੁਰਸ਼ ਪ੍ਰਧਾਨ ਹੈ ਅਤੇ ਅਸੀਂ ਆਪਣੇ ਫੈਸਲਿਆਂ ਅਥਵਾ ਨਿਰਣਿਆਂ ਵਿਚ ਨਾਰੀ ਨੂੰ ਕੋਈ ਮਹਤਵ ਨਹੀਂ ਦਿੰਦੇ ਬਲਕਿ ਉਹ ਸਦਾ ਪ੍ਰਿਸ਼ਟਭੂਮੀ ਵਿਚ ਹੀ ਪਈ ਰਹਿੰਦੀ ਹੈ ਪਰ ਇਸਦੇ ਬਾਵਜੂਦ ਪਤਾ ਨਹੀਂ ਇਸ ਲਿੰਗ ਵਿਚ ਕਿਥੋਂ ਏਨੀ ਲੁਪਤ ਸ਼ਕਤੀ ਆ ਜਾਂਦੀ ਹੈ ਕਿ ਹਰ ਪਰਿਵਾਰ ਦੇ ਵਿਕਾਸ ਜਾਂ ਵਿਨਾਸ਼ ਵਿਚ ਨਾਰੀ ਦੀ ਭੂਮਿਕਾ ਮੁੱਲਪਰਕ ਰਹਿੰਦੀ ਹੈ। ਜਿਨ੍ਹਾਂ ਪਰਿਵਾਰਾਂ ਵਿਚ ਨਾਰੀ ਦੀ ਭੂਮਿਕਾ ਸਕਾਰਾਤਮਕ ਰਹਿੰਦੀ ਹੈ, ਉਹ ਵਿਕਾਸ ਕਰ ਜਾਂਦੇ ਹਨ ਅਤੇ ਜਿੱਥੇ-ਜਿੱਥੇ ਉਸਦੀ ਭੂਮਿਕਾ ਨਕਾਰਾਤਮਕ ਹੋ ਜਾਂਦੀ ਹੈ ਉਹ ਬਿਖਰ/ਵਿਗਠਿਤ ਹੋ ਜਾਂਦੇ ਹਨ। ਇਉਂ ਸਹਿਜ-ਸੁਭਾਵਿਕ ਰੂਪ ਵਿਚ ਹੀ ਲੇਖਕ ਨਾਰੀ ਮੁਕਤੀ ਦੇ ਹੱਕ ਵਿਚ ਆਪਣਾ ਵੋਟ ਪਾ ਦਿੰਦਾ ਹੈ ਅਤੇ ਸਾਡੇ ਸਮਾਜ ਅੰਦਰ ਚੱਲ ਰਹੀ ਲਿੰਗਾਂ ਦੀ ਲੜਾਈ (clash of genders) ਵਿਚ ਨਾਰੀ ਵਰਗ ਨੂੰ ਸਮਰਥਨ ਅਤੇ ਹੱਲਾਸ਼ੇਰੀ ਪ੍ਰਦਾਨ ਕਰ ਜਾਂਦਾ ਹੈ।

'ਇਕ ਰਾਤ ਦਾ ਜ਼ਖ਼ਮ' ਦੀ ਕਹਾਣੀ ਇਕ ਦੁਖੀ ਔਰਤ 'ਕਾਕੀ' ਦੇ ਜੀਵਨ ਦੇ ਆਲੇ-ਦੁਆਲੇ ਘੁੰਮਦੀ ਹੈ। ਕਾਕੀ ਇਕ ਗਰੀਬ ਕਿਰਸਾਣ ਦੀ ਇਕਲੌਤੀ ਧੀ ਸੀ। ਉਸ ਦਾ ਵਿਆਹ ਖਾਂਦੇ-ਪੀਂਦੇ ਟੱਬਰ ਦੇ ਇਕ ਨੌਜਵਾਨ 'ਬਾਬੂ' ਨਾਲ ਹੋ ਜਾਂਦਾ ਹੈ। ਬਾਬੂ ਹੋਰੀਂ ਦੋ ਭਰਾ ਸਨ। ਉਸਦਾ ਵੱਡਾ ਭਰਾ ਨੰਦ ਸਿੰਘ ਆਪਣੇ ਪਿਤਾ ਨਾਲ ਕਿਸਾਨੀ ਦੇ ਕੰਮ ਵਿਚ ਡਟ ਕੇ ਹੱਥ ਵੰਡਾਉਂਦਾ ਹੈ। ਇਸ ਪਰਿਵਾਰ ਦੀ ਬਾਰਾਂ ਕਿੱਲੇ ਜ਼ਮੀਨ ਹੈ ਜੋ ਇਕ ਛੋਟੇ ਕਿਸਾਨੀ ਪਰਿਵਾਰ ਲਈ ਲੋੜ ਮੁਤਾਬਿਕ ਕਾਫ਼ੀ ਸਮਝੀ ਜਾਂਦੀ ਹੈ। ਵੱਡਾ ਭਰਾ, ਪਾਸ਼ੋ ਨਾਮੀ ਔਰਤ ਨਾਲ ਵਿਆਹਿਆ ਹੋਇਆ ਹੈ ਪਰ ਛੋਟੇ ਨੂੰ ਸ਼ਰਾਬ ਆਦਿਕ ਨਸ਼ਿਆਂ ਦੀ ਅਜਿਹੀ ਬੁਰੀ ਲਤ ਲੱਗਦੀ ਹੈ ਕਿ ਉਸਦਾ ਵਿਆਹ ਨਹੀਂ ਹੋ ਪਾਉਂਦਾ। ਉਸਦੇ ਘਰ ਵਾਲੇ ਸੋਚਦੇ ਹਨ ਕਿ ਜੇ ਕਿਧਰੇ ਉਸਦਾ ਵਿਆਹ ਹੋ ਜਾਵੇ, ਤਾਂ ਸ਼ਾਇਦ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਕਾਰਨ ਉਹ ਕੁਝ ਸੁਧਰ ਹੀ ਜਾਵੇ। ਇਸ ਕਾਰਨ ਉਹ ਕਿਵੇਂ-ਨਾ-ਕਿਵੇਂ ਉਸਦਾ ਵਿਆਹ ਕਰ ਦੇਣਾ ਚਾਹੁੰਦੇ ਹਨ। ਆਖਰ ਪਿੰਡ ਦਾ ਹੀ ਇਕ ਸੁਨਿਆਰ ਲੀਲਾ ਸਿੰਘ ਉਰਫ਼ ਸੋਨੀਭਗਤ ਉਸਦਾ ਵਿਆਹ ਨੇੜੇ ਦੇ ਪਿੰਡ ਵਿੱਚ ਰਹਿਣ ਵਾਲੇ ਇਕ ਗਰੀਬ ਕਿਰਸਾਣ ਗੁੱਜਰ ਸਿੰਘ ਦੀ ਇਕੋ-ਇਕ ਕੁੜੀ ਕਾਕੀ ਨਾਲ ਕਰਵਾ ਦਿੰਦਾ ਹੈ। ਕਾਕੀ ਇਕ ਸੁੰਦਰ, ਰਿਸ਼ਟ-ਪੁਸ਼ਟ ਅਤੇ ਸਚਿਆਰੀ ਕੁੜੀ ਸੀ। ਉਸ ਦੇ ਦੋ ਭਰਾ

ਵੀ ਸਨ ਜੋ ਉਸ ਤੋਂ ਛੋਟੇ ਸਨ। ਕਾਕੀ ਦਾ ਪਿਤਾ ਗੁੱਜਰ ਸਿੰਘ ਸੋਚਦਾ ਹੈ ਕਿ ਜੱਟਾਂ ਦੇ ਮੁੰਡੇ ਸ਼ਰਾਬ ਆਦਿ ਪੀਂਦੇ ਹੀ ਆਏ ਹਨ। ਇਹ ਕਿਹੜਾ ਕੋਈ ਵੱਡਾ ਵੈਲ ਹੈ। ਇਸ ਕਾਰਨ ਉਹ ਬਾਬੂ ਦੀ ਸ਼ਰਾਬ ਪੀਣ ਦੀ ਲਤ ਨੂੰ ਦਰਗੁਜ਼ਰ ਕਰ ਕੇ ਕਾਕੀ ਨਾਲ ਉਸਦਾ ਰਿਸ਼ਤਾ ਤੈਅ ਕਰ ਦਿੰਦਾ ਹੈ। ਹੋਰ ਤਾਂ ਹੋਰ, ਉਹ ਅੰਦਰਖਾਤੇ ਬਾਬੂ ਦੇ ਮਾਪਿਆਂ ਤੋਂ ਕੁਝ ਪੈਸੇ ਆਦਿ ਵੀ ਲੈ ਲੈਂਦਾ ਹੈ। ਕਾਕੀ ਆਮ ਪੰਜਾਬੀ ਮੁਟਿਆਰਾਂ ਵਾਂਗ ਬਹੁਤ ਸਾਰੇ ਕੁਆਰੇ ਸੁਪਨੇ ਲੈ ਕੇ ਆਪਣੇ ਸਹੁਰੇ ਘਰ ਪਹੁੰਚਦੀ ਹੈ ਪਰ ਪਹਿਲੀ ਰਾਤ ਹੀ ਉਸਦੇ ਸਾਰੇ ਸੁਪਨੇ ਧਰਾਸ਼ਾਈ ਹੋ ਜਾਂਦੇ ਹਨ। ਉਸਦਾ ਪਤੀ ਸ਼ਰਾਬ ਦੇ ਨਸ਼ੇ ਵਿੱਚ ਬੇਸੁੱਧ ਹੋ ਕੇ ਘਰ ਪਹੁੰਚਦਾ ਹੈ ਅਤੇ ਸਾਰੀ ਰਾਤ ਇਸੇ ਅਵਸਥਾ ਵਿਚ ਡਿੱਗਿਆ ਰਹਿੰਦਾ ਹੈ। ਨਸ਼ਾ ਉਸ ਅੰਦਰ ਇਸ ਕਦਰ ਘਰ ਕਰ ਚੁੱਕਾ ਸੀ ਕਿ ਉਸ ਨੂੰ ਹੋਰ ਕਿਸੇ ਪਾਸੇ ਕੋਈ ਧਿਆਨ ਹੀ ਨਹੀਂ ਸੀ। ਉਸ ਦੀਆਂ ਸਾਰੀਆਂ ਕੋਮਲ ਤੇ ਕਲਪਨਾਤਮਕ ਸੰਵੇਦਨਾਵਾਂ ਪੂਰੀ ਤਰ੍ਹਾਂ ਬੇਹਿੱਸ ਹੋ ਚੁੱਕੀਆਂ ਸਨ। ਸ਼ਾਇਦ ਉਸ ਅੰਦਰੋਂ ਪੁਰਸ਼ਤਵ ਅਥਵਾ ਸੈਕਸ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਸੀ। ਕਾਕੀ ਦੇ ਦਿਨ ਇਸੇ ਦੁਖਦਾਈ ਸਥਿਤੀ ਵਿਚ ਬੀਤਦੇ ਰਹਿੰਦੇ ਹਨ। ਮਾਂ-ਪਿਉ, ਬਾਬੂ ਨੂੰ ਬਥੇਰਾ ਸਮਝਾਉਂਦੇ ਹਨ ਪਰ ਉਸ ਉੱਤੇ ਕੋਈ ਅਸਰ ਨਹੀਂ ਹੁੰਦਾ ਬਲਕਿ ਉਹ ਆਪਣੇ ਸ਼ਰੀਫ ਜਿਹੇ ਪਿਤਾ ਦੀ ਬੇਇਜ਼ਤੀ ਵੀ ਕਰਨ ਲੱਗ ਜਾਂਦਾ ਹੈ। ਇਸ ਅਪਮਾਨ ਵਿਚ ਸੜਦਾ-ਭੁੱਜਦਾ ਬਾਬੂ ਦਾ ਪਿਤਾ ਚੱਲ ਵਸਦਾ ਹੈ।

ਹੁਣ ਬਾਬੂ ਨੂੰ ਰੋਕਣ ਵਾਲਾ ਕੋਈ ਨਹੀਂ ਰਹਿੰਦਾ। ਬਾਬੂ ਦੇ ਅਜਿਹੇ ਚਾਲਿਆਂ ਕਾਰਨ ਉਸਦਾ ਵੱਡਾ ਭਰਾ ਨੰਦ ਸਿੰਘ ਆਪਣੀ ਮਾਂ ਨੂੰ ਨਾਲ ਲੈ ਕੇ ਉਸ ਤੋਂ ਵੱਖ ਹੋ ਜਾਂਦਾ ਹੈ। ਇਸ ਟੱਬਰ ਦੀ ਪੂਰੀ ਢੇਰੀ ਬਾਰਾਂ ਕਿੱਲਿਆਂ ਦੀ ਸੀ -- ਚਾਰ ਬਾਬੂ ਦੇ ਹਿੱਸੇ ਆਉਂਦੇ ਹਨ, ਚਾਰ ਮਾਂ ਨੂੰ ਮਿਲਦੇ ਹਨ ਅਤੇ ਚਾਰ ਨੰਦ ਸਿੰਘ ਪਾਸ ਆ ਜਾਂਦੇ ਹਨ। ਮਾਂ ਕਿਉਂਕਿ ਨੰਦ ਸਿੰਘ ਨਾਲ ਰਹਿਣ ਲੱਗ ਪਈ ਸੀ, ਇਸ ਲਈ ਉਸ ਵਾਲੇ ਚਾਰ ਕਿੱਲੇ ਵੀ ਨੰਦ ਸਿੰਘ ਵਾਹੁਣ ਲੱਗਦਾ ਹੈ। ਬਾਬੂ ਆਪਣੇ ਨਸ਼ੇ-ਪੱਤੇ ਪੂਰੇ ਕਰਨ ਲਈ ਇਹ ਚਾਰ ਕਿੱਲੇ ਭੋਰ-ਭੋਰ ਕੇ ਖਾਂਦਾ ਰਹਿੰਦਾ ਹੈ। ਚਾਰ-ਪੰਜ ਵਰ੍ਹਿਆਂ ਦੇ ਅੰਤਰਾਲ ਵਿਚ ਉਹ ਸਾਰੀ ਜ਼ਮੀਨ ਦਾ ਭੋਗ ਪਾ ਦਿੰਦਾ ਹੈ। ਹੁਣ ਉਸ ਵਿਚ ਸ਼ਰਾਬ ਪੀਣ ਦੀ ਤਾਂ ਗੁੰਜਾਇਸ਼ ਨਹੀਂ ਰਹਿੰਦੀ, ਉਹ ਨਸ਼ੇ ਵਾਲੇ ਕੈਪਸੂਲਾਂ, ਗੋਲੀਆਂ ਆਦਿਕ ਦਾ ਆਦੀ ਬਣ ਜਾਂਦਾ ਹੈ। ਘਰ ਦਾ ਸਮਾਨ ਚੋਰੀ ਕਰ ਕੇ ਵੇਚਣ ਲੱਗਦਾ ਹੈ, ਕਈ-ਕਈ ਦਿਨਾਂ ਤੱਕ ਘਰ ਨਹੀਂ ਵੜਦਾ। ਪਿੰਡ ਦਾ ਇੱਕ ਆਦਮੀ ਮੈਂਗਲ ਬਾਣੀਆਂ ਇਹੋ ਜਿਹੇ ਨਸ਼ੇ ਵੇਚਣ ਦਾ ਧੰਦਾ ਕਰਦਾ ਹੈ। ਬਾਬੂ ਉਸ ਦਾ ਨਿਯਮਿਤ ਗਾਹਕ ਬਣ ਜਾਂਦਾ ਹੈ। ਇਹ ਨਸ਼ੇ ਉਸ ਦੇ ਸਰੀਰ ਵਿਚੋਂ ਰਹੀ-ਸਹੀ ਸੱਤਿਆ ਵੀ ਚੂਸ ਲੈਂਦੇ ਹਨ। ਹੁਣ ਉਹ ਕਦੇ ਕਿਤੇ ਡਿੱਗਿਆ ਪਿਆ ਮਿਲਦਾ ਹੈ, ਕਦੇ ਕਿਤੇ। ਕਾਕੀ ਵਿਚਾਰੀ ਦੀ ਸਾਰੇ ਪਿੰਡ ਵਿਚ ਜਗ-ਹਸਾਈ ਹੁੰਦੀ ਰਹਿੰਦੀ ਹੈ। ਉਸਨੂੰ ਬੇਹੱਦ ਅਪਮਾਨ, ਜ਼ਿੱਲਤ ਅਤੇ ਬੇਇੱਜ਼ਤੀ ਵਿਚੋਂ ਗੁਜ਼ਰਨਾ ਪੈਂਦਾ ਹੈ ਪਰੰਤੂ ਬਾਬੂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਨਸ਼ੇ

ਕਿਸ ਹੱਦ ਤਕ ਕਿਸੇ ਵਿਅਕਤੀ ਦੇ ਚਰਿੱਤਰ ਅਤੇ ਸ੍ਵੈਮਾਨ ਦਾ ਹਨਨ ਕਰ ਦਿੰਦੇ ਹਨ, ਇਸਦਾ ਨਕਸ਼ਾ ਦਰਸ਼ਨ ਮਿਤਵਾ ਨੇ ਪੂਰੀ ਵਿਕਰਾਲਤਾ ਨਾਲ ਖਿੱਚਿਆ ਅਤੇ ਪੇਸ਼ ਕੀਤਾ ਹੈ।

ਲਾਚਾਰੀ, ਅਪਮਾਨ ਅਤੇ ਜਗ-ਹਸਾਈ ਦੇ ਇਨ੍ਹਾਂ ਦਿਨਾਂ ਵਿਚ ਕਾਕੀ ਨੂੰ ਘੁਮੰਡੀ ਨਾਮ ਦੇ ਇਕ ਛੜੇ ਬਾਣੀਏ ਤੋਂ ਕੁਝ ਸਹਾਨੁਭੂਤੀ, ਸਹਾਰਾ ਅਤੇ ਸੰਵੇਦਨਾ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਦਿਨਾਂ ਵਿਚ ਬਾਬੂ ਪਿੰਡ ਛੱਡ ਕੇ ਇਧਰ-ਉਧਰ ਭਟਕ ਰਿਹਾ ਹੁੰਦਾ ਹੈ, ਕਾਕੀ ਘੁਮੰਡੀ ਬਾਣੀਏ ਨਾਲ ਮੋਹ-ਪਿਆਰ ਦੇ ਦੋ ਬੋਲ ਸਾਂਝੇ ਕਰ ਕੇ ਆਪਣੇ ਨੀਰਸ ਜੀਵਨ ਵਿਚ ਕੁਝ ਰੰਗ-ਰਸ ਭਰਨ ਦਾ ਪ੍ਰਯਾਸ ਕਰਦੀ ਹੈ। ਪਰੰਤੂ ਪਿੰਡ ਦੇ ਵਰਜਨਾਮੁਖ ਸਮਾਜ ਵਿਚ ਅਜਿਹਾ ਰਿਸ਼ਤਾ ਕਿਸੇ ਨੂੰ ਪ੍ਰਵਾਨ ਨਹੀਂ ਹੁੰਦਾ। ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਦੁਖੀ ਅਤੇ ਸਤਾਈ ਔਰਤ ਕਿਸੇ ਗ਼ੈਰ ਮਰਦ ਕੋਲੋਂ ਹਮਦਰਦੀ ਅਤੇ ਪਿਆਰ ਦੇ ਦੋ ਬੋਲ ਮੰਗ ਲਵੇ! ਇਸ ਕਾਰਨ ਸਾਰੇ ਪਿੰਡ ਵਿਚ ਕਾਕੀ ਦੀ ਭੰਡੀ ਹੋਣ ਲੱਗਦੀ ਹੈ। ਦੁੱਖ ਅਤੇ ਅਪਮਾਨ ਦੀ ਸਤਾਈ ਕਾਕੀ ਬਹੁਤ ਕਠੋਰ ਅਤੇ ਖਰ੍ਹਵੇ ਸੁਭਾ ਵਾਲੀ ਔਰਤ ਬਣ ਜਾਂਦੀ ਹੈ। ਜਿਹੜਾ ਵੀ ਕੋਈ ਸ਼ਖ਼ਸ ਉਸ ਦੀ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਉਸ ਨੂੰ ਟੁੱਟ ਕੇ ਪੈ ਜਾਂਦੀ ਹੈ ਅਤੇ ਕੱਚਾ ਚਬਾ ਲੈਣ ਤੱਕ ਜਾਂਦੀ ਹੈ। ਉਸਨੂੰ ਸਮਾਜਿਕ ਰਿਸ਼ਤਿਆਂ ਅਤੇ ਵੱਡੇ-ਛੋਟੇ ਦੀ ਵੀ ਕੋਈ ਲਿਹਾਜ਼ ਨਹੀਂ ਰਹਿੰਦੀ। ਉਹ ਆਪਣੀਆਂ ਸ਼ਰਤਾਂ, ਲੋੜਾਂ ਉੱਤੇ ਜਿਉਣਾ ਸਿੱਖ ਜਾਂਦੀ ਹੈ। ਪਿੰਡ ਵਾਲੇ ਲੋਕ ਉਸਦੇ ਅਵੈੜੇ ਸੁਭਾਅ ਤੋਂ ਡਰਨ ਪੈਂਦੇ ਹਨ।

ਹੁਣ ਪਿੰਡ ਦੇ ਲੋਕ ਉਸ ਦੇ ਪਤੀ ਨੂੰ ਉਸਦੇ ਵਿਰੁੱਧ ਚੁੱਕਣ ਦੀਆਂ ਸਾਜ਼ਿਸ਼ਾਂ ਗੁੰਦਣ ਲੱਗਦੇ ਹਨ। ਇਕ ਦਿਨ ਪਤੀ-ਪਤਨੀ ਦੀ ਤਕਰਾਰ ਅਤੇ ਹੱਥੋਪਾਈ ਵਿਚ ਬਾਬੂ ਭੁੰਜੇ ਡਿੱਗ ਪੈਂਦਾ ਹੈ। ਕਮਜ਼ੋਰ ਅਤੇ ਨਿਮੱਤਾ ਤਾਂ ਉਹ ਪਹਿਲਾਂ ਹੀ ਬਹੁਤ ਸੀ। ਭੁੰਜੇ ਡਿੱਗਣ ਨਾਲ ਉਸਦੇ ਕਿਸੇ ਕਸੂਤੇ ਥਾਂ ਤੇ ਸੱਟ ਲੱਗ ਜਾਂਦੀ ਹੈ ਅਤੇ ਉਹ ਮਰ ਜਾਂਦਾ ਹੈ। ਬਾਬੂ ਦੀ ਮੌਤ ਦੀ ਖ਼ਬਰ ਸੁਣ ਕੇ ਕਾਕੀ ਦੇ ਮਾਪੇ ਉਸ ਨੂੰ ਪੇਕੇ ਲੈ ਜਾਂਦੇ ਹਨ ਪਰੰਤੂ ਪੇਕਾ ਘਰ ਉਸ ਨੂੰ ਬੇਗਾਨਾ ਲੱਗਦਾ ਹੈ। ਓਹ ਆਪਣੇ ਪਿਤਾ ਨੂੰ ਇਸ ਗੱਲੋਂ ਮੁਆਫ਼ ਨਹੀਂ ਕਰ ਪਾਉਂਦੀ ਕਿ ਉਸਨੇ ਜਾਣਦਿਆਂ-ਬੁੱਝਦਿਆਂ ਕੁਝ ਪੈਸਿਆਂ ਦੇ ਲਾਲਚ ਵਿਚ ਉਸਦਾ ਰਿਸ਼ਤਾ ਬਾਬੂ ਵਰਗੇ ਨਸ਼ਈ ਅਤੇ ਨਖਿੱਧ ਵਿਅਕਤੀ ਨਾਲ ਕਰ ਦਿੱਤਾ ਸੀ। ਸੋ ਕੁਝ ਦਿਨ ਪੇਕੇ ਪਿੰਡ ਰਹਿਣ ਪਿੱਛੋਂ ਉਹ ਵਾਪਸ ਆਪਣੇ ਸਹੁਰੇ ਘਰ ਪਰਤ ਆਉਂਦੀ ਹੈ ਅਤੇ ਆਪਣੇ ਜੀਵਨ ਨੂੰ ਨਵੇਂ-ਸਿਰਿਉਂ ਜਿਉਣ ਦਾ ਆਹਰ-ਪਾਹਰ ਕਰਨ ਲੱਗਦੀ ਹੈ। ਘਰ ਦੇ ਕਿਸੇ ਖੂੰਜੇ ਵਿਚ ਉੱਗੇ ਅੰਬ ਦੇ ਬੂਟੇ ਨੂੰ ਵਿਹੜੇ ਦੇ ਵਿਚਕਾਰ ਟੋਆ ਪੁੱਟ ਕੇ ਲਾ ਦਿੰਦੀ ਹੈ ਅਤੇ ਪਾਣੀ ਪਾ ਕੇ ਉਸਦੇ ਵਿਗਸਣ-ਮੌਲਣ ਦੀ ਇੰਤਜ਼ਾਰ ਕਰਨ ਲੱਗਦੀ ਹੈ।

ਜਿੰਨੀ ਦੇਰ ਤੱਕ ਕਾਕੀ ਦਾ ਨਸ਼ਈ ਪਤੀ ਬਾਬੂ ਜਿਉਂਦਾ ਰਹਿੰਦਾ ਹੈ,

ਪਿੰਡ ਦੇ ਲੋਕ ਕਾਕੀ ਦੇ ਘੁਮੰਡੀ ਨਾਲ ਰਿਸ਼ਤੇ ਨੂੰ ਲੈ ਕੇ ਬਹੁਤਾ ਹੋ-ਹੱਲਾ ਨਹੀਂ ਸਨ ਮਚਾਉਂਦੇ ਪਰ ਜਦ ਉਨ੍ਹਾਂ ਦੇਖਿਆ ਕਿ ਬਾਬੂ ਦੀ ਮੌਤ ਤੋਂ ਬਾਅਦ ਕਾਕੀ ਦਾ ਘੁਮੰਡੀ ਨਾਲ ਰਿਸ਼ਤਾ ਸਗੋਂ ਵਧੇਰੇ ਮਜ਼ਬੂਤ ਹੁੰਦਾ ਜਾ ਰਿਹਾ ਹੈ, ਤਾਂ ਪਿੰਡ ਵਾਲਿਆਂ ਨੂੰ ਇਹ ਰਿਸ਼ਤਾ ਉਨ੍ਹਾਂ ਦੀ ਸਮਾਜਿਕ ਪ੍ਰਭੁਤਾ ਨੂੰ ਚੁਣੌਤੀ ਦਿੰਦਾ ਜਾਪਦਾ ਹੈ ਅਤੇ ਉਹ ਹਰ ਹੀਲੇ ਇਸਰਿਸ਼ਤੇ ਨੂੰ ਖ਼ਤਮ ਕਰਨ ਦੀ ਠਾਣ ਲੈਂਦੇ ਹਨ। ਬਾਬੂ ਦਾ ਭਰਾ ਨੰਦ ਸਿੰਘ ਵੀ ਲੰਬੜਦਾਰ ਦੀ ਸਹਾਇਤਾ ਨਾਲ 'ਕੁਝ ਕਰਨ' ਦੀਆਂ ਸਾਜ਼ਿਸ਼ਾਂ ਗੁੰਦਣ ਲੱਗ ਜਾਂਦਾ ਹੈ। ਉਧਰ ਘੁਮੰਡੀ ਅਤੇ ਕਾਕੀ ਨੂੰ ਵੀ ਬਦਲੀਆਂ ਹੋਈਆਂ ਪਰਿਸਥਿਤੀਆਂ ਅਤੇ ਪ੍ਰਤੀਕੂਲ ਵਾਤਾਵਰਣ ਬਾਰੇ ਬੋਧ ਹੋ ਜਾਂਦਾ ਹੈ। ਉਹ ਆਪਸ ਵਿਚ ਵਿਆਹ ਕਰਨ ਦਾ ਇਰਾਦਾ ਕਰ ਲੈਂਦੇ ਹਨ। ਘੁਮੰਡੀ ਦੇ ਇਕ-ਦੋ ਹਮਦਰਦ ਉਸ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੰਦੇ ਹਨ ਪਰ ਉਹ ਮਿਰਜ਼ੇ ਵਾਂਗ ਵਿਰੋਧੀਆਂ ਨੂੰ ਕੁਝ ਨਹੀਂ ਗਿਣਦਾ। ਆਖਰ ਜਿਸ ਦਿਨ ਘੁਮੰਡੀ ਅਤੇ ਕਾਕੀ ਨੇ ਕੋਰਟ ਮੈਰਿਜ ਕਰਵਾਉਣ ਲਈ ਕਚਹਿਰੀਆਂ ਵਿਚ ਜਾਣਾ ਹੁੰਦਾ ਹੈ, ਤਾਂ ਨੰਦ ਸਿੰਘ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਘੁਮੰਡੀ ਦੀ ਹੱਤਿਆ ਕਰ ਦਿੰਦਾ ਹੈ। ਇਸ ਤਰ੍ਹਾਂ ਕਾਕੀ ਆਪਣੇ ਨਸ਼ਈ ਪਤੀ ਬਾਬੂ ਦੀ ਮੌਤ ਤੋਂ ਬਾਅਦ ਵੀ ਆਪਣੇ ਨਾਰਕੀ ਜੀਵਨ ਤੋਂ ਮੁਕਤ ਨਹੀਂ ਹੋ ਪਾਉਂਦੀ। ਉਸ ਦੀਆਂ ਰੀਝਾਂ ਉਸ ਦੇ ਮਨ ਵਿਚ ਹੀ ਦਫ਼ਨ ਹੋ ਜਾਂਦੀਆਂ ਹਨ। ਸਾਡੀ ਸਮਾਜਿਕ-ਸਭਿਆਚਾਰਕ ਵਿਵਸਥਾ ਉਸਦੇ ਸਾਰੇ ਚਾਵਾਂ-ਮਲਾਰਾਂ ਨੂੰ ਹੜੱਪ ਲੈਂਦੀ ਹੈ।

ਪਰੰਤੂ ਪ੍ਰਕ੍ਰਿਤੀ ਕਿਸੇ ਪ੍ਰਕਾਰ ਦਾ ਪੱਖ-ਪਾਤ ਨਹੀਂ ਕਰਦੀ। ਘੁਮੰਡੀ ਨਾਲ ਆਪਣੇ ਰਿਸ਼ਤੇ ਦੀ ਵਜ੍ਹਾ ਕਾਰਨ ਕਾਕੀ ਗਰਭਵਤੀ ਹੋ ਜਾਂਦੀ ਹੈ। ਜੇ ਉਸ ਦੇ ਘਰ ਦੇ ਵਿਹੜੇ ਦੇ ਐਨ ਵਿਚਕਾਰ ਅੰਬ ਦਾ ਇਕ ਬੂਟਾ ਵਿਗਸ-ਮੌਲ ਰਿਹਾ ਹੈ, ਤਾਂ ਉਸਦੀ ਕੁੱਖ ਦੇ ਵਿਹੜੇ ਵਿਚ ਇਕ ਨਵਾਂ ਜੀਵਨ ਅੰਕੁਰਿਤ ਹੋ ਰਿਹਾ ਹੈ ਜੋ ਕਾਕੀ ਨੂੰ ਉਸਦੇ ਦੁਖਾਂ-ਝੋਰਿਆਂ ਤੋਂ ਪਾਰ ਲੈ ਜਾਵੇਗਾ। ਇਉਂ ਦਰਸ਼ਨ ਮਿਤਵਾ ਨੇ ਇਕ ਆਸ਼ਾਵਾਦੀ ਸੰਦੇਸ਼ ਨਾਲ ਇਸ ਨਾਵਲ ਦੀ ਸਮਾਪਤੀ ਕੀਤੀ ਹੈ। ਲੇਖਕ ਅਨੁਸਾਰ ਸਮਾਜਿਕ-ਸਭਿਆਚਾਰਕ ਵਿਵਸਥਾ ਕਿਸੇ ਵਿਅਕਤੀ (ਪੜ੍ਹੋ ! ਨਾਰੀ) ਦੇ ਦਮਨ-ਸ਼ੋਸ਼ਣ ਵਾਸਤੇ ਚਾਹੇ ਕਿੰਨੀ ਵੀ ਵਾਹ ਕਿਉਂ ਨਾ ਲਾਵੇ, ਪ੍ਰਕ੍ਰਿਤੀ ਹਰ ਵਿਅਕਤੀ ਨੂੰ ਨਵੇਂ ਮੌਕੇ ਪ੍ਰਦਾਨ ਕਰਦੀ ਰਹਿੰਦੀ ਹੈ। ਸੋ ਵਿਅਕਤੀ ਨੂੰ ਆਪਣੇ ਜੀਵਨ-ਸੰਘਰਸ਼ ਤੋਂ ਕਦੇ ਵੀ ਉਪਰਾਮ ਨਹੀਂ ਹੋਣਾ ਚਾਹੀਦਾ। ਦੇਰ-ਸਵੇਰ ਹਰ ਵਿਅਕਤੀ ਨੂੰ ਨਵੇਂ ਮੌਕੇ ਮਿਲਣ ਦੀ ਗੁੰਜਾਇਸ਼ ਬਰਾਬਰ ਬਣੀ ਰਹਿੰਦੀ ਹੈ।

'ਇਕ ਰਾਤ ਦਾ ਜ਼ਖ਼ਮ' ਇਕ ਹੀ ਵਿਸ਼ੇ ਉਪਰ ਕੇਂਦ੍ਰਿਤ ਨਾਵਲੈੱਟ ਹੈ। ਨਾਵਲੈੱਟ ਵਿਚ ਬਹੁਤੇ ਵਿਸ਼ੇ ਲਿਆਉਣ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਦੀ ਸਪੇਸ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਦਰਸ਼ਨ ਮਿਤਵਾ ਨੇ ਆਪਣੀ ਇਸ ਰਚਨਾ ਵਿਚ ਕਾਕੀ ਦੇ ਦੁਖਦਾਈ ਜੀਵਨ ਤੋਂ ਬਿਨਾਂ ਹੋਰ ਕਿਸੇ ਵਿਸ਼ੇ ਦੀ ਉਸਾਰੀ

ਨਹੀਂ ਕੀਤੀ। ਇਸ ਨਾਵਲ ਦੇ ਵੱਖਰੇ-ਵੱਖਰੇ ਅਧਿਆਇ ਵੀ ਨਹੀਂ ਹਨ। ਕਹਾਣੀ ਨੂੰ ਸੂਤਰਬੱਧ ਢੰਗ ਨਾਲ ਪੇਸ਼ ਕਰਨ ਵਾਸਤੇ ਲੇਖਕ ਨੇ ਕੁਝ ਖੰਡ ਜ਼ਰੂਰ ਬਣਾਏ ਹਨ। ਪਰ ਹਰ ਖੰਡ ਵਿਚ ਕਹਾਣੀ ਇਕ ਹੀ ਲੜੀ ਅਤੇ ਵਿਉਂਤ ਅਨੁਸਾਰ ਅੱਗੇ ਵਧਦੀ ਜਾਂਦੀ ਹੈ। ਪੰਜ-ਸੱਤ ਵਰ੍ਹਿਆਂ ਦੇ ਅੰਤਰਾਲ ਦੌਰਾਨ ਪਿੰਡ ਵਿਚ ਹੋਰ ਕੀ ਤਬਦੀਲੀਆਂ ਆਈਆਂ, ਕਾਕੀ ਦੇ ਪਰਿਵਾਰ ਨਾਲ ਸੰਬੰਧਿਤ ਹੋਰ ਘਰਾਂ ਵਿਚ ਕੀ ਵਾਪਰਿਆ, ਪਿੰਡ ਦੇ ਲੋਕਾਂ ਦੀਆਂ ਹੋਰ ਦਿਲਚਸਪੀਆਂ ਕੀ ਸਨ, ਰਾਜਸੀ ਅਤੇ ਸਮਾਜਿਕ ਤੌਰ ਤੇ ਪਿੰਡ ਦੇ ਲੋਕ ਕਿਹੋ ਜਿਹੇ ਵਿਹਾਰ ਦੇ ਧਾਰਨੀ ਸਨ -- ਲੇਖਕ ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਨਹੀਂ ਦਿੰਦਾ। ਜੇ ਉਹ ਅਜਿਹੇ ਮੁੱਦਿਆਂ ਦੀ ਰੌਸ਼ਨੀ ਵਿਚ ਆਪਣੇ ਨਾਵਲੈੱਟ ਨੂੰ ਹੋਰ ਵਿਸਤਾਰ ਦੇ ਦਿੰਦਾ, ਤਾਂ ਇਸ ਰਚਨਾ ਨੇ ਇਕ ਮੁਕੰਮਲ ਅਤੇ ਪਰਿਪੂਰਨ ਨਾਵਲ ਦਾ ਰੁਤਬਾ ਅਖ਼ਤਿਆਰ ਕਰ ਜਾਣਾ ਸੀ, ਪਰੰਤੂ ਸ਼ਾਇਦ ਲੇਖਕ ਦੇ ਮਨ ਵਿਚ ਇਹ ਆਸ਼ੰਕਾ ਰਹੀ ਹੋਵੇਗੀ ਕਿ ਅਜਿਹਾ ਵਿਸਤਾਰ ਉਸਦੇ ਉਦੇਸ਼ ਨੂੰ ਕਮਜ਼ੋਰ ਕਰ ਦੇਵੇਗਾ, ਇਹੀ ਕਾਰਨ ਹੈ ਕਿ ਉਸ ਨੇ ਇਸ ਨਾਵਲ ਦੇ ਕੈਨਵੱਸ ਵਿਚ ਹੋਰ ਉਪ-ਵਿਸ਼ਿਆਂ ਨੂੰ ਪ੍ਰਵੇਸ਼ ਨਹੀਂ ਕਰਨ ਦਿੱਤਾ। ਉਸਦੇ ਨਜ਼ਦੀਕ ਇਕ ਨਸ਼ਾਗ੍ਰਸਤ ਵਿਅਕਤੀ ਦਾ ਆਪਣਾ ਅਤੇ ਉਸਦੇ ਪਰਿਵਾਰ ਦਾ ਨਰਕੀ ਜੀਵਨ ਹੀ ਇਕੋ-ਇਕ ਉਦੇਸ਼ ਜਾਂ ਮੰਤਵ ਰਿਹਾ ਹੈ। ਇਸ ਜੀਵਨ ਦੇ ਵਿਰੁੱਧ ਪਾਠਕ ਦੀ ਸੋਚ ਨੂੰ ਉਭਾਰਨ ਵਾਸਤੇ ਲੇਖਕ ਨੇ ਬਾਬੂ ਦੇ ਘ੍ਰਿਣਿਤ ਜੀਵਨ ਦੇ ਬੜੇ ਗਿਲਾਨੀ ਭਰਪੂਰ ਦ੍ਰਿਸ਼ ਪੇਸ਼ ਕੀਤੇ ਹਨ। ਦੇਖੋ :

> ਕਾਕੀ ਨੂੰ ਆਉਂਦਿਆਂ ਦੇਖ ਸਾਰੇ ਜਣੇ ਏਧਰ ਓਧਰ ਹੋ ਗਏ। ਗੋਲੀਆਂ ਦੇ ਨਸ਼ੇ ਵਿਚ ਧੁੱਤ ਬਾਬੂ, ਮੈਂਗਲ ਬਾਣੀਏ ਦੇ ਘਰ ਮੂਹਰਲੀ ਨਾਲੀ ਵਿਚ ਡਿੱਗਿਆ ਪਿਆ ਸੀ। ਉਸਦੀ ਅੱਧੀ ਕੁ ਪੱਗ ਉਸਦੇ ਸਿਰ ਉੱਤੇ ਲਪੇਟੀ ਹੋਈ ਸੀ ਅਤੇ ਅੱਧੀ ਨਾਲੀ ਦੇ ਗਾਰੇ ਵਿਚ ਲਿਬੜੀ ਜ਼ਮੀਨ ਉੱਤੇ ਖਿੱਲਰੀ ਪਈ ਸੀ। ਉਸਦਾ ਇਕ ਹੱਥ ਪੈਰ ਵੀ ਨਾਲੀ ਦੀ ਗੰਦਗੀ ਨਾਲ ਲਿੱਬੜਿਆ ਹੋਇਆ ਸੀ। ਉਸ ਨੂੰ ਕੋਈ ਸੁਰਤ ਨਹੀਂ ਸੀ ਅਤੇ ਉਸ ਦੀ ਇਕ ਲੱਤ ਅਜੇ ਵੀ ਨਾਲੀ ਵਿਚ ਪਈ ਸੀ। ਉਸ ਦਾ ਸਿਰ ਕੰਧ ਨਾਲ ਲੱਗਿਆ ਪਿਆ ਸੀ। ਪੱਗ ਦਾ ਇਕ ਲੜ ਉਸਦੇ ਪੈਰ ਵਿਚ ਉਲਝਿਆ ਹੋਇਆ ਸੀ। ਸ਼ਾਇਦ ਇਸੇ ਕਰਕੇ ਹੀ ਉਹ ਡਿੱਗ ਪੈਂਦਾ ਹੈ। (ਪੰਨਾ10)

ਦਰਸ਼ਨ ਮਿਤਵਾ ਨੇ ਕਠੋਰ ਅਤੇ ਜ਼ਿੱਲਤ ਭਰਿਆ ਜੀਵਨ ਜੀ ਰਹੀ ਕਾਕੀ ਦੇ ਸੁਭਾਉ ਵਿਚ ਆਈ ਤਲਖੀ ਅਤੇ ਕੁੜੱਤਣ ਨੂੰ ਵੀ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਅੰਕਿਤ ਕੀਤਾ ਹੈ। ਕਿਉਂਕਿ ਪਿੰਡ ਵਾਲੇ ਕਾਕੀ ਨਾਲ ਸਹਾਨੁਭੂਤੀ ਕਰਨ ਦੀ ਬਜਾਇ ਉਸਦਾ ਠੱਠਾ ਉਡਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਕਾਰਨ ਕਾਕੀ ਵੀ ਉਨ੍ਹਾਂ ਨੂੰ ਬੁਰਾ-ਭਲਾ ਕਹਿਣ ਤੋਂ ਸੰਕੋਚ ਨਹੀਂ ਕਰਦੀ। ਇਥੋਂ ਪਤਾ ਲੱਗਦਾ ਹੈ ਕਿ ਅਤਿਅੰਤ ਦੁਖਦਾਈ ਸਥਿਤੀਆਂ ਵਿਚ ਜੀਣ ਦੇ ਬਾਵਜੂਦ ਕਾਕੀ ਨੇ ਆਪਣੇ ਸ੍ਵੈਮਾਨ ਅਤੇ ਅਣਖ ਨੂੰ ਮਰਨ ਨਹੀਂ ਦਿੱਤਾ। ਇਸ ਪ੍ਰਸੰਗ ਵਿਚ ਕਾਕੀ ਦੀ ਗੱਲ-ਬਾਤ ਦਾ ਇਕ ਅੰਦਾਜ਼ ਦੇਖੋ :

ਕਾਕੀ ਨੇ ਮੈਂਗਲ ਬਾਣੀਏ ਦੇ ਘਰ ਵੱਲ ਤੱਕਿਆ। ਘਰ ਦਾ ਬੂਹਾ ਅੰਦਰੋਂ ਬੰਦ ਸੀ। ਉਸ ਨੇ ਅੱਗੇ ਵਧ ਕੇ ਜ਼ੋਰ-ਜ਼ੋਰ ਦੀ ਬੂਹਾ ਖੜਕਾਇਆ ਅਤੇ ਜਿੰਨੀ ਦੇਰ ਅੰਦਰੋਂ ਕੋਈ ਆਵਾਜ਼ ਨਹੀਂ ਆਈ, ਉਹ ਬੂਹਾ ਭੰਨਦੀ ਰਹੀ।
"ਕੌਣ ਐ?" ਅੰਦਰੋਂ ਕੋਈ ਬੋਲਿਆ।

"ਤੂੰ ਬਾਹਰ ਤਾਂ ਨਿੱਕਲ ਮੇਰੇ ਪਿਓ ਦਿਆ ਸਾਲਿਆ, ਤੈਨੂੰ ਮੈਂ ਦਸਦੀ ਆਂ ਮੈਂ ਕੌਣ ਆਂ," ਬੂਹਾ ਖੋਲ੍ਹਣ ਤੋਂ ਪਹਿਲਾਂ ਹੀ ਕਾਕੀ ਬੋਲਣ ਲੱਗ ਪਈ। ਉਸਨੇ ਇਹ ਵੀ ਖ਼ਿਆਲ ਨਹੀਂ ਕੀਤਾ ਕਿ ਅੰਦਰੋਂ ਬੋਲਣ ਵਾਲਾ ਮੈਂਗਲ ਬਾਣੀਆਂ ਹੀ ਸੀ ਜਾਂ ਕੋਈ ਹੋਰ। ਉਸਦੀ ਗਰਜ ਸੁਣ ਕੇ ਬੂਹਾ ਖੋਲ੍ਹਣ ਲਈ ਆਉਣ ਵਾਲਾ ਸ਼ਾਇਦ ਉਥੇ ਹੀ ਰੁਕ ਗਿਆ। ਜਦੋਂ ਥੋੜ੍ਹੀ ਦੇਰ ਹੋਰ ਬੂਹਾ ਨਾ ਖੁੱਲ੍ਹਿਆ ਤਾਂ ਕਾਕੀ ਨੇ ਫੇਰ ਬੂਹਾ ਭੰਨਣਾ ਸ਼ੁਰੂ ਕਰ ਦਿੱਤਾ।

"ਵੇ ਤੇਰਾ ਕੱਖ ਨਾ ਰਹੇ ਮੈਂਗਲਾ, ਤੈਨੂੰ ਦੋਨੀਂ ਜਹਾਨੀਂ ਢੋਈ ਨਾ ਮਿਲੇ, ਲੰਡਰਾ-ਕੰਜਰਾ ਕਿਸੇ ਥਾਂ ਦਿਆ।......ਮਰ ਜਾਣ ਤੇਰੇ ਬੱਚੜੇ.....ਹੁਣ ਮੈਂ ਵਕਿਆਉਂ ਤੈਨੂੰ ਫ਼ੀਮ ਨਾਲੇ ਗੋਲੀਆਂ। ਆਉਣ ਦੇ ਠਾਣੇਦਾਰ ਨੂੰ ਪਿੰਡ 'ਚ, ਜੇ ਤੇਰਾ ਮੂੰਹ ਕਾਲਾ ਨਾ ਕਰਵਾਇਆ ਤਾਂ ਤੂੰ ਵੀ ਕੀ ਯਾਦ ਰੱਖੇਂਗਾ, ਜਿਹੜੀਆਂ ਤੂੰ ਘਤਿੱਤਾਂ ਸਿਖਾਉਨੈਂ।" ਕਿੰਨਾ ਚਿਰ ਉਹ ਮਨ ਦੀ ਭੜਿਆਸ ਕੱਢਦੀ ਰਹੀ ਪਰ ਅੰਦਰੋਂ ਨਾ ਤਾਂ ਕਿਸੇ ਨੇ ਬੂਹਾ ਖੋਲ੍ਹਿਆ ਅਤੇ ਨਾ ਹੀ ਕੋਈ ਆਵਾਜ਼ ਆਈ, ਜਿਵੇਂ ਅੰਦਰ ਕੋਈ ਹੋਵੇ ਹੀ ਨਾ। (ਪੰਨਾ 12)

ਦਰਸ਼ਨ ਮਿਤਵਾ ਦੀ ਗਲਪ ਸ਼ੈਲੀ, ਬ੍ਰਿਤਾਂਤ ਦੀਆਂ ਜ਼ਰੂਰਤਾਂ ਦੇ ਅਨੁਸਾਰ ਬਦਲਦੀ ਰਹਿੰਦੀ ਹੈ। ਜੇ ਕਿਸੇ ਪ੍ਰਸੰਗ ਨੂੰ ਉਭਾਰਨ-ਉਸਾਰਨ ਵਾਸਤੇ ਉਹ ਰੌਦਰ ਰਸ ਜਾਂ ਵੀਭਤਸ ਰਸ ਭਰਪੂਰ ਸ਼ੈਲੀ ਦਾ ਪ੍ਰਯੋਗ ਕਰਦਾ ਹੈ, ਤਾਂ ਕਈ ਥਾਵਾਂ ਤੇ ਉਸ ਨੇ ਕਰੁਣਾ ਰਸ ਜਾਂ ਅਦਭੁਤ ਰਸ ਦੀ ਨਿਸ਼ਪੱਤੀ ਕਰਨ ਵਾਲੀ ਸ਼ੈਲੀ ਦਾ ਵੀ ਬੜਾ ਕੁਸ਼ਲ ਪ੍ਰਯੋਗ ਕੀਤਾ ਹੈ। ਨਾਵਲ ਦੇ ਅੰਤ ਵਿਚ ਜਦੋਂ ਨਿੱਕਾ ਸਿੰਘ ਉਸਨੂੰ ਦਸਦਾ ਹੈ ਕਿ ਦੁਸ਼ਮਣਾਂ ਨੇ ਘੁਮੰਡੀ ਦਾ ਕਤਲ ਕਰ ਦਿੱਤਾ ਹੈ, ਤਾਂ ਲੇਖਕ ਨੇ ਆਪਣੀ ਸ਼ੈਲੀ ਦਾ ਬੜਾ ਚਿੰਨ੍ਹਾਤਮਕ ਅਤੇ ਕਾਵਿਕ ਪ੍ਰਯੋਗ ਕੀਤਾ ਹੈ। ਦੇਖੋ :-

ਫੇਰ ਕਾਕੀ ਦੇ ਸੁੰਨ ਦਿਮਾਗ ਵਿਚ ਜਿਵੇਂ ਕੋਈ ਬੰਬ ਫਟਿਆ ਹੋਵੇ। ਪਹਿਲਾਂ ਉਸਦੀਆਂ ਅੱਖਾਂ ਵਿਚ ਜਿਵੇਂ ਤੇਜ਼ ਚਮਕਦੀ ਰੌਸ਼ਨੀ ਦੇ ਫ਼ੁਹਾਰੇ ਚੱਲ ਪਏ ਹੋਣ। ਫੇਰ ਉਸਦੀਆਂ ਅੱਖਾਂ ਅੱਗੇ ਇਕ ਦਮ ਗੂੜ੍ਹਾ ਹਨੇਰਾ ਫ਼ੈਲ ਗਿਆ ਕਿ ਉਸਨੂੰ ਆਪਣੇ ਸਾਮ੍ਹਣੇ ਖੜ੍ਹਾ ਨਿੱਕਾ ਵੀ ਦਿਖਾਈ ਨਹੀਂ ਦਿੱਤਾ, ਜਿਸ ਨਾਲ ਘਰ-ਅਸਮਾਨ, ਸਭ ਕੁਝ ਘੁੰਮਣ ਲੱਗਾ ਅਤੇ ਉਹ ਧੜੱਮ ਦੇਣੇ ਜ਼ਮੀਨ ਉੱਤੇ ਡਿੱਗ ਪਈ। (ਪੰਨਾ 111)

ਲੇਖਕ ਨੇ ਇਸ ਨਾਵਲ ਦਾ ਅੰਤ ਬੜੇ ਸੁਝਾਊ ਢੰਗ ਨਾਲ ਕੀਤਾ ਹੈ। ਇਹ ਇਕ ਖੁੱਲ੍ਹੇ ਅੰਤ (open-ended) ਵਾਲੀ ਰਚਨਾ ਹੈ। ਕਾਕੀ ਦੀ ਦੁਖਾਂਤਿਕ ਸਥਿਤੀ ਨੂੰ ਲੈ ਕੇ ਉਸ ਨੇ ਕੋਈ ਉਪਭਾਵੁਕ ਜਾਂ ਅਤਿਭਾਵੁਕ ਰਵਈਆ ਨਹੀਂ ਅਪਣਾਇਆ।

ਬਲਕਿ ਕਲਾਤਮਕ ਸੰਗਠਨ ਦੀਆਂ ਲੋੜਾਂ ਅਨੁਸਾਰ ਆਪਣੇ ਨਿਜਤਵ ਨੂੰ ਇਸ ਨਾਵਲ ਦੀ ਫਿਰਨੀ (ਘੇਰੇ) ਤੋਂ ਬਾਹਰ ਹੀ ਰੱਖਿਆ ਹੈ। ਨਾਵਲ ਦੇ ਅੰਤ ਵਿਚ ਲੇਖਕ ਨੇ ਤਿੰਨ ਵਾਕ ਲਿਖੇ ਹਨ :

> ਪਿੰਡ ਵਿਚ ਗੱਲਾਂ ਹੋ ਰਹੀਆਂ ਸਨ......
> "ਬਹੁਤ ਦਲੇਰ ਬਾਣੀਆ ਸੀ, ਭਾਈ!"
> "ਪਰ ਜੱਟਾਂ ਦੀ ਅਣਖ ਵੀ ਕੋਈ ਚੀਜ਼ ਹੁੰਦੀ ਐ।"

ਪਰ ਜੇ ਇਹ ਤਿੰਨ ਵਾਕ ਨਾ ਵੀ ਲਿਖੇ ਹੁੰਦੇ, ਤਾਂ ਵੀ ਇਹ ਰਚਨਾ ਸੰਪੂਰਨ ਸੀ। ਅਸਲ ਵਿਚ ਇਹ ਤਿੰਨ ਵਾਕ ਸਾਧਾਰਣ ਪਾਠਕ ਦੇ ਦਿਸ਼ਾ-ਨਿਰਦੇਸ਼ਨ ਲਈ ਲਿਖੇ ਗਏ ਹਨ ਕਿ ਜੇ ਤੁਹਾਨੂੰ ਇਸ ਨਾਵਲ ਦਾ ਮੂਲ ਵਿਸ਼ਾ ਨਹੀਂ ਲੱਭਦਾ, ਤਾਂ ਤੁਸੀਂ ਇਨ੍ਹਾਂ ਵਾਕਾਂ ਦਾ ਸਹਾਰਾ ਲੈ ਸਕਦੇ ਹੋ। ਪਰੰਤੂ ਅਸਲ ਵਿਚ ਇਸ ਨਾਵਲ ਦੀ ਸੰਰਚਨਾ ਇਨ੍ਹਾਂ ਵਾਕਾਂ ਦੇ ਆਲੇ-ਦੁਆਲੇ ਨਹੀਂ ਘੁੰਮਦੀ। ਨਾਵਲ ਦਾ ਕੈਨਵੱਸ ਇਨ੍ਹਾਂ ਤੋਂ ਬਹੁਤ ਅੱਗੇ ਤੱਕ ਫੈਲਿਆ ਹੋਇਆ ਹੈ। ਪਾਠਕ ਵਿਚ ਜਿੰਨੀ ਸਮਰੱਥਾ ਹੋਵੇਗੀ, ਉਹ ਉਥੋਂ ਤੱਕ ਵਿਸ਼ੇ ਦਾ ਵਿਸਤਾਰ ਕਰ ਸਕਦਾ ਹੈ।

ਨੰਗੇ ਸਿਰ ਵਾਲੀ ਤੀਵੀਂ

ਵਹਿਮ-ਭਰਮਗ੍ਰਸਤ ਸਮਾਜ ਦਾ ਚਿਤ੍ਰਣ

ਅਨਪੜ੍ਹ ਅਤੇ ਜਾਗੀਰਦਾਰੀ ਸਮਾਜ ਬਹੁਤ ਤਰ੍ਹਾਂ ਦੇ ਵਹਿਮਾਂ-ਭਰਮਾਂ ਵਿਚ ਗ੍ਰਸਤ ਰਹਿੰਦਾ ਹੈ। ਇਸ ਸਮਾਜ ਵਿਚ ਵਿਗਿਆਨ ਅਤੇ ਤਕਨਾਲੋਜੀ ਦਾ ਵਿਕਾਸ ਨਾ ਹੋਣ ਦੇ ਕਾਰਨ ਲੋਕ ਆਪਣੀ ਹੀ ਤਰ੍ਹਾਂ ਦੇ ਤਰਕ ਅਥਵਾ ਸੰਕਲਪ ਸਿਰਜ ਕੇ ਪ੍ਰਾਕ੍ਰਿਤਕ ਅਤੇ ਸਮਾਜਿਕ-ਸਭਿਆਚਾਰਕ ਵਤੀਰੇ ਨੂੰ ਸਮਝਣ ਦਾ ਪ੍ਰਯਾਸ ਕਰਦੇ ਹਨ। ਮਧਕਾਲੀਨ ਮਨੁੱਖ ਲਈ ਪ੍ਰਕਿਤੀ ਦਾ ਹਰ ਰੂਪ ਇਕ ਦੇਵੀ ਜਾਂ ਦੇਵਤਾ ਸੀ। ਦਿਨ-ਰਾਤ, ਸਵੇਰ-ਸ਼ਾਮ, ਬਹਾਰ-ਪਤਝੜ, ਬਾਰਿਸ਼-ਔੜ, ਹਵਾ-ਪਾਣੀ ਅਤੇ ਅਗਨੀ ਆਦਿਕ ਸਭ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿਚ ਚਿਤਵਿਆ ਜਾਂ ਆਰਾਧਿਆ ਜਾਂਦਾ ਸੀ। ਮਨੁੱਖ ਨੂੰ ਅਜੇ ਤੱਕ ਇਹ ਸਮਝ ਨਹੀਂ ਸੀ ਪਈ ਕਿ ਪ੍ਰਾਕ੍ਰਿਤਕ-ਵਰਤਾਰਾ ਇਕ ਚੱਕਰ (Cycle) ਵਿਚ ਚਲਦਾ ਹੈ ਅਤੇ ਇਕ ਵਿਸ਼ੇਸ਼ ਸਮਾਂ ਬੀਤਣ ਤੋਂ ਬਾਅਦ ਹਰ ਮੌਸਮ ਆਪਣੇ ਆਪ ਨੂੰ ਦੁਹਰਾਉਂਦਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਰਾਤ ਇਕ ਪ੍ਰਕਾਰ ਦੇ ਦੈਵੀ ਪ੍ਰਕੋਪ ਦੇ ਕਾਰਨ ਆਉਂਦੀ ਹੈ ਅਤੇ ਜੇ ਦੇਵੀ-ਦੇਵਤਿਆਂ ਨੂੰ ਰੀਝਾ ਲਿਆ ਜਾਵੇ ਤਾਂ ਪ੍ਰਭਾਤ ਪ੍ਰਗਟ ਹੋ ਜਾਂਦੀ ਹੈ। ਮਨੁੱਖ ਦੀ ਇਸੇ ਆਦਿਮ ਸੋਚ ਵਿਚੋਂ ਬਹੁਤ ਸਾਰੇ ਕਰਮ-ਕਾਂਡ, ਰੀਤੀ-ਰਿਵਾਜ ਅਤੇ ਬਲੀਦਾਨ ਆਦਿਕ ਨਾਲ ਸੰਬੰਧਿਤ ਅਨੁਸ਼ਠਾਨ ਹੋਂਦ ਵਿਚ ਆਏ। ਪਰੰਤੂ ਆਧੁਨਿਕ ਯੁਗ ਵਿਚ ਵਿਗਿਆਨ ਅਤੇ ਤਕਨਾਲੋਜੀ ਨੇ ਪ੍ਰਕ੍ਰਿਤੀ ਅਤੇ ਵਿਸ਼ਵ ਦੇ ਬਹੁਤ ਸਾਰੇ ਰਹੱਸਾਂ ਤੋਂ ਪਰਦਾ ਚੁੱਕ ਦਿੱਤਾ ਹੈ, ਜਿਸ ਕਾਰਨ ਮਨੁੱਖ ਤਰਕਸ਼ੀਲ ਅਤੇ ਵਿਗਿਆਨਕ ਰੁਚੀਆਂ ਦਾ ਧਾਰਨੀ ਹੋਣ ਲੱਗ ਪਿਆ ਹੈ। ਹੁਣ ਕੇਵਲ ਅਵਿਕਸਿਤ ਅਥਵਾ ਅਰਧਵਿਕਸਿਤ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਹੀ ਵਹਿਮਾਂ-ਭਰਮਾਂ ਵਿਚ ਯਕੀਨ ਕਰਦੇ ਹਨ। ਇਸੇ ਕਾਰਨ ਆਧੁਨਿਕ ਮਨੁੱਖ ਉੱਤੇ ਧਰਮ ਦੀ ਪਕੜ ਵੀ ਦਿਨੋ ਦਿਨ ਕਮਜ਼ੋਰ ਪੈਂਦੀ ਜਾ ਰਹੀ ਹੈ।

ਬੇਸ਼ਕ ਭਾਰਤਵਰਸ਼ ਬੜੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਪਰੰਤੂ ਇਥੇ ਧਾਰਮਿਕ ਮਰਯਾਦਾਵਾਂ ਅਤੇ ਵਿਸ਼ਵਾਸਾਂ ਦੀ ਪੀਡੀ ਪਕੜ ਅਜੇ ਤੱਕ ਜਨਮਾਨਸ ਉੱਤੇ ਬਣੀ ਹੋਈ ਹੈ। ਧਰਮ ਅਤੇ ਡਰ (fear) ਦਾ ਬੜਾ ਮਜ਼ਬੂਤ ਅਤੇ ਸਿੱਧਾ ਸੰਬੰਧ ਹੈ। ਬਹੁਤੇ ਧਰਮਾਚਾਰੀਆ ਅਤੇ ਧਰਮਗੁਰੂ 'ਡਰ' ਦੇ ਮਾਧਿਅਮ ਦੁਆਰਾ ਲੋਕਾਂ ਨੂੰ ਧਾਰਮਿਕ ਬਣਾਉਂਦੇ ਹਨ। ਇਹ ਡਰ ਮੌਤ ਅਤੇ ਇਸ ਤੋਂ ਪਿੱਛੋਂ ਮਨੁੱਖ ਨਾਲ ਵਾਪਰਣ ਵਾਲੀ ਹੋਣੀ ਨਾਲ ਜੁੜਿਆ ਹੁੰਦਾ ਹੈ। ਇਹ ਦੱਸਣ ਦੀ ਬਜਾਇ ਕਿ ਇਸ

ਸੰਸਾਰ ਵਿਚ ਵਿਚਰਣ ਵਾਲੇ ਹਰ ਜੀਵ-ਜੰਤੂ ਦੀ ਇਕ ਨਿਸ਼ਚਿਤ ਅਵਧੀ ਹੈ ਅਤੇ ਇਸ ਅਵਧੀ ਤੋਂ ਬਾਅਦ ਉਸਨੇ ਖ਼ਤਮ ਹੋ ਜਾਣਾ ਹੁੰਦਾ ਹੈ, ਧਰਮਗੁਰੂ ਮੌਤ ਨੂੰ ਮਨੁੱਖ ਦੇ ਚੰਗੇ-ਮਾੜੇ ਕਰਮਾਂ ਨਾਲ ਜੋੜ ਕੇ ਇਸ ਨੂੰ ਭਿਆਨਕ ਦਰਸਾਉਣ ਦਾ ਪ੍ਰਯਾਸ ਕਰਦੇ ਹਨ। ਭਾਵੇਂ ਇਨ੍ਹਾਂ ਧਰਮਗੁਰੂਆਂ ਦੀ ਮਨਸ਼ਾ ਤਾਂ ਇਹੀ ਹੁੰਦੀ ਹੈ ਕਿ ਮੌਤ ਤੋਂ ਡਰ ਕੇ ਮਨੁੱਖ ਸ਼ੁਭ ਅਤੇ ਚੰਗੇ ਕਾਰਜ ਕਰਦਾ ਰਹੇ ਪਰੰਤੂ ਉਨਾਂ ਦੇ ਵਿਚਾਰਾਂ ਨੂੰ ਸੁਣ-ਸੁਣ ਕੇ ਮਨੁੱਖਾਂ ਦੇ ਅਵਚੇਤਨ ਵਿਚ ਮੌਤ ਇਕ ਡਰਾਉਣੀ ਸ਼ਕਤੀ ਬਣ ਕੇ ਬੈਠ ਜਾਂਦੀ ਹੈ, ਜਿਸ ਕਾਰਨ ਉਹ ਮੌਤ ਨਾਲ ਸੰਬੰਧਿਤ ਹਰ ਵੇਰਵੇ ਤੋਂ ਭੈਭੀਤ ਅਤੇ ਆਤੰਕਿਤ ਰਹਿੰਦਾ ਹੈ। ਮੌਤ ਤੋਂ ਬਾਅਦ ਮਨੁੱਖ ਦੀਆਂ ਅੰਤਿਮ ਕ੍ਰਿਆਵਾਂ ਸ਼ਮਸ਼ਾਨ-ਭੂਮੀ ਵਿਚ ਕੀਤੀਆਂ ਜਾਂਦੀਆਂ ਹਨ, ਇਸ ਲਈ ਮਨੁੱਖ ਮੜ੍ਹੀਆਂ-ਮਸਾਣਾਂ ਤੋਂ ਡਰਨ ਲੱਗਦਾ ਹੈ; ਇਕ ਸਮਾਜਿਕ-ਪ੍ਰਾਣੀ ਹੋਣ ਦੀ ਸੂਰਤ ਵਿਚ ਮਨੁੱਖ ਝੁੰਡ (herd) ਵਿਚ ਰਹਿਣਾ ਪਸੰਦ ਕਰਦਾ ਹੈ। ਇਸੇ ਕਾਰਨ ਉਹ ਨਿਰਜਨ ਅਤੇ ਉਜਾੜ ਥਾਵਾਂ ਤੋਂ ਡਰਦਾ ਹੈ। ਪੁਰਾਣੇ ਅਤੇ ਵਿਸ਼ਾਲ ਆਕਾਰ ਦੇ ਰੁੱਖ ਵੀ ਮਨੁੱਖ ਨੂੰ ਭੈਭੀਤ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਦਾ ਆਕਾਰ-ਪ੍ਰਕਾਰ, ਆਪਣੀ ਵਿਸ਼ਾਲਤਾ ਦੇ ਕਾਰਨ ਡਰਾਉਣਾ ਹੋ ਨਿੱਬੜਦਾ ਹੈ। ਮਨੁੱਖ ਦੇ ਆਪਣੇ ਵਜੂਦ ਅਤੇ ਅਨੁਮਾਨ ਤੋਂ ਜੋ ਵੱਡਾ ਹੁੰਦਾ ਹੈ, ਉਹ ਡਰਾਉਣਾ ਵੀ ਹੋ ਜਾਂਦਾ ਹੈ। ਸ਼ਾਇਦ ਇਸੇ ਲਈ ਮਨੁੱਖ ਵੱਡੇ ਰੁਤਬੇ ਵਾਲੇ, ਬਹੁਤੇ ਅਮੀਰ ਜਾਂ ਬਲਵਾਨ ਲੋਕਾਂ ਤੋਂ ਵੀ ਡਰਦਾ ਹੈ।

ਧਰਮ ਨੂੰ ਆਪਣੀ ਰੋਜ਼ੀ-ਰੋਟੀ ਦਾ ਵਸੀਲਾ ਬਣਾਉਣ ਵਾਲੇ ਸਾਧੂ-ਸੰਤ ਅਤੇ ਪੀਰ-ਫ਼ਕੀਰ ਮਨੁੱਖ ਦੀ ਡਰ-ਭਾਵਨਾ ਨੂੰ ਹੋਰ ਤੀਬਰ ਕਰਦੇ ਰਹਿੰਦੇ ਹਨ। ਜੇ ਮਨੁੱਖ ਆਪਣੇ ਅਸਥਿਰ ਅਤੇ ਨਾਮਾਲੂਮ ਭਵਿੱਖ ਤੋਂ ਡਰਨਗੇ ਨਹੀਂ, ਤਾਂ ਉਹ ਇਨ੍ਹਾਂ ਭੇਖਧਾਰੀਆਂ ਨੂੰ ਮੋਟੀਆਂ ਰਕਮਾਂ ਕਿਉਂ ਚੜ੍ਹਾਉਣਗੇ? ਆਪਣੇ ਇਸੇ ਸਵਾਰਥ ਨੂੰ ਮੁਖ ਰੱਖ ਕੇ ਇਹ ਆਪੇ ਬਣੇ (self-styled) ਧਰਮਗੁਰੂ ਮਨੁੱਖ ਦੇ ਹਾਲ ਅਤੇ ਭਵਿੱਖ ਦੇ ਦਰਮਿਆਨ ਵਿਚੋਲੇ ਬਣ ਬੈਠਦੇ ਹਨ। ਇਹ ਲੋਕ ਆਮ ਆਦਮੀ ਨੂੰ ਗ੍ਰਹਿਆਂ, ਨਛੱਤਰਾਂ ਅਤੇ ਹੋਰ ਕਈ ਪ੍ਰਕਾਰ ਦੀਆਂ ਅਣਹੋਣੀਆਂ ਬਾਰੇ ਚੇਤਾਵਨੀਆਂ ਦੇ-ਦੇ ਕੇ ਉਨ੍ਹਾਂ ਨੂੰ ਆਤੰਕਿਤ ਕਰਦੇ ਰਹਿੰਦੇ ਹਨ। ਫਿਰ ਆਪ ਹੀ ਉਨ੍ਹਾਂ ਨੂੰ ਕੁਝ ਉਪਾਇ ਅਤੇ ਵਿਧੀਆਂ ਦੱਸ ਦਿੰਦੇ ਹਨ। ਇਨ੍ਹਾਂ ਵਿਧੀਆਂ ਨੂੰ ਸਰੰਜਾਮ ਦੇਣ ਲਈ ਵੀ ਉਹ ਆਮ ਆਦਮੀ ਤੋਂ ਮੋਟੀਆਂ ਰਕਮਾਂ ਕਢਵਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਤਰ੍ਹਾਂ ਅਧਿਆਤਮਵਾਦ ਦਾ ਬਹੁਤ ਕੰਮ ਇਕ ਡਰ-ਗ੍ਰੰਥੀ (fear-psychosis) ਦੁਆਰਾ ਹੀ ਸੰਚਾਲਿਤ ਹੁੰਦਾ ਹੈ।

ਭਾਰਤ ਵਰਗੇ ਭ੍ਰਸ਼ਟ ਦੇਸ਼ ਦੇ ਸੰਬੰਧ ਵਿਚ ਧਾਰਮਿਕ ਆਡੰਬਰਵਾਦ ਦਾ ਸੰਬੰਧ ਭ੍ਰਸ਼ਟਾਚਾਰ ਨਾਲ ਵੀ ਜੁੜਿਆ ਹੋਇਆ ਹੈ। ਸਾਡੇ ਇਥੇ ਮਿਹਨਤ, ਕਾਰਜ-ਕੁਸ਼ਲਤਾ ਅਤੇ ਪ੍ਰਤਿਭਾ ਦਾ ਕੋਈ ਮੁੱਲ ਨਹੀਂ ਹੈ। ਨਾ ਹੀ ਇਨ੍ਹਾਂ ਗੁਣਾਂ ਦੇ ਸਹਾਰੇ ਦੌਲਤ ਕਮਾਈ ਜਾ ਸਕਦੀ ਹੈ। ਬਲਕਿ ਦੌਲਤ ਦਾ ਸੰਬੰਧ ਭ੍ਰਸ਼ਟਾਚਾਰ ਨਾਲ ਜੁੜਿਆ

ਹੋਇਆ ਹੈ। ਉਚੇਰੇ ਪਦ-ਪਦਵੀਆਂ ਰਿਸ਼ਵਤ ਦੇਣ ਨਾਲ ਪ੍ਰਾਪਤ ਹੁੰਦੀਆਂ ਹਨ। ਵਪਾਰ ਆਦਿ ਵਿਚ ਪੈਸਾ ਭ੍ਰਿਸ਼ਟਾਚਾਰ ਦੁਆਰਾ ਬਣਦਾ ਹੈ ਅਤੇ ਨੇਤਾ ਲੋਕ ਵੀ ਭ੍ਰਿਸ਼ਟ -ਵਿਧੀਆਂ ਦੁਆਰਾ ਧਨ-ਕੁਬੇਰ ਬਣਦੇ ਹਨ। ਹੁਣ ਹਰ ਆਦਮੀ ਨੂੰ ਇਹ ਬੋਧ ਹੋ ਗਿਆ ਹੈ ਕਿ ਨਿਰੀ-ਪੁਰੀ ਮਿਹਨਤ ਜਾਂ ਈਮਾਨਦਾਰੀ ਦੇ ਸਹਾਰੇ ਪਦ-ਪ੍ਰਤਿਸ਼ਠਾ ਦੀ ਪੌੜੀ ਉਪਰ ਉੱਚਾ ਨਹੀਂ ਚੜ੍ਹਿਆ ਜਾ ਸਕਦਾ। ਕਿਉਂਕਿ ਹਰ ਭ੍ਰਿਸ਼ਟ ਵਿਅਕਤੀ ਦਾ ਤੁੱਕਾ ਲੱਗਿਆ ਹੁੰਦਾ ਹੈ ਅਤੇ ਉਹ ਆਪਣੇ ਮਾਮੂਲੀਪਣ ਤੋਂ ਜਾਣੂ ਹੁੰਦਾ ਹੈ, ਇਸ ਕਾਰਨ (ਭਾਰਤ ਵਰਗੇ ਦੇਸ਼ ਦਾ ਨਿਵਾਸੀ ਹੋਣ ਕਰਕੇ) ਉਹ ਇਹ ਸੋਚਣ ਲੱਗਦਾ ਹੈ ਕਿ ਉਸ ਉੱਪਰ ਦੈਵੀ ਸ਼ਕਤੀਆਂ ਦੀ ਕ੍ਰਿਪਾ ਹੈ ਅਤੇ ਉਨ੍ਹਾਂ ਦੀ ਕ੍ਰਿਪਾ ਕਰਕੇ ਹੀ ਉਸ ਵਰਗਾ ਮਾਮੂਲੀ ਆਦਮੀ ਵੀ ਕਰੋੜਾਂ ਵਿਚ ਖੇਡ ਰਿਹਾ ਹੈ, ਸੋ ਉਹ ਧਾਰਮਿਕ ਆਡੰਬਰਵਾਦ ਦਾ ਸ਼ਿਕਾਰ ਹੋ ਜਾਂਦਾ ਹੈ। ਉਸਨੂੰ ਸਦਾ ਇਹੀ ਡਰ ਰਹਿੰਦਾ ਹੈ ਕਿ ਕਿਧਰੇ ਉਸ ਦੀ ਕਿਸੇ ਅਵੱਗਿਆ ਦੇ ਕਾਰਨ ਦੈਵੀ ਸ਼ਕਤੀਆਂ ਉਸ ਤੋਂ ਬੇਮੁੱਖ ਨਾ ਹੋ ਜਾਣ। ਇਸ ਸੂਰਤ ਵਿਚ ਹਰ ਭਾਰਤੀ ਪੂੰਜੀਪਤੀ ਦੈਵੀ ਪ੍ਰਕੋਪ ਤੋਂ ਆਤੰਕਿਤ ਰਹਿੰਦਾ ਹੈ। ਸਾਡੇ ਸਾਧ-ਸੰਤ ਉਸਦੀ ਅਜਿਹੀ ਮਾਨਸਿਕਤਾ ਤੋਂ ਲਾਭ ਉਠਾਉਂਦੇ ਹਨ ਅਤੇ ਇਸੇ ਲਈ ਇਨ੍ਹਾਂ ਲੋਕਾਂ ਦਾ ਵਪਾਰ ਵੀ ਖੂਬ ਵਧ-ਫੁੱਲ ਰਿਹਾ ਹੈ।

ਇਹ ਹੈ ਉਹ ਜ਼ਮੀਨ ਅਤੇ ਵਿਚਾਰਧਾਰਾਈ ਧਰਾਤਲ ਜਿਸ ਉਪਰ ਦਰਸ਼ਨ ਮਿਤਵਾ ਨੇ ਆਪਣੇ ਨਾਵਲ 'ਨੰਗੇ ਸਿਰ ਵਾਲੀ ਤੀਵੀਂ' ਨੂੰ ਸਥਿਤ ਕੀਤਾ ਹੈ। ਪਿੰਡਾਂ ਵਿਚ ਜਿਨ੍ਹਾਂ ਵਰਗਾਂ ਅਥਵਾ ਲੋਕਾਂ ਉਪਰ ਸਰੀਰਕ ਜਾਂ ਮਾਨਸਿਕ ਦਬਾਉ ਬਹੁਤ ਵਧ ਜਾਂਦਾ ਹੈ, ਉਹ ਇਸ ਦਬਾਉ ਤੋਂ ਮੁਕਤ ਹੋਣ ਵਾਸਤੇ ਪਾਗਲਪਣ ਦੇ ਦੌਰਿਆਂ ਦਾ ਢੌਂਗ ਕਰਦੇ ਹਨ। ਪੇਂਡੂ ਸਮਾਜ ਵਿਚ ਇਸਤ੍ਰੀ ਦੀ ਸਥਿਤੀ ਬਹੁਤ ਦਯਨੀਯ ਹੈ, ਉਸ ਨੂੰ ਵਿਪਰੀਤ ਸਥਿਤੀਆਂ ਵਿਚ ਵੀ ਬਹੁਤ ਕੰਮ ਕਰਨਾ ਪੈਂਦਾ ਹੈ। ਕਿਸੇ ਪਾਸੇ ਉਸ ਦੇ ਕੰਮ ਦੀ ਤਾਰੀਫ਼ ਨਹੀਂ ਹੁੰਦੀ ਬਲਕਿ ਹਰ ਪਾਸੇ ਉਸਦਾ ਮਜ਼ਾਕ ਉਡਾਇਆ ਜਾਂਦਾ ਹੈ, ਉਸਨੂੰ ਗਾਲ੍ਹੀ-ਗਲੋਚ ਵੀ ਸਹਿਣੀ ਪੈਂਦੀ ਹੈ। ਵਿਆਹ ਉਪਰੰਤ ਆਪਣੇ ਮਾਤਾ-ਪਿਤਾ ਦਾ ਘਰ ਛੱਡ ਕੇ ਸਹੁਰੇ ਆਈਆਂ ਕੁੜੀਆਂ (ਔਰਤਾਂ) ਦਾ ਜੀਵਨ ਬੇਹੱਦ ਨਾਖੁਸ਼ਗਵਾਰ ਹੋ ਜਾਂਦਾ ਹੈ। ਬਹੁਤੀ ਵਾਰ ਉਨ੍ਹਾਂ ਨੂੰ ਸੈਕਸ ਸੁਖ ਵੀ ਪ੍ਰਾਪਤ ਨਹੀਂ ਹੁੰਦਾ। ਇਸ ਸਥਿਤੀ ਵਿਚ ਉਹ ਆਪਣੇ ਜਿਸਮ ਵਿਚ ਭੂਤ-ਪ੍ਰੇਤ ਆਉਣ ਦਾ ਬਹਾਨਾ ਕਰਕੇ ਇਸ ਨਾਖੁਸ਼ਗਵਾਰ ਸਥਿਤੀ ਵਿਚੋਂ ਨਿੱਕਲਣ ਦਾ ਬਹਾਨਾ ਕਰਦੀਆਂ ਹਨ। ਕਿਉਂਕਿ ਪਿੰਡਾਂ ਵਿਚ ਨਾਰੀ ਦੀ ਸਥਿਤੀ ਹੀ ਬਹੁਤੀ ਦੁਖਦਾਈ ਹੁੰਦੀ ਹੈ, ਇਸ ਲਈ ਭੂਤ-ਪ੍ਰੇਤ ਚਿੰਬੜਨ ਦੇ ਬ੍ਰਿਤਾਂਤ ਵੀ ਵਧੇਰੇ ਕਰਕੇ ਨਾਰੀ ਨਾਲ ਹੀ ਜੁੜੇ ਹੋਏ ਹਨ।

ਦਰਸ਼ਨ ਮਿਤਵਾ ਨੇ ਆਪਣੇ ਇਸ ਨਾਵਲ ਵਿਚ ਭੂਤਾਂ-ਪ੍ਰੇਤਾਂ ਨਾਲ ਸੰਬੰਧਿਤ ਬ੍ਰਿਤਾਂਤ ਨੂੰ ਇਕ ਵਿਅੰਗ-ਕਥਾ ਦੇ ਰੂਪ ਵਿਚ ਬਿਆਨ ਕੀਤਾ ਹੈ। ਉਸਦਾ ਇਹ ਨਾਵਲ ਸਾਡੇ ਪੇਂਡੂ ਸਮਾਜ ਲਈ ਜਾਗ੍ਰਿਤੀ ਅਤੇ ਚੇਤੰਨਤਾ ਦਾ

ਇਕ ਸੁਨੇਹਾ ਲੈ ਕੇ ਪ੍ਰਸਤੁਤ ਹੁੰਦਾ ਹੈ। ਮਿਤਵਾ ਨੇ ਆਪਣਾ ਇਹ ਨਾਵਲ ਅਜ ਤੋਂ ਲਗਭਗ ਤਿੰਨ ਦਹਾਕੇ ਪਹਿਲਾਂ 1980 ਈ. ਵਿਚ ਲਿਖਿਆ ਸੀ। ਪਹਿਲੀ ਵਾਰ ਇਹ ਜਲੰਧਰ ਤੋਂ ਪ੍ਰਕਾਸ਼ਿਤ ਹੋਣ ਵਾਲੇ ਮਾਸਿਕ ਪੱਤਰ 'ਤਸਵੀਰ' ਵਿਚ 1982 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। 1983 ਵਿਚ ਵਿਚ ਇਸਦਾ ਪ੍ਰਥਮ ਕਿਤਾਬੀ ਸੰਸਕਰਣ ਪ੍ਰਕਾਸ਼ਿਤ ਹੋਇਆ। ਇਹ ਹਿੰਦੀ ਸਮਾਚਾਰ ਪੱਤਰ 'ਜਨਸੱਤਾ' ਵਿਚ ਵੀ ਪ੍ਰਕਾਸ਼ਿਤ ਹੋਇਆ ਅਤੇ ਇਸਦੀ ਕਾਫ਼ੀ ਚਰਚਾ ਹੋਈ ਸੀ। ਹੁਣ ਤੱਕ ਇਸਦੇ ਤਿੰਨ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਇਸਦੀਆਂ 5500 ਕਾਪੀਆਂ ਵਿਕ ਚੁੱਕੀਆਂ ਹਨ। ਇਸ ਨਾਵਲ ਦੀ ਵਸਤੂ-ਸਾਮਗਰੀ ਬਾਰੇ ਜਾਣਕਾਰੀ ਦਿੰਦਾ ਹੋਇਆ ਦਰਸ਼ਨ ਮਿਤਵਾ ਲਿਖਦਾ ਹੈ, "ਸਾਡਾ ਸਮਾਜ, ਵਿਸ਼ੇਸ਼ ਕਰ ਦਿਹਾਤੀ ਵਰਗ, ਧਾਗੇ ਤਵੀਤ, ਜਾਦੂ-ਟੂਣਿਆਂ ਅਤੇ ਝਾੜੇ-ਮੰਤਰਾਂ ਵਿਚ ਹੱਦੋਂ ਵੱਧ ਵਿਸ਼ਵਾਸ਼ ਬਣਾਈ ਬੈਠਾ ਹੈ ਅਤੇ ਆਪਣੀ ਨਿੱਕੀ ਜਿਹੀ ਮੁਸ਼ਕਿਲ ਨੂੰ ਵੀ ਆਪਣੀ ਮਿਹਨਤ ਅਤੇ ਵਿਗਿਆਨਕ-ਸੋਚ ਨਾਲ ਹੱਲ ਕਰਨ ਦੀ ਥਾਵੇਂ ਸਾਧੂ ਅਤੇ ਪਾਖੰਡੀ ਲੋਕਾਂ ਦੀ ਸ਼ਰਨ ਵਿਚ ਜਾਣ ਵਿਚ ਬਹੁਤ ਤਸੱਲੀ ਮਹਿਸੂਸ ਕਰਦਾ ਹੈ। ਕੁਝ ਚਾਲਾਕ ਲੋਕ ਸਾਡੇ ਅੰਧ-ਵਿਸ਼ਵਾਸ਼ ਅਤੇ ਝੂਠੀਆਂ ਮਨਘੜਤ ਧਾਰਨਾਵਾਂ ਦਾ ਸਹਾਰਾ ਲੈ ਕੇ ਸਾਡੀ ਲੁੱਟ ਕਰਦੇ ਆ ਰਹੇ ਹਨ ਅਤੇ ਅਸੀਂ ਆਪ ਹੀ ਆਪਣੇ ਮਨਾਂ ਵਿਚ ਪਾਲੇ ਭੈਅ ਅਤੇ ਭਰਮ ਕਰਕੇ ਸਹਿਜੇ ਹੀ ਉਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਾਂ।.....ਇਹ ਨਾਵਲ ਲਿਖਣ ਦਾ ਮੇਰਾ ਆਸ਼ਾ ਇਹੋ ਸੀ ਕਿ ਲੋਕ ਇਸ ਵਰਤਾਰੇ ਦੀ ਅਸਲੀਅਤ ਜਾਣ ਸਕਣ।" (ਇਸ ਨਾਵਲ ਬਾਰੇ, ਪੰਨਾ 6)

ਇਸ ਨਾਵਲ ਦੀ ਮੂਲ ਕਥਾ ਇਕ ਜਵਾਨ ਵਿਧਵਾ ਹਰਨਾਮੋ, ਇਕ ਕਰੂਪ ਫੌਜੀ, ਸੁਨਿਆਰਾਂ ਦੇ ਨੌਜਵਾਨ ਮੁੰਡੇ ਮਾਣੇ ਅਤੇ ਇਕ ਅਧਿਆਪਕ ਦੇ ਆਲੇ-ਦੁਆਲੇ ਘੁੰਮਦੀ ਹੈ। ਹਰਨਾਮੋ ਦਾ ਪਤੀ ਫੌਜ ਵਿਚ ਸੀ। ਵਿਆਹ ਤੋਂ ਥੋੜ੍ਹੇ ਮਹੀਨੇ ਬਾਅਦ ਹੀ ਉਸਨੂੰ ਇਕ ਲੜਾਈ ਵਿਚ ਜਾਣਾ ਪਿਆ ਅਤੇ ਉਹ ਇਸ ਲੜਾਈ ਵਿਚ ਸ਼ਹੀਦ ਹੋ ਗਿਆ। ਹਰਨਾਮੋ ਦੀ ਕੇਵਲ ਇਕ ਵਿਧਵਾ ਸੱਸ ਹੀ ਸੀ। ਹੁਣ ਹਰਨਾਮੋ ਆਪ ਵੀ ਵਿਧਵਾ ਹੋ ਗਈ ਅਤੇ ਦੋਵੇਂ ਨੂੰਹ-ਸੱਸ ਕਿਵੇਂ-ਨਾ ਕਿਵੇਂ ਆਪਣੀ ਗੁਜ਼ਰ-ਬਸਰ ਕਰਨ ਲੱਗੀਆਂ। ਪਤੀ ਦੀ ਮੌਤ ਤੋਂ ਪਹਿਲਾਂ ਹਰਨਾਮੋ ਗਰਭਵਤੀ ਸੀ। ਜਦੋਂ ਉਸਦੇ ਘਰ ਇਕ ਲੜਕੇ ਨੇ ਜਨਮ ਲਿਆ ਤਾਂ ਦੋਵੇਂ ਨੂੰਹ-ਸੱਸ ਬਹੁਤ ਖੁਸ਼ ਹੋਈਆਂ। ਇਸ ਲੜਕੇ ਨੂੰ ਪੜ੍ਹਨ ਪਾਉਣ ਸਮੇਂ ਹਰਨਾਮੋ ਦੀ ਇਕ ਸਕੂਲ ਅਧਿਆਪਕ ਨਾਲ ਅੱਖ ਲੜ ਗਈ ਅਤੇ ਦੋਵੇਂ ਰਾਤਾਂ ਨੂੰ ਚੋਰੀ-ਚੋਰੀ ਮਿਲਣ ਲੱਗ ਪਏ। ਜਿਨ੍ਹਾਂ ਦਿਨਾਂ ਵਿਚ ਅਨ੍ਹੇਰੀਆਂ ਰਾਤਾਂ ਹੁੰਦੀਆਂ ਸਨ, ਹਰਨਾਮੋ ਅਤੇ ਸਕੂਲ ਅਧਿਆਪਕ ਕਿੱਕਰਾਂ ਦੇ ਬਣੇ ਇਕ ਵਾੜੇ ਵਿਚ ਮਿਲਦੇ ਹੁੰਦੇ ਸਨ। ਇਹ ਵਾੜਾ ਪਿੰਡ ਤੋਂ ਬਾਹਰਵਾਰ ਸੀ ਅਤੇ ਇਸਦੀ ਹੱਦ ਸ਼ਮਸ਼ਾਨ-ਘਾਟ ਨਾਲ ਲੱਗਦੀ ਸੀ। ਇਸ ਲਈ ਰਾਤ ਨੂੰ ਕੋਈ ਵੀ ਆਦਮੀ ਡਰਦਾ ਮਾਰਾ ਉਧਰ ਨਹੀਂ ਸੀ ਜਾਂਦਾ

ਸੀ। ਇਸ ਵਾੜੇ ਦੇ ਨਾਲ ਇਕ ਘਰ ਮਾਣੇ ਸੁਨਿਆਰ ਦਾ ਸੀ ਅਤੇ ਇਕ ਹੋਰ ਘਰ ਕੁਰੂਪ ਜਿਹੇ ਫੌਜੀ ਦਾ ਸੀ। ਇਨ੍ਹਾਂ ਦੋਹਾਂ ਨੂੰ ਕੁਝ ਸ਼ੱਕ ਜਿਹਾ ਤਾਂ ਸੀ ਪਰੰਤੂ ਭੂਤਾਂ-ਪਰੇਤਾਂ ਦੇ ਡਰ ਕਾਰਨ ਇਹ ਵੀ ਰਾਤ ਨੂੰ ਵਾੜੇ ਵਿਚ ਜਾਣ ਦਾ ਹੌਂਸਲਾ ਨਹੀਂ ਸੀ ਕਰਦੇ। ਮਾਣੇ ਨੂੰ ਰਾਤ ਸਮੇਂ ਆਪਣੇ ਘਰ ਦੇ ਬਾਹਰ ਬਣੇ ਥੜੇ ਉੱਤੇ ਸੌਣ ਦੀ ਆਦਤ ਸੀ। ਹਰਨਾਮੋ ਨੇ ਵੀ ਉਥੋਂ ਦੀ ਗੁਜ਼ਰਨਾ ਹੁੰਦਾ ਸੀ। ਉਸ ਨੂੰ ਆਪਣੇ ਰਾਹ ਵਿਚੋਂ ਹਟਾਉਣ ਲਈ ਇਕ ਅਨ੍ਹੇਰੀ ਰਾਤ ਨੂੰ, ਜਦੋਂ ਮੌਸਮ ਕਾਫ਼ੀ ਡਰਾਉਣਾ ਜਿਹਾ ਸੀ, ਹਰਨਾਮੋ ਮਾਣੇ ਦੇ ਮੰਜੇ ਉਪਰ ਇਕ ਪੈਰ ਰੱਖ ਕੇ ਖੜ੍ਹੀ ਹੋ ਗਈ। ਮਾਣੇ ਨੂੰ ਜਾਗ ਆਈ ਤਾਂ ਉਹ ਅਜਨਬੀ ਔਰਤ ਨੂੰ ਆਪਣੇ ਉਪਰ ਝੁਕੀ ਵੇਖ ਕੇ ਚੀਕਾਂ ਮਾਰਨ ਲੱਗ ਪਿਆ। ਉਸ ਨੇ ਹਰਨਾਮੋ ਨੂੰ ਕੋਈ ਭੂਤ-ਪਰੇਤ ਸਮਝਿਆ। ਹਰਨਾਮੋ ਵੀ ਇਹੀ ਚਾਹੁੰਦੀ ਸੀ। ਹੁਣ ਮਾਣਾ ਡਰਦਾ ਮਾਰਿਆ ਆਪਣੇ ਘਰ ਅੰਦਰ ਸੌਣ ਲੱਗ ਪਿਆ ਅਤੇ ਹਰਨਾਮੋ ਬੇਫ਼ਿਕਰ ਹੋ ਗਈ। ਉਹ ਮਿਥੀ ਹੋਈ ਰਾਤ ਅਤੇ ਸਮੇਂ ਅਨੁਸਾਰ ਉਸ ਵਾੜੇ ਵਿਚ ਪਹੁੰਚ ਜਾਂਦੀ ਅਤੇ ਅਧਿਆਪਕ-ਪ੍ਰੇਮੀ ਨਾਲ ਸੈਕਸ-ਸੁਖ ਮਾਣਦੀ। ਭਾਵੇਂ ਪਿੰਡ ਵਾਸੀਆਂ ਵਿਚ ਵਾੜੇ ਅੰਦਰ ਕੋਈ ਭੂਤ-ਪ੍ਰੇਤ ਹੋਣ ਦੀ ਚਰਚਾ ਤਾਂ ਕਾਫ਼ੀ ਸੀ ਪਰ ਕੋਈ ਵੀ ਰਾਤ ਨੂੰ ਉਸ ਪਾਸੇ ਜਾਣ ਦਾ ਹੌਂਸਲਾ ਨਹੀਂ ਸੀ ਕਰਦਾ।

ਇਕ ਰਾਤ ਜਦੋਂ ਅਜੇ ਏਨਾ ਸੋਤਾ ਨਹੀਂ ਸੀ ਹੋਇਆ ਅਤੇ ਮਾਣਾ, ਗੰਗੂ ਘੁਮਿਆਰ ਨਾਲ ਇੱਟਾਂ ਵਾਲੇ ਭੱਠੇ ਤੋਂ ਵਾਪਸ ਆ ਰਿਹਾ ਸੀ ਤਾਂ ਇਕ ਮੁਸਲਮਾਨ ਪੀਰ ਦੀ ਸਮਾਧ ਕੋਲੋਂ ਚੂੜੀਆਂ ਦੇ ਖੜਕਣ ਦੀ ਆਵਾਜ਼ ਆਈ। ਮਾਣਾ ਸਾਵਧਾਨ ਹੋ ਗਿਆ। ਉਸਨੇ ਗੰਗੂ ਘੁਮਿਆਰ ਨੂੰ ਰੋਕ ਲਿਆ ਅਤੇ ਉਸ ਨੂੰ ਨਾਲ ਲੈ ਕੇ ਪੀਰ ਦੀ ਸਮਾਧ ਵੱਲ ਚਲਾ ਗਿਆ। ਉਸ ਨੂੰ ਕੁਝ ਦੂਰੀ ਤੇ ਇਕ ਔਰਤ ਦਾ ਇਕ ਨੰਗਾ ਸਿਰ ਦਿਖਾਈ ਦਿੱਤਾ। ਉਸਨੇ ਜ਼ਮੀਨ ਤੋਂ ਇਕ ਰੋੜਾ ਚੁੱਕ ਕੇ ਉਸ ਔਰਤ ਵੱਲ ਚਲਾ ਮਾਰਿਆ। ਅੱਗੋਂ ਔਰਤਾਂ ਦੇ ਗਾਲ੍ਹਾਂ ਕੱਢਣ ਦੀ ਆਵਾਜ਼ ਆਈ। ਮਾਣਾ ਅਤੇ ਗੰਗੂ ਘੁਮਿਆਰ ਨੱਠ ਗਏ। ਹੁਣ ਮਾਣੇ ਨੂੰ ਪਤਾ ਚੱਲ ਗਿਆ ਕਿ ਚੂੜੀਆਂ ਦੇ ਖੜਕਣ ਦੀ ਆਵਾਜ਼ ਕਿਸੇ ਭੂਤ-ਪਰੇਤ ਦੀ ਨਹੀਂ ਹੁੰਦੀ ਬਲਕਿ ਉਨ੍ਹਾਂ ਔਰਤਾਂ ਦੀਆਂ ਚੂੜੀਆਂ ਦੀ ਹੁੰਦੀ ਹੈ ਜੋ ਰਾਤ ਨੂੰ ਕੁਦਰਤੀ ਹਾਜਤ ਰਫ਼ਾ ਕਰਨ ਵਾਸਤੇ ਜੀਤੇ ਕੇ ਖੇਤ ਵਿਚ ਬੈਠੀਆਂ ਹੁੰਦੀਆਂ ਸਨ। ਇਹ ਪਤਾ ਲੱਗਣ ਤੇ ਮਾਣਾ ਦਲੇਰ ਹੋ ਗਿਆ ਅਤੇ ਉਹ ਫੇਰ ਤੋਂ ਆਪਣੇ ਘਰ ਦੇ ਬਾਹਰਵਾਰ ਬਣੇ ਚਬੂਤਰੇ ਉੱਤੇ ਸੌਣ ਲੱਗ ਪਿਆ ਸੀ।

ਪਿੰਡ ਵਿਚ ਰਹਿਣ ਵਾਲੇ ਕੁਰੂਪ ਜਿਹੇ ਫੌਜੀ ਦਾ ਘਰ ਵਾੜੇ ਦੇ ਬਿਲਕੁਲ ਨਾਲ ਲੱਗਦਾ ਸੀ। ਉਹ ਛੜਾ-ਛਾਂਟ ਹੋਣ ਕਰਕੇ ਬਿਲਕੁਲ ਇਕੱਲਾ ਹੀ ਰਹਿੰਦਾ ਸੀ। ਇਕ ਰਾਤ ਉਸਨੇ ਵੀ ਉਸ ਨੰਗੇ ਸਿਰ ਵਾਲੀ ਔਰਤ ਨੂੰ ਵਾੜੇ ਵਿਚ ਬਣੇ ਇਕ ਕਮਰੇ ਵੱਲ ਜਾਂਦਿਆਂ ਵੇਖਿਆ। ਉਸਨੇ ਇਕ ਮਿੱਟੀ ਦਾ ਢੇਲਾ ਉਧਰ ਵਗਾਹ ਕੇ ਮਾਰਿਆ ਤਾਂ ਉਹ ਔਰਤ ਨੱਠ ਕੇ ਕਿਸੇ ਪਾਸੇ ਛੁਪ ਗਈ। ਫੌਜੀ ਵੀ ਆਪਣੇ ਘਰ ਦੀ ਕੰਧ ਉੱਤੋਂ ਦੀ ਛਾਲ ਮਾਰ ਕੇ ਵਾੜੇ ਵਿਚ ਆ ਗਿਆ। ਪਿੱਛਾ ਕਰਦਿਆਂ ਵੇਖ

ਕੇ ਉਹ ਔਰਤ ਵਾੜੇ ਵਿਚੋਂ ਬਾਹਰ ਨਿਕਲ ਕੇ ਆਪਣੇ ਘਰ ਦੀ ਕੰਧ ਟੱਪ ਕੇ ਲੋਪ ਹੋ ਗਈ। ਫੌਜੀ ਨੂੰ ਪਤਾ ਚੱਲ ਗਿਆ ਕਿ ਉਹ ਔਰਤ ਹਰਨਾਮੋ ਸੀ ਪਰ ਉਸ ਨੇ ਪਿੰਡ ਦੇ ਕਿਸੇ ਆਦਮੀ ਜਾਂ ਔਰਤ ਪਾਸ ਇਸ ਬਾਰੇ ਕੋਈ ਗੱਲ ਨਾ ਕੀਤੀ ਬਲਕਿ ਦਾਉ ਤੇ ਰਿਹਾ। ਕੁਝ ਦਿਨਾਂ ਬਾਅਦ ਜਦੋਂ ਹਰਨਾਮੋ ਆਪਣੇ ਪ੍ਰੇਮੀ ਨੂੰ ਮਿਲਣ ਵਾਸਤੇ ਫਿਰ ਉਸ ਵਾੜੇ ਵਿਚ ਬਣੇ ਕਮਰੇ ਵਿਚ ਦਾਖਲ ਹੋਈ ਤਾਂ ਫੌਜੀ ਨੇ ਉਸਦੇ ਪਿੱਛੇ ਜਾ ਕੇ ਉਸਨੂੰ ਫੜ ਲਿਆ ਅਤੇ ਉਸ ਨਾਲ ਬਲਾਤਕਾਰ ਕੀਤਾ। ਕਸ਼ਮਕਸ਼ ਵਿਚ ਹਰਨਾਮੋ ਦੇ ਕੱਪੜੇ ਫਟ ਗਏ, ਉਸ ਦੇ ਕੁਝ ਸੱਟਾਂ ਵੀ ਲੱਗੀਆਂ ਪਰ ਉਹ ਗੁੱਸੇ ਵਿਚ ਭਰੀ-ਪੀਤੀ ਚੁਪ-ਚਾਪ ਆਪਣੇ ਘਰ ਚਲੀ ਗਈ। ਘਰ ਜਾ ਕੇ ਉਸ ਨੇ ਭੂਤ-ਪ੍ਰੇਤ ਚਿੰਬੜਨ ਦਾ ਬਹਾਨਾ ਕੀਤਾ। ਪਿੰਡ ਵਾਲਿਆਂ ਨੇ ਉਸ ਦੇ ਬਹਾਨੇ ਨੂੰ ਸੱਚਾ ਸਮਝ ਲਿਆ, ਕਿਉਂਕਿ ਉਹ ਤਾਂ ਪਹਿਲਾਂ ਹੀ ਵਾੜੇ ਵਿਚ ਭੂਤ-ਪ੍ਰੇਤ ਹੋਣ ਦੀ ਅਫਵਾਹ ਨੂੰ ਸੱਚ ਮੰਨੀ ਬੈਠੇ ਸਨ।

ਪਰੰਤੂ ਹਰਨਾਮੋ, ਫੌਜੀ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਉਸ ਨੇ ਆਪਣੇ ਪ੍ਰੇਮੀ ਅਧਿਆਪਕ ਨਾਲ ਵੀ ਸਾਰੀ ਗੱਲ ਗਿਣ-ਮਿਥ ਲਈ ਸੀ। ਉਨ੍ਹਾਂ ਦੋਹਾਂ ਨੇ ਫੌਜੀ ਨੂੰ ਮਾਰਨ ਦੀ ਸਕੀਮ ਬਣਾ ਲਈ। ਇਸ ਸਕੀਮ ਅਨੁਸਾਰ ਹਰਨਾਮੋ ਨੇ ਇਕ ਵੱਡਾ ਚਾਕੂ ਲੈ ਕੇ ਆਉਣਾ ਸੀ ਅਤੇ ਦੋਹਾਂ ਨੇ ਮਿਲ ਕੇ ਫੌਜੀ ਨੂੰ ਮਾਰ ਸੁੱਟਣਾ ਸੀ। ਇਕ ਸ਼ਾਮ ਨੂੰ ਹਰਨਾਮੋ ਫੌਜੀ ਨੂੰ ਅੱਖਾਂ ਹੀ ਅੱਖਾਂ ਵਿਚ ਰਾਤ ਨੂੰ ਮਿਲਣ ਦਾ ਵਾਅਦਾ ਕਰ ਗਈ। ਫੌਜੀ ਬੜਾ ਖੁਸ਼ ਹੋਇਆ। ਉੱਧਰ ਮਾਣੇ ਨੂੰ ਹਰਨਾਮੋ ਵਾਲੀ ਹਕੀਕਤ ਦਾ ਪਤਾ ਚੱਲ ਗਿਆ ਸੀ। ਸੋ ਦੋਵੇਂ -- ਮਾਣਾ ਅਤੇ ਫੌਜੀ ਅੱਧੀ ਕੁ ਰਾਤ ਨੂੰ ਵੱਖ-ਵੱਖ ਦਿਸ਼ਾਵਾਂ ਰਾਹੀਂ ਵਾੜੇ ਵਿਚ ਪਹੁੰਚ ਗਏ। ਹਰਨਾਮੋ ਦਾ ਪ੍ਰੇਮੀ ਅਧਿਆਪਕ ਪਹਿਲਾਂ ਹੀ ਕਮਰੇ ਅੰਦਰ ਵੜਿਆ-ਬੈਠਾ ਸੀ। ਜਿਵੇਂ ਹੀ ਹਰਨਾਮੋ ਕਮਰੇ ਅੰਦਰ ਦਾਖਲੀ ਹੋਈ, ਅਧਿਆਪਕ ਲਪਕ ਕੇ ਉਸ ਵੱਲ ਵਧਿਆ। ਹਰਨਾਮੋ ਨੇ ਉਸਨੂੰ ਫੌਜੀ ਸਮਝ ਕੇ ਚਾਕੂ ਸਿੱਧਾ ਉਸਦੇ ਪੇਟ ਵਿਚ ਘੋਂਪ ਦਿੱਤਾ। ਅਧਿਆਪਕ ਬਿਚਾਰਾ ਉਥੇ ਹੀ ਮਰ ਗਿਆ। ਫੌਜੀ ਅਤੇ ਮਾਣਾ ਅਜੇ ਹੈਰਾਨ-ਪਰੇਸ਼ਾਨ ਹੀ ਸਨ ਕਿ ਹਰਨਾਮੋ ਆਪਣਾ ਚਾਕੂ ਅਧਿਆਪਕ ਦੇ ਪੇਟ ਵਿਚੋਂ ਖਿੱਚ ਕੇ ਵਾਪਸ ਆਪਣੇ ਘਰ ਚਲੀ ਗਈ। ਸਵੇਰ ਨੂੰ ਲੋਕਾਂ ਨੇ ਅਧਿਆਪਕ ਦੀ ਲਾਸ਼ ਨੂੰ ਉਸ ਵਾੜੇ ਵਿਚ ਪਈ ਦੇਖਿਆ, ਤਾਂ ਸੋਚਿਆ ਕਿ ਇਹ ਵੀ ਉਥੇ ਰਹਿਣ ਵਾਲੇ ਭੂਤ-ਪ੍ਰੇਤ ਦਾ ਹੀ ਕਾਰਾ ਹੈ। ਇਉਂ ਲੇਖਕ ਨੇ ਪਿੰਡਾਂ ਵਿਚ ਵਾਪਰਣ ਵਾਲੀਆਂ ਸੈਕਸ-ਘਟਨਾਵਾਂ ਦੇ ਤਾਰਕਿਕ ਵਿਸ਼ਲੇਸਣ ਦੁਆਰਾ ਇਹ ਦਰਸਾ ਦਿੱਤਾ ਹੈ ਕਿ ਕਿਸੇ ਭੂਤ ਜਾਂ ਪ੍ਰੇਤ ਦਾ ਕੋਈ ਅਸਤਿਤਵ ਨਹੀਂ ਹੁੰਦਾ। ਹੁਸ਼ਿਆਰ ਕਿਸਮ ਦੇ ਲੋਕ ਆਪਣੇ ਗ਼ੈਰਸਮਾਜਿਕ ਕੰਮਾਂ ਨੂੰ ਸਰੰਜਾਮ ਦੇਣ ਲਈ ਲੋਕਾਂ ਦੀ ਡਰਪੋਕ ਮਾਨਸਿਕਤਾ ਦਾ ਖ਼ੂਬ ਫ਼ਾਇਦਾ ਉਠਾ ਲੈਂਦੇ ਹਨ। ਇਹ ਨਾਵਲ ਭਰਮਾਂ-ਭੁਲੇਖਿਆਂ ਦਾ ਨਿਵਾਰਨ ਕਰ ਕੇ ਤਰਕਸ਼ੀਲਤਾ ਨੂੰ ਪੁਸ਼ਟ ਕਰਨ ਵਾਲੀ ਇਕ ਅਤਿਅੰਤ ਪ੍ਰਮਾਣਿਕ ਰਚਨਾ ਹੈ।

ਇਸ ਨਾਵਲ ਦੇ ਬ੍ਰਿਤਾਂਤ ਨੂੰ ਰੋਚਕ ਅਤੇ ਉਤਸੁਕਤਾ ਭਰਪੂਰ ਬਣਾਉਣ ਵਾਸਤੇ ਲੇਖਕ ਨੇ ਅਪਰਾਧ-ਕਥਾਵਾਂ ਜਾਂ ਜਾਸੂਸੀ ਨਾਵਲਾਂ ਵਰਗਾ ਵਾਤਾਵਰਣ ਸਿਰਜਿਆ ਹੈ। ਉਸ ਨੇ ਆਪਣੀ ਗਲਪ-ਸ਼ੈਲੀ ਦੇ ਕੁਸ਼ਲ ਪ੍ਰਯੋਗ ਦੁਆਰਾ ਯਥਾਰਥ (reality) ਅਤੇ ਭਰਮ(illusion) ਵਿਚਲੀ ਵਿੱਥ ਨੂੰ ਮੇਟ ਦਿੱਤਾ ਹੈ। ਦੇਖੋ:

ਅੱਧੀ ਕੁ ਰਾਤ ਬੀਤੀ ਹੋਵੇਗੀ।

ਹਵਾ ਹੋਰ ਵੀ ਤੇਜ਼ ਹੋ ਗਈ ਸੀ।

ਵਾੜੇ ਵਿਚੋਂ ਕਿੱਕਰਾਂ ਨੂੰ ਚੀਰਦੀ ਹਵਾ ਦੀਆਂ ਸੀਟੀਆਂ ਦੀ 'ਸ਼ੂੰ-ਸਾਂ', ਸ਼ੂੰ-ਸਾਂ ਦੀ ਆਵਾਜ਼ ਹੋਰ ਵੀ ਉੱਚੀ, ਤੇਜ਼ ਅਤੇ ਡਰਾਉਣੀ ਜਿਹੀ ਹੋ ਗਈ ਸੀ। ਘਾਹ ਉਤਲੀ ਪੈੜਚਾਲ ਹੋਰ ਉੱਚੀ ਹੋਣ ਲੱਗ ਪਈ, ਜਿਵੇਂ ਕੋਈ ਘਾਹ ਨੂੰ ਲਿਤਾੜਦਾ ਹੋਇਆ ਵਾਹੋਦਾਹੀ ਏਧਰ--ਓਧਰ ਭੱਜਿਆ ਫਿਰ ਰਿਹਾ ਹੋਵੇ। ਇਹ ਪੈੜਚਾਲ ਸੁੱਤੇ ਪਏ ਮਾਣੇ ਦੇ ਦਿਮਾਗ਼ ਵਿਚ ਵੀ ਜਿਵੇਂ ਠੱਪ-ਠੱਪ ਵੱਜਣ ਲੱਗ ਪਈ ਸੀ, ਵਦਾਨ ਦੀ ਸੱਟ ਵਾਂਗ। ਉਸਨੇ ਉੱਭਲਚਿੱਤੀ ਵਿਚ ਪਾਸਾ ਪਰਤਿਆ ਤਾਂ ਉਸਦਾ ਹਿਰਦਾ ਕੰਬ ਕੇ ਰਹਿ ਗਿਆ। ਉਸਦੀ ਚੀਕ ਨਿੱਕਲਦੇ-ਨਿੱਕਲਦੇ ਬਚੀ ਅਤੇ ਉਹ ਜਿਵੇਂ ਸੁੰਨ-ਪੱਥਰ ਹੋ ਗਿਆ ਸੀ। ਉਸ ਨੂੰ ਲੱਗਿਆ ਜਿਵੇਂ ਕੋਈ ਮਨੁੱਖੀ ਪਰਛਾਵਾਂ ਉਸਦੇ ਸਿਰ੍ਹਾਣੇ ਖੜ੍ਹਾ ਉਸ ਨੂੰ ਘੂਰ ਰਿਹਾ ਸੀ।......

.....ਮਾਣੇ ਦਾ ਸਾਹ-ਸਤ ਜਿਵੇਂ ਸੂਤਿਆ ਗਿਆ ਹੋਵੇ। ਉਸ ਨੇ ਫੇਰ ਵੀ ਅੱਖਾਂ ਨੂੰ ਥੋੜ੍ਹਾ ਜਿਹਾ ਖੋਲ੍ਹ ਕੇ ਤੱਕਿਆ। ਪਰ ਉਸ ਸ਼ੈਅ ਦਾ ਮੂੰਹ ਨੀਵਾਂ ਹੋਣ ਕਾਰਣ ਮਾਣੇ ਨੂੰ ਕੁਛ ਪਤਾ ਨਹੀਂ ਲੱਗਾ ਕਿ ਉਹ ਕੌਣ ਸੀ? ਔਰਤ ਸੀ ਜਾਂ ਮਰਦ? ਉਸਦੀਆਂ ਅੱਗ ਵਾਂਗ ਦਗਦੀਆਂ ਵੱਡੀਆਂ-ਵੱਡੀਆਂ ਅੱਖਾਂ ਮਾਣੇ ਦੇ ਦਿਲ ਵਿਚ ਧਸਦੀਆਂ ਜਾਂਦੀਆਂ ਮਹਿਸੂਸ ਹੋ ਰਹੀਆਂ ਸਨ ਅਤੇ ਉਸਦੇ ਸਾਰੇ ਹੌਂਸਲੇ ਨੂੰ ਉਸਨੇ ਜਿਵੇਂ ਡੀਕ ਲਾ ਕੇ ਪੀ ਲਿਆ ਹੋਵੇ। (ਪੰਨਾ 31-32)

ਦਰਸ਼ਨ ਮਿਤਵਾ ਆਪਣੀ ਕਲਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਰਹੱਸਤਾਮਕ ਸਥਿਤੀ ਦੀ ਪੇਸ਼ਕਾਰੀ ਬੜੀ ਕੁਸ਼ਲਤਾ ਨਾਲ ਕਰ ਜਾਂਦਾ ਹੈ। ਇਸ ਨਾਵਲ ਦੇ ਆਰੰਭ ਵਿਚ ਕਰੂਪ ਫੌਜੀ ਦਾ ਚਿਤਣ ਵੀ ਉਸਨੇ ਬੜੇ ਵਿਸ਼ਵਾਸ਼ਯੋਗ ਢੰਗ ਨਾਲ ਕੀਤਾ ਹੈ। ਇਹ ਫੌਜੀ ਇਕ ਨੈਗੇਟਿਵ ਪਾਤਰ ਹੈ ਅਤੇ ਉਸਦੀ ਨੇਗੇਟਿਵਿਟੀ ਨੂੰ ਉਭਾਰਨ ਵਾਸਤੇ ਲੇਖਕ ਨੇ ਉਸਦੇ ਮੂੰਹ-ਮੱਥੇ ਅਤੇ ਚਾਲ-ਢਾਲ ਨੂੰ ਬੜਾ ਡਰਾਉਣਾ ਬਣਾ ਕੇ ਪੇਸ਼ ਕੀਤਾ ਹੈ:

ਉਸਦੀਆਂ ਅੱਖਾਂ ਇੰਨੀਆਂ ਵੱਡੀਆਂ -ਵੱਡੀਆਂ ਹਨ ਕਿ ਹਨੇਰੇ ਵਿਚ ਵੀ ਉਹ ਕੋਈ ਅਨਜਾਣੀ ਜਿਹੀ ਡਰਾਉਣੀ ਸ਼ੈਅ ਲੱਗਦਾ ਹੈ ਅਤੇ ਅੱਖਾਂ ਅੰਗਿਆਰਿਆਂ ਦੀ ਤਰ੍ਹਾਂ ਦਗਦੀਆਂ ਹਨ। ਉਸਦੇ ਮੂੰਹ ਉੱਤੇ ਮਾਤਾ ਦੇ ਵੱਡੇ-ਵੱਡੇ ਦਾਗ਼ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਹੁਣੇ ਹੀ ਕੱਕੇ ਰੇਤੇ ਦੇ ਵੱਡੇ ਸਾਰੇ ਟਿੱਬੇ ਉੱਤੇ ਕਣੀਆਂ ਦਾ ਛੜਾਕਾ ਪੈ ਕੇ ਹਟਿਆ ਹੋਵੇ। ਕਿੰਨੀ ਅਜੀਬ ਜਿਹੀ ਸ਼ਕਲ ਹੈ ਉਸਦੀ ਕਿ ਉਸਦੇ ਚਿਹਰੇ ਉੱਤੇ ਨੱਕ ਤਾਂ ਕਿਧਰੇ ਹੈ ਹੀ ਨਹੀਂ। ਨੱਕ ਦੀ ਥਾਵੇਂ ਉਸਦੇ ਚਿਹਰੇ ਉੱਤੇ ਕੇਵਲ ਦੋ ਮੋਰੀਆਂ

ਹੀ ਮੋਰੀਆਂ ਹਨ, ਜਿਨ੍ਹਾਂ ਰਾਹੀਂ ਉਹ ਸਾਹ ਅੰਦਰ ਲਿਜਾਂਦਾ ਅਤੇ ਬਾਹਰ ਕੱਢਦਾ ਹੈ। (ਪੰਨਾ 9)

ਭਾਵੇਂ ਲੇਖਕ ਨੇ ਇਸ ਰਚਨਾ ਦੇ ਬ੍ਰਿਤਾਂਤ ਨੂੰ ਰਹੱਸਾਤਮਕ ਅਤੇ ਡਰਾਉਣਾ ਜਿਹਾ ਬਣਾ ਕੇ ਪੇਸ਼ ਕੀਤਾ ਹੈ ਪਰ ਤਾਂ ਵੀ ਆਪਣੀ ਤਰਕਸ਼ੀਲ ਮਨਸ਼ਾ ਨੂੰ ਪੂਰੀ ਤਰ੍ਹਾਂ ਉਘਾੜਨ ਅਤੇ ਉਜਾਗਰ ਕਰਨ ਲਈ ਉਸ ਨੇ ਇਕ ਸੂਖ਼ਮ ਪ੍ਰਕਾਰ ਦੇ ਹਾਸ ਰਸ ਦਾ ਵੀ ਬਹੁਤ ਕੁਸ਼ਲ ਪ੍ਰਯੋਗ ਕੀਤਾ ਹੈ। ਲੇਖਕ ਦੀ ਮਨਸ਼ਾ ਇਹ ਰਹੀ ਹੈ ਕਿ ਉਹ ਪ੍ਰਕ੍ਰਿਤੀ ਜਾਂ ਸਮਾਜ ਦੇ ਹਰ ਵਰਤਾਰੇ ਨੂੰ ਤਰਕਸ਼ੀਲ ਦ੍ਰਿਸ਼ਟੀ ਤੋਂ ਦੇਖੇ/ਦਿਖਾਵੇ। ਉਹ ਆਰੰਭ ਤੋਂ ਹੀ ਇਹ ਮੰਨ ਕੇ ਚੱਲਦਾ ਹੈ ਕਿ ਉਪਰ-ਪ੍ਰਕ੍ਰਿਤਕ (metaphysical) ਜਾਂ ਕਰਾਮਾਤੀ ਘਟਨਾ ਕੋਈ ਨਹੀਂ ਹੁੰਦੀ। ਵਿਸ਼ਵ ਵਿਚਲਾ ਸਾਰਾ ਅਮਲ ਇਕ ਨਿਸ਼ਚਿਤ ਵਿਧੀ-ਵਿਧਾਨ ਦੇ ਆਧਾਰ ਉੱਤੇ ਚੱਲ ਰਿਹਾ ਹੈ। ਇਸ ਵਿਧੀ-ਵਿਧਾਨ ਦਾ ਵਿਸ਼ਲੇਸ਼ਣ ਅਤੇ ਵਿਵੇਚਨ ਵਿਗਿਆਨਕ ਲੀਹਾਂ ਉਪਰ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਉਸਨੇ ਵਹਿਮਾਂ-ਭਰਮਾਂ ਨਾਲ ਸੰਬੰਧਿਤ ਅਨਪੜ੍ਹ ਅਤੇ ਪੇਂਡੂ ਲੋਕਾਂ ਦੀ ਮਾਨਸਿਕਤਾ ਨੂੰ ਬੜੇ ਵਿਅੰਗਾਤਮਕ ਢੰਗ ਨਾਲ ਉਜਾਗਰ ਅਤੇ ਮੂਰਤੀਮਾਨ ਕੀਤਾ ਹੈ। ਮਾਣੇ ਅਤੇ ਗੰਗੂ ਘੁਮਿਆਰ ਦਾ ਬ੍ਰਿਤਾਂਤ ਇਸੇ ਵਿਧੀ ਦੁਆਰਾ ਉਸਾਰਿਆ ਗਿਆ ਹੈ। ਦੇਖੋ:

> ਜਿਉਂ ਹੀ ਮਾਣੇ ਨੇ ਡਲੀ ਨੰਗੇ ਸਿਰ ਵੱਲ ਵਗਾਹ ਮਾਰੀ ਸੀ, ਉਹ ਧੁਰ ਟਿਕਾਣੇ ਜਾ ਵੱਜੀ ਅਤੇ ਸਮਾਧ ਦੇ ਪਰਲੇ ਪਾਸੇ ਜੀਤੇ ਕੇ ਖੇਤ ਦੀ ਵੱਟ ਨਾਲ 'ਬਾਹਰ ਬੈਠੀਆਂ' ਦੋ-ਤਿੰਨ ਬੁੜ੍ਹੀਆਂ ਘਬਰਾ ਕੇ ਉੱਠ ਖੜ੍ਹੀਆਂ ਸਨ। ਉਨ੍ਹਾਂ ਨੇ ਦੋਵਾਂ ਨੂੰ ਕਿੰਨੀਆਂ ਹੀ ਨੰਗੀਆਂ ਅਤੇ ਬੇਛਤਰੀਆਂ ਗਾਲ੍ਹਾਂ ਕੱਢੀਆਂ ਪਰ ਆਥਣ ਦੇ ਘੁਸਮੁਸੇ ਵਿਚ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਕੌਣ ਸਨ?
>
> ਅਤੇ ਮਾਣੇ ਅਤੇ ਗੰਗੂ ਨੇ ਵੀ ਭੱਜਦੇ ਹੋਏ ਇਹ ਨਹੀਂ ਸੁਣਿਆ ਕਿ ਉਹ ਔਰਤਾਂ ਨੇ ਉਨ੍ਹਾਂ ਨੂੰ ਕੀ ਗਾਲ੍ਹਾਂ ਦਿੱਤੀਆਂ ਸਨ, ਉਹ ਔਰਤਾਂ ਕੌਣ-ਕੌਣ ਸਨ ਅਤੇ ਨੰਗੇ ਸਿਰ ਵਾਲੀ ਔਰਤ ਕੌਣ ਸੀ?
>
> ਦੂਸਰੀ ਸਵੇਰ ਪਿੰਡ ਵਿਚ ਇਸ ਗੱਲ ਦੀ ਚਰਚਾ ਸੀ ਕਿ ਆਥਣੇ ਜਿਹੇ ਰਾਮੇ ਸੁਨਿਆਰ ਦੀ ਤੀਵੀਂ ਅਤੇ ਦੋ-ਚਾਰ ਹੋਰ ਬੁੜ੍ਹੀਆਂ ਜੀਤੇ ਕੇ ਖੇਤ ਵਿਚ 'ਬਾਹਰ ਬੈਠੀਆਂ' ਸਨ ਕਿ ਉਨ੍ਹਾਂ ਉੱਤੇ ਮਿੱਟੀ ਦੇ ਵੱਡੇ-ਵੱਡੇ ਢੇਲੇ ਵੱਜੇ। ਪਿੰਡ ਵਾਲਿਆਂ ਨੇ ਬਾਤ ਦਾ ਬਤੰਗੜ ਬਣਾ ਧਰਿਆ। ਮੂੰਹੋਂ ਮੂੰਹ ਹੁੰਦੀ ਗੱਲ ਕੁਝ ਦਾ ਕੁਝ ਬਣ ਗਈ ਸੀ।......ਅੱਗੇ ਦੱਸਣ ਲੱਗਿਆ ਹਰ ਕੋਈ ਗੱਲ ਨੂੰ ਥੋੜ੍ਹੀ-ਬਹੁਤ ਵਧਾ ਦਿੰਦਾ ਸੀ। (ਪੰਨਾ 52-53)

ਇਸ ਤਰ੍ਹਾਂ 'ਨੰਗੇ ਸਿਰ ਵਾਲੀ ਤੀਵੀਂ' ਵਿਚ ਦਰਸ਼ਨ ਮਿਤਵਾ ਨੇ ਵਹਿਮਾਂ-ਭਰਮਾਂ ਉਪਰ ਆਧਾਰਿਤ ਡਰੂ ਮਾਨਸਿਕਤਾ ਦਾ ਭੰਜਨ ਕਰ ਕੇ ਆਪਣੇ ਪਾਠਕਾਂ

ਨੂੰ ਤਰਕਸ਼ੀਲ ਵਿਵਹਾਰ ਅਪਣਾਉਣ ਦਾ ਸੰਦੇਸ਼ ਦਿੱਤਾ ਹੈ। ਲੇਖਕ ਨੇ ਆਪਣੀ ਰਚਨਾਤਮਕ-ਪ੍ਰਕ੍ਰਿਆ ਨੂੰ ਕੇਵਲ ਇਕ ਹੀ ਵਿਸ਼ੇ ਉਤੇ ਕੇਂਦ੍ਰਿਤ ਰੱਖਿਆ ਹੈ। ਪੰਜਾਬੀਵਿਚ ਇਸ ਤਰ੍ਹਾਂ ਦੀ ਇਕਾਗਰਮੁਖੀ ਰਚਨਾ ਹੋਰ ਕਿਧਰੇ ਨਹੀਂ ਮਿਲਦੀ। ਉਂਜ ਭਾਵੇਂ ਵੱਡੇ ਅਤੇ ਜਟਿਲ ਬ੍ਰਿਤਾਂਤ ਵਾਲੀਆਂ ਰਚਨਾਵਾਂ ਵਿਚ ਵਹਿਮਾਂ-ਭਰਮਾਂ ਦੀ ਅਰਥਹੀਣਤਾ ਵੱਲ ਸੰਕੇਤ ਤਾਂ ਹੋਏ ਹਨ ਪਰੰਤੂ ਉਥੇ ਇਸ ਵਿਸ਼ੇ ਉਪਰ ਪੂਰਾ-ਪੂਰਾ ਬਲ ਨਹੀਂ ਦਿੱਤਾ ਜਾ ਸਕਿਆ। ਇਸ ਦ੍ਰਿਸ਼ਟੀ ਤੋਂ ਦੇਖਿਆਂ 'ਨੰਗੇ ਸਿਰ ਵਾਲੀ ਤੀਵੀਂ' ਪੰਜਾਬੀ ਗਲਪ ਸਾਹਿੱਤ ਦੀ ਇਕ ਮਹਤਵਪੂਰਨ ਉਪਲਬਧੀ ਹੈ।

□

ਚੁੱਪ ਰਾਤ ਦਾ ਸਿਵਾ
ਵਿਪੰਨ ਬਾਲਾਂ ਦੀ ਤ੍ਰਾਸਦੀ

ਦਰਸ਼ਨ ਮਿਤਵਾ ਸਮਾਜ ਦੇ ਦੱਬੇ-ਕੁਚਲੇ ਵਰਗਾਂ ਦਾ ਚਿਤੇਰਾ ਹੈ। ਉਸ ਦੁਆਰਾ ਰਚੇ ਗਏ ਗਲਪ ਸਾਹਿੱਤ ਵਿਚ ਸਮਾਜ ਦੇ ਇਨ੍ਹਾਂ ਵਰਗਾਂ ਦੇ ਵਿਭਿੰਨ ਪਰਿਪੇਖ ਪ੍ਰਸਤੁਤ ਹੋਏ ਹਨ। 'ਚੁੱਪ ਰਾਤ ਦਾ ਸਿਵਾ' ਵਿਚ ਉਸਨੇ ਪਿੰਡਾਂ ਵਿਚ ਰਹਿਣ ਵਾਲੇ ਭੋਇੰਹੀਣ ਅਤੇ ਵਿਪੰਨ ਪਰਿਵਾਰਾਂ ਨਾਲ ਸੰਬੰਧਿਤ ਬਾਲਾਂ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਇਹ ਨਾਵਲੈੱਟ ਨਿਰੰਤਰ ਚਲਦੀ ਇਕ ਖੁੱਲ੍ਹੇ ਅੰਤ ਵਾਲੀ ਕਹਾਣੀ ਹੈ। ਇਸ ਰਚਨਾ ਦਾ ਨਾ ਤਾਂ ਕੋਈ ਆਰੰਭ ਹੈ ਅਤੇ ਨਾ ਅੰਤ। ਪੰਜਾਬ ਦੇ ਪਿੰਡਾਂ ਵਿਚ ਰਹਿਣ ਵਾਲੇ ਅਨੇਕ ਦਲਿਤ ਪਰਿਵਾਰਾਂ ਵਿਚੋਂ ਇਕ ਪਰਿਵਾਰ ਦਾ ਤ੍ਰਾਸਦਕ ਜੀਵਨ ਇਸ ਨਾਵਲ ਦੀ ਵਸਤੂ-ਸਾਮਗਰੀ ਬਣਿਆ ਹੈ। ਲੇਖਕ ਨੇ ਭਾਵੇਂ ਅਜਿਹਾ ਕੋਈ ਦਾਅਵਾ ਤਾਂ ਨਹੀਂ ਕੀਤਾ ਕਿ ਇਹ ਨਾਵਲ ਦਲਿਤ ਸਾਹਿੱਤ ਦੀ ਇਕ ਵੰਨਗੀ ਹੈ। ਨਾ ਉਸਨੇ ਦਲਿਤ ਹੋਣ ਦੇ ਅਹਿਸਾਸ ਨੂੰ ਹੀ ਇਸ ਨਾਵਲ ਦੀ ਅਗਰ-ਭੂਮੀ ਵਿਚ ਰੱਖਿਆ ਹੈ ਪਰ ਇਸ ਨਾਵਲ ਵਿਚੋਂ ਪ੍ਰਗਟ ਧੁਨੀ ਦਲਿਤਾਂ ਦੇ ਕਰੂਰ ਯਥਾਰਥ ਨੂੰ ਹੀ ਰੂਪਮਾਨ ਕਰਦੀ ਹੈ। ਇਉਂ ਇਸ ਰਚਨਾ ਨੂੰ ਵੀ ਦਲਿਤ ਸਾਹਿਤ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ।

ਇਹ ਰਚਨਾ ਲੀਲੂ ਨਾਂਅ ਦੇ ਇਕ ਦਲਿਤ ਬਾਲਕ ਦਾ ਜੀਵਨ-ਬ੍ਰਿਤਾਂਤ ਪੇਸ਼ ਕਰਦੀ ਹੈ। ਲੀਲੂ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਹੈ। ਉਸਦਾ ਬਾਪ ਕਿਸੇ ਜੱਟ ਨਾਲ ਸੀਰੀ ਲੱਗਾ ਹੋਇਆ ਹੈ ਅਤੇ ਉਸਦੀ ਮਾਂ ਵੀ ਉਨ੍ਹਾਂ ਦੇ ਘਰ ਗੋਹੇ-ਕੂੜੇ ਦਾ ਕੰਮ ਕਰਦੀ ਹੈ। ਸੀਰੀ ਦਾ ਕੰਮ ਬਹੁਤ ਕਠਿਨ ਅਤੇ ਜਾਨਲੇਵਾ ਹੁੰਦਾ ਹੈ। ਉਸਨੂੰ ਕਿਸਾਨੀ ਦਾ ਹਰ ਕਠਿਨ ਕੰਮ ਕਰਨਾ ਪੈਂਦਾ ਹੈ। ਹਲ ਵਾਹੁਣਾ, ਫਸਲ ਬੀਜਣੀ, ਪਾਣੀ ਲਾਉਣਾ, ਗੋਡੀ ਕਰਨਾ, ਫਸਲ ਵੱਢਣਾ, ਦਾਣੇ ਕੱਢਣਾ, ਤੂੜੀ ਸੰਭਾਲਣੀ, ਕੁੱਪ ਬੰਨ੍ਹਣੇ ਅਤੇ ਇਨ੍ਹਾਂ ਅਨੇਕ ਕੰਮਾਂ ਤੋਂ ਬਿਨਾਂ ਪਸ਼ੂਆਂ ਲਈ ਚਾਰਾ ਲੈ ਕੇ ਆਉਣਾ, ਚਾਰਾ ਕੁਤਰਨਾ, ਪਸ਼ੂਆਂ ਨੂੰ ਪੱਠੇ ਪਾਉਣਾ ਆਦਿਕ ਕੰਮ ਵੀ ਉਸੇ ਨੂੰ ਕਰਨੇ ਪੈਂਦੇ ਹਨ। ਇਸ ਦੇ ਇਵਜ਼ ਵਿਚ ਉਸ ਨੂੰ ਚਾਹ ਪਾਣੀ ਅਤੇ ਰੋਟੀ ਆਦਿਕ ਮਿਲ ਜਾਂਦੀ ਹੈ। ਸਾਲ ਬਾਅਦ ਕੁਝ ਦਾਣਾ ਫੱਕਾ ਵੀ ਪ੍ਰਾਪਤ ਹੋ ਜਾਂਦਾ ਹੈ। ਪਰੰਤੂ ਸੀਰੀ ਦਾ ਕੰਮ ਚੌਵੀ ਘੰਟੇ ਦਾ ਕੰਮ ਹੁੰਦਾ ਹੈ। ਕਈ ਵਾਰ ਅੱਧੀ ਰਾਤ ਨੂੰ ਪਾਣੀ ਲਾਉਣਾ, ਖੇਤਾਂ ਦੀ ਰਾਖੀ ਕਰਨਾ ਆਦਿ ਕੰਮ ਵੀ ਕਰਨੇ ਪੈਂਦੇ ਹਨ। ਹਰ ਰੋਜ਼ ਸਵੇਰੇ ਚਾਰ-ਪੰਜ ਤੋਂ ਇਕ ਸੀਰੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ ਅਤੇ ਰਾਤ ਦੇ ਨੌਂ-

ਦਸ ਵਜੇ ਤੱਕ ਨਿਰੰਤਰ ਚੱਲਦਾ ਰਹਿੰਦਾ ਹੈ। ਏਨਾ ਸਖ਼ਤ ਕੰਮ ਕਰਨ ਕਰਕੇ ਸੀਰੀ ਲੋਕਾਂ ਦੇ ਸੀਰ ਦੀ ਉਮਰ ਮਸਾਂ ਵੀਹ-ਪੱਚੀ ਵਰ੍ਹੇ ਚਲਦੀ ਹੈ। ਚਾਲੀ-ਪੰਤਾਲੀ ਸਾਲ ਦੀ ਉਮਰ ਤੋਂ ਬਾਅਦ ਇਹ ਲੋਕ ਕੰਮ ਕਰਨ ਦੇ ਕਾਬਲ ਨਹੀਂ ਰਹਿੰਦੇ ਅਤੇ ਜ਼ਿਮੀਦਾਰ ਲੋਕ ਇਨ੍ਹਾਂ ਨੂੰ ਹਟਾ ਕੇ ਨੌਜਵਾਨ ਮੁੰਡਿਆਂ ਨੂੰ ਸੀਰ ਦੇ ਕੰਮ ਤੇ ਰੱਖ ਲੈਂਦੇ ਹਨ। ਸੀਰੀ ਲੋਕਾਂ ਦਾ ਪੂਰਾ ਪਰਿਵਾਰ ਜ਼ਿਮੀਦਾਰਾਂ ਦੇ ਘਰ ਚਾਕਰੀ ਕਰਦਾ ਹੈ। ਸੀਰੀ ਦੀ ਪਤਨੀ ਜ਼ਿਮੀਦਾਰ ਦੇ ਘਰ ਗੋਹਾ-ਕੂੜਾ ਕਰਨ ਦੇ ਨਾਲ-ਨਾਲ ਕੱਪੜਾ-ਲੱਤਾ ਧੋਣ, ਪੀਹਣ ਬਣਾਉਣ ਅਤੇ ਪਾਣੀ ਆਦਿ ਭਰਨ ਦਾ ਕੰਮ ਵੀ ਕਰਦੀ ਹੈ। ਇਨ੍ਹਾਂ ਲੋਕਾਂ ਦੇ ਛੋਟੇ-ਛੋਟੇ ਮੁੰਡੇ ਜ਼ਿਮੀਦਾਰਾਂ ਦਾ ਮਾਲ ਚਰਾ ਲਿਆਉਂਦੇ ਹਨ। ਉਨ੍ਹਾਂ ਨੂੰ ਸੂਇਆਂ ਜਾਂ ਟੋਭਿਆਂ ਤੋਂ ਪਾਣੀ ਪਿਆ ਲਿਆਉਂਦੇ ਹਨ ਜਿਸਦੇ ਇਵਜ਼ ਵਿਚ ਇਨ੍ਹਾਂ ਬੱਚਿਆਂ ਨੂੰ ਵੀ ਚਾਹ ਅਤੇ ਰੋਟੀ ਮਿਲ ਜਾਂਦੀ ਹੈ। ਇਸ ਸੂਰਤ ਵਿਚ ਇਨ੍ਹਾਂ ਦੇ ਪੜ੍ਹਨ-ਲਿਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਉਂ ਪੰਜਾਬੀ ਸਮਾਜ ਦਾ ਇਹ ਵਰਗ ਬੜਾ ਕਠਿਨ, ਯਾਤਨਾ ਭਰਪੂਰ ਅਤੇ ਪਸ਼ੂਆਂ ਵਰਗਾ ਜੀਵਨ ਜਿਉਣ ਲਈ ਮਜਬੂਰ ਰਿਹਾ ਹੈ। ਪੇਂਡੂ ਸਮਾਜ ਵਿਚ ਇਨ੍ਹਾਂ ਸੀਰੀਆਂ ਦੀ ਮੁਕਤੀ ਦਾ ਕੋਈ ਰਾਹ ਨਹੀਂ ਹੈ। ਇਹੀ ਕਾਰਨ ਹੈ ਕਿ ਇਸ ਵਰਗ ਦੇ ਕਈ ਮੁੰਡੇ ਪਿੰਡਾਂ ਦੇ ਜੜ੍ਹ ਜੀਵਨ ਦੀ ਬਜਾਇ ਸ਼ਹਿਰਾਂ ਦੇ ਗਤੀਸ਼ੀਲ ਜੀਵਨ ਵਿਚ ਆਪਣੀ ਮੁਕਤੀ ਲੋਚਦੇ ਹਨ। ਉਹ ਸੋਚਦੇ ਹਨ ਕਿ ਸ਼ਹਿਰਾਂ ਵਿਚ ਦਿਹਾੜੀ-ਦੱਪਾ ਕਰਨ ਜਾਂ ਰਿਕਸ਼ਾ ਆਦਿਕ ਚਲਾਉਣ ਨਾਲ ਉਨ੍ਹਾਂ ਨੂੰ ਕੁਝ ਨਕਦ ਪੈਸੇ ਪ੍ਰਾਪਤ ਹੋ ਸਕਦੇ ਹਨ ਪਰੰਤੂ ਸ਼ਹਿਰਾਂ ਵਿਚ ਆ ਕੇ ਵੀ ਦਿਹਾੜੀ ਦਾ ਕੰਮ ਲੱਭਣਾ ਸੌਖਾ ਨਹੀਂ ਹੁੰਦਾ। ਇਥੇ ਵੀ ਉਨ੍ਹਾਂ ਦਾ ਪਿੰਡਾਂ ਵਾਂਗ ਹੀ ਸ਼ੋਸ਼ਣ ਹੁੰਦਾ ਹੈ।

ਪਿਛਲੇ ਵੀਹ-ਪੱਚੀ ਵਰ੍ਹਿਆਂ ਵਿਚ ਪੰਜਾਬੀ ਸਮਾਜ ਵਿਚ ਕਾਫ਼ੀ ਪਰਿਵਰਤਨ ਆਏ ਹਨ। ਯੂ. ਪੀ. ਅਤੇ ਬਿਹਾਰ ਤੋਂ ਮਜ਼ਦੂਰ ਆਉਣ ਲੱਗੇ ਹਨ ਜਿਸ ਕਾਰਨ ਸੀਰੀ ਲੋਕਾਂ ਦੇ ਮੁੰਡਿਆਂ ਨੂੰ ਸ਼ਹਿਰਾਂ ਵਿਚ ਕੰਮ ਮਿਲਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਯੂ. ਪੀ. ਅਤੇ ਬਿਹਾਰ ਦੇ ਮਜ਼ਦੂਰ ਪੰਜਾਬੀ ਲੋਕਾਂ ਨਾਲੋਂ ਕਠਿਨ ਪਰਿਵੇਸ਼ ਵਿਚੋਂ ਆਏ ਹੁੰਦੇ ਹਨ, ਇਸ ਲਈ ਉਹ ਖੇਤੀ ਬਾੜੀ ਦੇ ਕੰਮ ਨੂੰ ਬਹੁਤਾ ਮੁਸ਼ਕਿਲ ਨਹੀਂ ਸਮਝਦੇ। ਉਂਜ ਵੀ ਉਨ੍ਹਾਂ ਲੋਕਾਂ ਵਿਚ ਨਵੇਂ ਕੰਮ ਸਿੱਖਣ ਦੀ ਰੁਚੀ ਵਧੇਰੇ ਪ੍ਰਬਲ ਹੁੰਦੀ ਹੈ। ਸਾਡੇ ਪੰਜਾਬ ਦੇ ਗ਼ਰੀਬ ਲੋਕ ਲਕੀਰ ਦੇ ਫ਼ਕੀਰ ਹਨ, ਭਾਗਵਾਦੀ ਹਨ। ਪਿੰਡ-ਪਿੰਡ ਵਿਚ ਸਕੂਲ ਹੋਣ ਦੇ ਬਾਵਜੂਦ ਦਲਿਤ ਲੋਕ ਪੜ੍ਹਾਈ ਤੋਂ ਮਹਿਰੂਮ ਰਹਿ ਜਾਂਦੇ ਹਨ। ਸਾਧਨ-ਸੰਪੰਨ ਵਰਗ ਨੇ ਉਨ੍ਹਾਂ ਦੇ ਮਨਾਂ ਵਿਚ ਇਹ ਧਾਰਨਾ ਬਣਾ ਰੱਖੀ ਹੈ ਕਿ ਪੜ੍ਹ-ਲਿਖ ਕੇ ਕਿਹੜਾ ਉਨ੍ਹਾਂ ਨੇ ਅਫ਼ਸਰ ਲੱਗ ਜਾਣਾ ਹੈ; ਹਾਲਾਂ ਕਿ ਦਲਿਤ ਭਾਈਚਾਰੇ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਵਜ਼ੀਫਿਆਂ ਅਤੇ ਰੀਜ਼ਰਵੇਸ਼ਨ ਦੇ ਸਹਾਰੇ ਅਫ਼ਸਰ ਬਣ ਵੀ ਗਏ ਹਨ। ਦਲਿਤ ਭਾਈਚਾਰੇ ਨਾਲ ਸੰਬੰਧਿਤ ਜਿਹੜੇ ਵਰਗ ਜਾਂ ਲੋਕ ਪਿੰਡਾਂ ਵਿਚੋਂ ਉੱਠ ਕੇ ਸ਼ਹਿਰਾਂ

ਵਿਚ ਆ ਗਏ, ਉਨ੍ਹਾਂ ਨੇ ਇਨ੍ਹਾਂ ਸਹੂਲਤਾਂ ਦਾ ਲਾਭ ਉਠਾ ਲਿਆ ਜਦੋਂ ਕਿ ਪਿੰਡਾਂ ਵਿਚ ਰਹਿਣ ਵਾਲੇ ਲੋਕ ਇਨ੍ਹਾਂ ਤੋਂ ਮਹਿਰੂਮ ਰਹਿ ਗਏ। ਪੇਂਡੂ ਸਮਾਜ ਵਿਚ ਇਸ ਵਰਗ ਨੂੰ ਬੇਹਤਰ ਜੀਵਨ ਦਾ ਕੋਈ ਸੁਪਨਾ ਵੀ ਨਹੀਂ ਲੈਣ ਦਿੱਤਾ ਜਾਂਦਾ। ਹਰ ਵਕਤ ਜ਼ਾਤੀਵਾਚਕ ਸ਼ਬਦ ਸੁਣ-ਸੁਣ ਕੇ ਇਸ ਵਰਗ ਦੇ ਲੋਕਾਂ ਵਿਚ ਤੁੱਛਤਾ ਅਤੇ ਕਮਤਰੀ ਦਾ ਇਹਸਾਸ ਉਤਪੰਨ ਹੋ ਜਾਂਦਾ ਹੈ। ਆਪਣੀ ਤਰਸਯੋਗ ਜ਼ਿੰਦਗੀ ਨੂੰ ਉਹ ਆਪਣਾ ਮੁਕੱਦਰ ਸਮਝ ਬੈਠਦੇ ਹਨ ਅਤੇ ਕਿਸੇ ਵੀ ਪ੍ਰਕਾਰ ਦੇ ਸੰਘਰਸ਼ ਨੂੰ ਅਰਥਹੀਣ ਅਤੇ ਫ਼ਜ਼ੂਲ ਮੰਨ ਕੇ ਉਹ ਪਸ਼ੂਆਂ ਵਰਗੀ ਜ਼ਿੰਦਗੀ ਨਾਲ ਸਮਝੌਤਾ ਕਰ ਲੈਂਦੇ ਹਨ। ਦਰਸ਼ਨ ਮਿਤਵਾ ਨੇ ਆਪਣੇ ਇਸ ਨਾਵਲੈੱਟ ਵਿਚ ਕਹਾਣੀ ਦੀਆਂ ਵੱਖ-ਵੱਖ ਤੰਦਾਂ ਰਾਹੀਂ ਦਲਿਤ ਜੀਵਨ ਦੇ ਯਥਾਰਥ ਨਾਲ ਸੰਬੰਧਿਤ ਇਨ੍ਹਾਂ ਸਾਰੇ ਵੇਰਵਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ।

ਲੀਲੂ ਪਿੰਡਾਂ ਵਿਚ ਰਹਿਣ ਵਾਲੇ ਭੋਇੰਹੀਣ ਦਲਿਤ ਪਰਵਾਰਾਂ ਦੇ ਬਾਲਾਂ ਦਾ ਇਕ ਪ੍ਰਤੀਨਿਧ ਮਾਡਲ ਹੈ। ਲੀਲੂ ਦਾ ਬਚਪਨ ਆਪਣੇ ਵਰਗੇ ਨਿਰਧਨ ਅਤੇ ਦਲਿਤ ਸੰਗੀਆਂ-ਸਾਥੀਆਂ ਨਾਲ ਖੇਡਦਿਆਂ ਹੋਇਆਂ ਗੁਜ਼ਰਿਆ ਸੀ। ਖੇਡਣ ਵਾਸਤੇ ਇਨ੍ਹਾਂ ਬਾਲਾਂ ਪਾਸ ਕੋਈ ਖਿਡੌਣਾ ਨਹੀਂ ਸੀ ਹੁੰਦਾ। ਕੇਵਲ ਆਪਣਾ ਸਰੀਰ ਹੀ ਸੀ; ਇਹ ਇਸੇ ਨਾਲ ਖੇਡ-ਕੁੱਦ ਲੈਂਦੇ। ਕਦੇ ਪਸ਼ੂਆਂ ਨੂੰ ਪਾਣੀ ਪਿਆਉਣ ਗਏ ਆਪ ਵੀ ਛੱਪੜਾਂ ਵਿਚ ਤਾਰੀਆਂ ਲਾ ਲੈਂਦੇ। ਕਦੇ ਬੋਹੜਾਂ ਦੀਆਂ ਗੋਲ੍ਹਾਂ ਜਾਂ ਬੇਰੀਆਂ ਦੇ ਬੇਰ ਖਾ ਲੈਂਦੇ ਅਤੇ ਕਦੇ ਇਕ-ਦੂਜੇ ਨਾਲ ਲੜ-ਝਗੜ ਲੈਂਦੇ। ਬਸ ਇਹੋ ਇਨ੍ਹਾਂ ਦੀਆਂ ਖੇਡਾਂ ਹੋਇਆ ਕਰਦੀਆਂ ਸਨ। ਮਾਪਿਆਂ ਪਾਸ ਨਾ ਏਨੀ ਗੁੰਜਾਇਸ਼ ਹੁੰਦੀ ਸੀ ਅਤੇ ਨਾ ਵਕਤ ਕਿ ਉਹ ਇਨ੍ਹਾਂ ਬਾਲਾਂ ਨੂੰ ਕੋਈ ਸਿੱਖ-ਮੱਤ ਦੇ ਸਕਦੇ। ਇਹ ਬਾਲ ਆਪ ਹੀ ਆਪਣੇ ਅਨੁਭਵ ਦੁਆਰਾ ਜੀਵਨ ਦਾ ਤਲਖ-ਤੁਰਸ਼ ਗਿਆਨ ਹਾਸਲ ਕਰ ਲੈਂਦੇ ਸਨ। ਦੇਖੋ:

> ਇਕ ਵਾਰ ਡੰਡਾ-ਡੁੱਕ ਖੇਡਦਾ ਉਹ (ਲੀਲੂ) ਪਿੱਪਲ ਦੇ ਸਿਖਰੋਂ ਡਿੱਗ ਪਿਆ ਸੀ। ਉਸ ਦੀ ਬਾਂਹ ਉਤੇ ਸੱਟ ਵੱਜੀ ਸੀ। ਲੱਤਾਂ ਉੱਤੇ ਝਰੀਟਾਂ ਪੈ ਗਈਆਂ ਸਨ। ਉਸਦਾ ਬਾਪੂ ਕਿੰਨਾ ਹੀ ਚਿਰ ਹਲਦੀ ਦੇ ਫਹੇ ਬੰਨ੍ਹ-ਬੰਨ੍ਹ ਕੇ ਉਸਦਾ ਇਲਾਜ ਕਰਦਾ ਰਿਹਾ ਸੀ। ਹੌਲੀ-ਹੌਲੀ ਸੱਟ ਵਾਲੀ ਥਾਂ ਉਤੇ ਖਰੀਂਢ ਆ ਗਿਆ ਸੀ। ਫੇਰ ਜਦੋਂ ਉਸਨੇ ਇਕ ਦਿਨ ਆਪਣੇ-ਆਪ ਹੀ ਉਹ ਖਰੀਂਢ ਪੁੱਟ ਦਿੱਤਾ ਤਾਂ ਉਸ ਥਾਂ ਉਤੇ ਨਵਾਂ ਮਾਸ ਆਇਆ ਹੋਇਆ ਸੀ, ਜਿਸਦਾ ਰੰਗ ਉਸਦੀ ਬਾਂਹ ਨਾਲੋਂ ਵੀ ਸਫੈਦ ਸੀ, ਜਿਵੇਂ ਉਸਦੀ ਬਾਂਹ ਉਤੇ ਫੁਲਬਹਿਰੀ ਹੋ ਗਈ ਹੋਵੇ! ਹੌਲੀ-ਹੌਲੀ ਉਹ ਰੰਗ ਵੀ ਬਾਂਹ ਦੇ ਰੰਗ ਨਾਲ ਹੀ ਮਿਲ ਗਿਆ, ਪਰ ਸੱਟ ਦਾ ਨਿਸ਼ਾਨ ਖ਼ਤਮ ਨਹੀਂ ਹੋਇਆ ਸੀ।......ਉਸ ਤੋਂ ਬਾਅਦ ਵੀ ਉਸ ਨੂੰ ਅਨੇਕ ਸੱਟਾਂ ਵੱਜੀਆਂ ਪਰ ਇਹੋ ਹੀ ਸੱਟ ਯਾਦ ਆਉਣ ਉਤੇ ਪਤਾ ਨਹੀਂ ਕਿਉਂ ਹਰ ਵਾਰ ਉਸਦਾ ਦਿਲ ਮਚਲਾਉਣ ਲੱਗ ਪੈਂਦਾ ਸੀ? ਮਿੱਠਾ-ਮਿੱਠਾ, ਪੁਰਾਣੀਆਂ ਯਾਦਾਂ ਵਰਗਾ ਦਰਦ ਸ਼ੁਰੂ ਹੋ ਜਾਂਦਾ। (ਪੰਨਾ 32)

ਲੀਲੂ ਜਦੋਂ ਅੱਠ-ਨੌਂ ਵਰ੍ਹਿਆਂ ਦਾ ਹੋਇਆ ਤਾਂ ਆਪਣੇ ਦੋ-ਤਿੰਨ ਸਾਥੀਆਂ ਲੰਡਰੂ (ਘੁਮਿਆਰਾਂ ਦਾ ਮੁੰਡਾ) ਅਤੇ ਬਿੱਕਰੀ (ਝਿਉਰਾਂ ਦਾ ਮੁੰਡਾ) ਆਦਿ ਨਾਲ ਪਿੰਡ ਛੱਡ ਕੇ ਸ਼ਹਿਰ ਵੱਲ ਦੌੜ ਗਿਆ। ਇਨ੍ਹਾਂ ਮੁੰਡਿਆਂ ਨੂੰ ਪਿੰਡ ਦਾ ਕਠੋਰ ਜੀਵਨ ਅਸਹਿ ਪ੍ਰਤੀਤ ਹੁੰਦਾ ਸੀ। ਸਾਰਾ-ਸਾਰਾ ਦਿਨ ਜ਼ਿਮੀਦਾਰਾਂ ਦਾ ਮਾਲ-ਡੰਗਰ ਚਰਾਉਣਾ, ਇਨ੍ਹਾਂ ਲਈ ਪੱਠੇ-ਦੱਥੇ ਦਾ ਪ੍ਰਬੰਧ ਕਰਨਾ ਅਤੇ ਖਾਣ-ਪੀਣ ਨੂੰ ਸੁੱਕੇ ਟੁੱਕਰ ਜਾਂ ਭੈੜੀ ਜਿਹੀ ਚਾਹ। ਅਸਲ ਵਿਚ ਜ਼ਿਮੀਦਾਰਾਂ ਦਾ ਵਤੀਰਾ ਹੁਣ ਸੀਰੀਆਂ ਨਾਲ ਬਦਲ ਰਿਹਾ ਸੀ। ਉਨ੍ਹਾਂ ਵਿਚ ਪਹਿਲਾਂ ਵਰਗੀ ਹਾਇ-ਦਯਾ ਨਹੀਂ ਸੀ ਰਹੀ। ਇਹ ਲੋਕ ਹੁਣ ਗ਼ਰੀਬ ਸੀਰੀਆਂ ਦਾ ਸ਼ੋਸ਼ਣ ਕਰਨ ਉਪਰ ਉੱਤਰ ਆਏ ਸਨ। ਔਖੇ-ਭਾਰੇ ਕੰਮ ਕਰਵਾ-ਕਰਵਾ ਕੇ ਉਹ ਇਨ੍ਹਾਂ ਗ਼ਰੀਬਾਂ ਦੀ ਚਮੜੀ ਉਧੇੜਦੇ ਰਹਿੰਦੇ ਸਨ ਅਤੇ ਗਾਲ੍ਹਾਂ ਜਾਂ ਜ਼ਾਤੀਸੂਚਕ ਸ਼ਬਦਾਂ ਤੋਂ ਬਿਨਾਂ ਉਨ੍ਹਾਂ ਨੂੰ ਬੁਲਾਉਂਦੇ ਵੀ ਨਹੀਂ ਸਨ। ਦੇਖੋ:

> "ਨ੍ਹਾਉਣ ਨੂੰ ਭੈਣ ਦੇਣਿਆ! ਮੇਲੇ ਜਾਣਾ ਸੀ? ਗਾਹਾਂ ਵੱਡੇ ਸਰਦਾਰਾਂ ਦਾ ਕਾਕਾ ਐਂ ਨਾ ਬਈ ਨ੍ਹਾਏ ਬਿਨਾ......ਸਾਲਾ ਮੁਫ਼ਤ ਦੀਆਂ ਖਾਣ ਗਿੱਝਿਆ। ਸਾਲੀ ਝੜੰਮ ਜਾਤ ਨਾਲ ਜਿੰਨਾ ਪਿਆਰ ਕਰੋ, ਓਨਾ ਈ ਸਿਰ ਤੇ ਚੜ੍ਹਦੇ ਐ। ਜਿੰਨਾ ਪੁਚ-ਪੁਚ ਕਰੋ, ਓਨਾ ਈ ਢਿੱਡ 'ਚ ਗਲੀਆਂ ਕਰਦੇ ਐ। ਕੰਮ ਨੂੰ ਕਹੋ ਤਾਂ ਫਾਹਾ ਪੈ ਜਾਂਦੈ....ਜਾਹ ਨਿਕਲ ਜਾ ਮੇਰੇ ਘਰੋਂ।" (ਪੰਨਾ 26)

ਸ਼ਹਿਰ ਵੜਦਿਆਂ ਹੀ ਇਹ ਸਾਰੇ ਇਕ-ਦੂਜੇ ਨਾਲੋਂ ਨਿੱਖੜ ਗਏ। ਪੂੰਜੀਵਾਦੀ ਪ੍ਰਬੰਧ ਵਿਚ ਕੰਮ, ਕਿਰਤੀਆਂ ਨੂੰ ਇਕ-ਦੂਜੇ ਨਾਲੋਂ ਤੋੜ-ਵਿਜੋਗ ਦਿੰਦਾ ਹੈ। ਘੁਮਿਆਰਾਂ ਦਾ ਲੰਡਰੂ ਤਾਂ ਪਹਿਲੇ-ਦੂਜੇ ਦਿਨ ਹੀ ਘਰ ਵਾਪਸ ਪਰਤ ਗਿਆ। ਘੁਮਿਆਰਾਂ ਪਾਸ ਘਰੇ ਬਥੇਰਾ ਕੰਮ ਹੁੰਦਾ ਹੈ, ਉਨ੍ਹਾਂ ਨੂੰ ਕਿਸੇ ਜ਼ਿਮੀਦਾਰ ਦੇ ਰਹਿਮ-ਕਰਮ ਉਤੇ ਪਲਣ ਦੀ ਲੋੜ ਨਹੀਂ ਹੁੰਦੀ। ਥੋੜ੍ਹੇ ਦਿਨਾਂ ਬਾਅਦ ਝਿਉਰਾਂ ਦਾ ਬਿੱਕਰੀ ਵੀ ਵਾਪਸ ਮੁੜ ਗਿਆ। ਇਹ ਲੋਕ ਵੀ ਸਰਦੇ-ਪੁਜਦੇ ਘਰੀਂ ਪਾਣੀ ਪਹੁੰਚਾ ਕੇ ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਲੈਂਦੇ ਹਨ। ਸ਼ਹਿਰ ਵਿਚ ਰਹਿ ਕੇ ਰੁਲਣ ਵਾਸਤੇ ਰਹਿ ਗਿਆ ਬਸ ਲੀਲੂ, ਕਿਉਂਕਿ ਇਸ ਪਾਸ ਆਪਣੇ ਘਰ ਰਹਿ ਕੇ ਕਰਨ ਵਾਲਾ ਕੋਈ ਕੰਮ ਨਹੀਂ ਸੀ। ਉਸ ਨੇ ਤਾਂ ਪਿੰਡ ਜਾ ਕੇ ਵੀ ਜ਼ਿਮੀਦਾਰਾਂ ਦੇ ਘਰ ਗੋਲਾ-ਧੰਦਾ ਹੀ ਕਰਨਾ ਸੀ ਅਤੇ ਦਿਹਾੜੀ ਵਜੋਂ ਕਿਸੇ ਨੇ ਇੱਕ ਰੁਪਈਆ ਵੀ ਉਸਨੂੰ ਨਹੀਂ ਸੀ ਦੇਣਾ। ਇਸ ਕਾਰਨ ਉਸ ਪਾਸ ਘਰ ਮੁੜਨ ਦਾ ਕੋਈ ਮਾਕੂਲ ਕਾਰਨ ਨਹੀਂ ਸੀ। ਉਂਜ ਉਸ ਨੇ ਸੋਚਿਆ ਕਈ ਵਾਰ ਸੀ ਕਿ ਘਰ ਵਾਪਸ ਮੁੜ ਜਾਵੇ ਪਰ ਉਸਨੂੰ ਹੌਂਸਲਾ ਨਹੀਂ ਸੀ ਪੈਂਦਾ। ਉਂਜ ਇਹ ਨਾਵਲੈੱਟ ਉਸ ਦੇ ਘਰ ਮੁੜ ਜਾਣ ਦੀ ਤਾਂਘ ਅਤੇ ਤਿਆਰੀ ਵਿਚੋਂ ਹੀ ਪੈਦਾ ਹੋਇਆ ਹੈ। ਸ਼ਹਿਰ ਵਿਚ ਰਹਿਣ ਵਾਲੇ ਆਪਣੇ ਮਾਲਕ ਦੇ ਦੁਰਵਿਹਾਰ ਤੋਂ ਤੰਗ ਆ ਕੇ ਲੀਲੂ ਆਪਣੇ ਪਿੰਡ ਮੁੜਨ ਦਾ ਫੈਸਲਾ ਕਰ ਲੈਂਦਾ ਹੈ:

> ਲੀਲੂ ਸਟੇਸ਼ਨ ਉਤੇ ਬੈਠਾ ਗੱਡੀ ਨੂੰ ਉਡੀਕੀ ਜਾ ਰਿਹਾ ਸੀ......"ਏਦੂੰ ਤਾਂ ਬੱਸ ਉਤੇ ਈ ਜਾ ਵੜਦਾ। ਪਹਿਲਾਂ ਓਦੋਂ ਮਾਂ ਮਰੀ ਤੋਂ ਬੱਸ ਤੇ ਈ ਗਿਆ ਸੀ। ਬਿੰਦ ਲੱਗਿਆ। ਪਰ ਹੁਣ ਪਿੰਡ ਹੈ ਵੀ ਕੀ? ਮਾਂ
> ਲੀਲੂ ਸਟੇਸ਼ਨ ਉਤੇ ਬੈਠਾ ਗੱਡੀ ਨੂੰ ਉਡੀਕੀ ਜਾ ਰਿਹਾ ਸੀ......"ਏਦੂੰ ਤਾਂ ਬੱਸ ਉਤੇ ਈ ਜਾ ਵੜਦਾ। ਪਹਿਲਾਂ ਓਦੋਂ ਮਾਂ ਮਰੀ ਤੋਂ ਬੱਸ ਤੇ ਈ ਗਿਆ ਸੀ। ਬਿੰਦ ਲੱਗਿਆ। ਪਰ ਹੁਣ ਪਿੰਡ ਹੈ ਵੀ ਕੀ? ਮਾਂ ਸੀ ਬਿਚਾਰੀ, ਉਹ ਤੁਰਗੀ। ਅਈਂ ਕਦੇ ਬਾਪੂ ਤੁਰ ਜੂਗਾ। ਨਾਲੇ ਪਿੰਡ ਕਿਹੜਾ ਆਪਣੇ ਮੁਰੱਬੇ ਪਏ ਐ ਬਈ ਛੇਕੜ ਦੀ ਨੂੰ ਜਾ ਕੇ ਉਹ। ਵਾਹ ਲੂੰਗਾ। ਊਂ ਸਾਲਾ ਪਤਾ ਨੀਂ ਮਾਂ ਵਾਂਗੂੰ ਬਾਪੂ ਦਾ ਵੀ ਮੂੰਹ ਦੇਖਣਾ ਕਰਮਾਂ 'ਚ ਹੈ ਕਿ ਨਹੀਂ। ਜੇ ਓਥੇ ਵਗ ਜਾਂ ਤਾਂ ਘੱਟ ਘੱਟ ਆਖਰੀ ਉਮਰੇ ਉਹਦੀ ਤਾਂ ਸੇਵਾ ਹੋ ਜੂਗੀ। ਮਾਂ ਦੀ ਸੇਵਾ ਕਰਨੀ ਤਾਂ ਚਲੋ ਕਰਮਾਂ 'ਚ ਨਹੀਂ ਲਿਖੀ ਸੀ।" (ਪੰਨਾ 86)

ਪਿੰਡ ਤੋਂ ਸ਼ਹਿਰ ਨੱਸ ਜਾਣ ਉਪਰੰਤ ਦੋ ਵਕਤ ਦੀ ਰੋਟੀ ਵਾਸਤੇ ਲੀਲੂ ਨੂੰ ਕਈ ਕੰਮ ਕਰਨੇ ਪਏ। ਪਹਿਲਾਂ ਬੱਸ ਅੱਡੇ ਤੇ ਜਾ ਕੇ ਸਵਾਰੀਆਂ ਨੂੰ ਵੱਖ-ਵੱਖ ਰੂਟਾਂ ਤੇ ਜਾਣ ਵਾਲੀਆਂ ਬੱਸਾਂ ਲਈ ਆਵਾਜ਼ਾਂ ਮਾਰਨ ਦਾ ਕੰਮ ਕੀਤਾ। ਇਸ ਦੌਰਾਨ ਉਹ ਬੱਸਾਂ ਵਿਚ ਝਾੜੂ-ਪੋਚਾ ਵੀ ਲਗਾ ਦਿੰਦਾ ਸੀ। ਇਸ ਦੇ ਇਵਜ਼ ਵਿਚ ਬੱਸ ਕੰਡਕਟਰ ਉਸ ਨੂੰ ਪ੍ਰਤੀ ਬੱਸ ਇਕ-ਦੋ ਰੁਪਏ ਦੇ ਦਿੰਦੇ। ਬਸ ਅੱਡੇ ਵਿਚ ਹੀ ਉਹ ਰਾਤ ਨੂੰ ਪਿਆ ਰਹਿੰਦਾ ਸੀ। ਲੀਲੂ ਦਾ ਇਹ ਜੀਵਨ ਬੜਾ ਕਠਿਨ ਅਤੇ ਦੁਖਦਾਈ ਸੀ। ਲੇਖਕ ਦੇ ਸ਼ਬਦਾਂ ਵਿਚ:

> ਉਹ ਸ਼ਹਿਰ ਦੇ ਬਸ ਅੱਡੇ ਵਿਚ ਬਣੇ ਮੁਸਾਫ਼ਰਖ਼ਾਨੇ ਵਿਚ ਸਾਰੀ-ਸਾਰੀ ਰਾਤ ਕੁੰਗੜਿਆ ਪਿਆ ਰਹਿੰਦਾ ਅਤੇ ਸਵੇਰੇ ਦੇਖਣ ਵਾਲਿਆਂ ਨੂੰ ਉਹ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਕੋਈ ਸਮਾਨ ਵਾਲੀ ਗਠੜੀ ਪਈ ਹੋਵੇ। ਕੱਛੂਕੁੰਮੇ ਵਾਂਗੂੰ ਆਪਣੀਆਂ ਲੱਤਾਂ-ਬਾਹਾਂ ਢਿੱਡ ਵਿਚ ਤੁੰਨ ਲੈਂਦਾ ਸੀ। ਢੂਹੀ ਕੁੱਬੀ ਜਿਹੀ ਕਰ ਕੇ ਸਿਰ ਗਰਦਨ ਵਿਚ ਲੁਕੋ ਲੈਂਦਾ ਸੀ। ਠੰਢ ਉਸ ਨੂੰ ਸਾਰੀ ਰਾਤ ਸੌਣ ਨਹੀਂ ਦਿੰਦੀ ਸੀ ਪਰ ਸਵੇਰ ਦਾ ਥੱਕਿਆ-ਟੁੱਟਿਆ ਉਹ ਉਵੇਂ ਜਿਵੇਂ ਉਥੇ ਹੀ ਪਿਆ ਰਹਿੰਦਾ। ਮਸਾਂ ਉਸਲਵੱਟੇ ਲੈਂਦਿਆਂ ਉਸ ਨੂੰ ਦਿਨ ਚੜ੍ਹਦਾ ਸੀ। ਫੇਰ ਤੜਕੇ ਹੀ ਉਹ ਬਿਨਾਂ ਚਾਹ ਪੀਤਿਆਂ ਬਸਾਂ ਵੱਲ ਨੂੰ ਭੱਜ ਲੈਂਦਾ ਸੀ। ਟੁੱਟੀ ਜਿਹੀ ਘਸੀ ਕੂਚੀ ਨਾਲ ਅੰਦਰੋਂ ਬੱਸਾਂ ਸੰਭਰਦਾ। ਫੇਰ ਉਹ ਉੱਚ-ਉੱਚੀ ਹੋਕਰੇ ਲਾਉਂਦਾ, "ਚਲੋ ਬਈ ਓਇ ਬਰਨਾਲਾ, ਧੌਲਾ, ਹੰਢਿਆਇਆ, ਰੱਲਾ, ਜੋਗਾ, ਅਕਲੀਆ.....ਬਿਨਾਂ ਟਿਕਟ ਕੋਈ ਨਾ ਚੜ੍ਹੇ, ਟਿਕਟਾਂ ਲੈ ਕੇ ਬਈ ਓਇ....।" ਤੇ ਫੇਰ ਉਹ ਕਿਸੇ ਕੰਡਕਟਰ ਤੋਂ ਥੋੜ੍ਹੇ ਜਿਹੇ ਪੈਸੇ ਲੈ ਕੇ ਅੱਡੇ ਦੇ ਬਾਹਰ ਦੁਕਾਨ ਉਤੋਂ ਚਾਹ ਪੀ ਕੇ ਆਉਂਦਾ ਸੀ।.....ਅੱਡਾ ਹੀ ਕੁਝ ਸਮੇਂ ਲਈ ਤਾਂ ਜਿਵੇਂ ਉਸ ਦਾ ਘਰ ਬਣ ਗਿਆ ਸੀ। ਰਿਕਸ਼ਿਆਂ ਵਾਲੇ ਉਸਦੇ ਯਾਰ-ਮਿੱਤਰ ਬਣ ਗਏ ਸਨ। ਕੰਡਕਟਰਾਂ, ਡਰਾਈਵਰਾਂ ਨਾਲ ਉਸ ਦੀ ਯਾਰੀ ਪੈ ਗਈ ਸੀ। (ਪੰਨਾ 38-39)

ਕੁਝ ਸਮੇਂ ਬਾਅਦ ਉਸਨੇ ਇਹ ਕੰਮ ਛੱਡ ਦਿੱਤਾ ਅਤੇ ਇਕ ਤੇਲ ਦੇ ਕਾਰਖਾਨੇ ਵਿਚ ਲੱਗ ਗਿਆ। ਭਾਵੇਂ ਇਹ ਮਹੀਨੇ ਦੀ ਬੱਧੀ-ਰੁੱਧੀ ਨੌਕਰੀ ਸੀ ਪਰ ਮਜ਼ਦੂਰੀ ਘੱਟ ਸੀ ਅਤੇ ਕੰਮ ਬਹੁਤ ਜ਼ਿਆਦਾ। ਇਥੇ ਉਸਨੂੰ ਦਿਨ ਦੇ ਸੋਲ੍ਹਾਂ-ਸੋਲ੍ਹਾਂ ਘੰਟੇ ਕੰਮ ਕਰਨਾ ਪੈਂਦਾ ਸੀ। ਆਖਰ ਤੰਗ ਆ ਕੇ ਉਸ ਨੇ ਇਹ ਕੰਮ ਵੀ ਛੱਡ ਦਿੱਤਾ। ਇਸ ਪਿੱਛੋਂ ਉਹ ਕਿਸੇ ਬਾਬੂ ਦੇ ਘਰ ਦਾ ਨੌਕਰ ਬਣ ਕੇ ਉਸ ਦੇ ਨਾਲ ਰਹਿਣ ਲੱਗ ਪਿਆ ਪਰ ਇਥੇ ਵਿਹਲ ਬਹੁਤ ਸੀ। ਜਦੋਂ ਬਾਬੂ ਆਪਣੇ ਦਫ਼ਤਰ ਚਲਾ ਜਾਂਦਾ ਤਾਂ ਲੀਲੂ ਵਾਸਤੇ ਵਕਤ ਬਿਤਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ। ਅਖੀਰ ਉਸ ਨੇ ਬਾਬੂ ਦਾ ਕੰਮ ਛੱਡ ਕੇ ਇਕ ਸਰਦਾਰ ਦੇ ਘਰ ਦਾ ਕੰਮ ਫੜ ਲਿਆ। ਪਰ ਇੱਥੇ ਕੰਮ ਬਹੁਤ ਜ਼ਿਆਦਾ ਸੀ। ਸਰਦਾਰ ਦਾ ਸੁਭਾਅ ਵੀ ਬਹੁਤ ਖਰ੍ਹਵਾ ਸੀ। ਉਹ ਕਈ ਵਾਰ ਸਰਦਾਰ ਦੇ ਘਰੋਂ ਨੱਠਿਆ ਵੀ ਪਰ ਹੋਰ ਕੋਈ ਟਿਕਾਣਾ ਨਾ ਹੋਣ ਕਰਕੇ ਉਸ ਨੂੰ ਵਾਪਸ ਉਸੇ ਦੇ ਘਰ ਜਾਣਾ ਪੈਂਦਾ।

ਲੀਲੂ ਨੂੰ ਆਪਣੀ ਤ੍ਰਾਸਦਕ ਸਥਿਤੀ ਦਾ ਬੋਧ ਹੈ। ਇਸੇ ਕਾਰਨ ਉਹ ਬਾਰ-ਬਾਰ ਕੰਮ ਬਦਲਦਾ ਹੈ ਅਤੇ ਸਰਦਾਰ ਦੇ ਘਰੋਂ ਵੀ ਨੱਠਦਾ ਹੈ। ਪਰ ਉਸ ਪਾਸ ਕੋਈ ਵਿਕਲਪ ਨਹੀਂ ਹੈ। ਉਹ ਜਾਵੇ ਤਾਂ ਕਿੱਥੇ ਜਾਵੇ? ਕਰੇ ਤਾਂ ਕੀ ਕਰੇ? ਆਖਰ ਉਸਨੂੰ ਹੋਣੀ ਨਾਲ ਸਮਝੌਤਾ ਕਰਨਾ ਪੈਂਦਾ ਹੈ। ਦਰਸ਼ਨ ਮਿਤਵਾ ਨੇ ਲੀਲੂ ਦੇ ਰੋਸ, ਵਿਦਰੋਹ, ਉਬਾਲ ਅਤੇ ਗੁੱਸੇ ਨੂੰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਰੂਪਮਾਨ ਦੀਤਾ ਹੈ ਦੇਖੋ:-

> "ਏਨ੍ਹਾਂ ਦੀ ਮਾਂ ਦੀ......ਜਿੰਨਾ ਮਰਜ਼ੀ ਚੰਮ ਪਟਾਈ ਚੱਲੋ, ਇਉਂ ਈ ਕਹਿਣਗੇ ਬਈ ਹਰਾਮ ਦੀਆਂ ਖਾਨੇ ਓਂ। ਤੜਕੇ ਉੱਠ ਕੇ ਹਰਾ ਲਿਆਓ, ਕੁਤਰਾ ਕਰੋ, ਧਾਰਾਂ ਕੱਢੋ। ਅਖੇ ਰਿਜ਼ਕ ਵੀ ਤੂੰ ਹੀ, ਜਿਮੇਂ ਸਾਲਿਆਂ ਨੇ ਜ਼ਮੀਨ ਨਾਂ ਲੁਆਉਣੀ ਹੁੰਦੀ ਐ। ਪਸ਼ੂਆਂ ਨੂੰ ਨੁਹਾਓ, ਪਾਣੀ ਪਿਆਓ..... ਗੋਹਾ ਵੀ ਚੱਕੋ ਤੇ ਜੁਆਕਾਂ ਦਾ ਗੂੰਹ ਵੀ ਸਾਫ਼ ਕਰੋ। ਕਪੜੇ ਧੋ, ਰੋਟੀ ਪਕਾ। ਫੇਰ ਵੀ ਰੋਟੀ ਦਿੰਦੇ ਮਰਦੇ ਨੇ। ਹਾਲੇ ਡੰਡਾ ਸਿਰ ਤੇ....ਵੱਡੇ ਸਰਦਾਰ! ......ਆਹ ਨੀਂ ਕੀਤਾ, ਔਹ ਨੀਂ ਕੀਤਾ.....ਜਿਵੇਂ ਆਦਮੀ ਨਾ ਹੋਈਏ, ਲੋਹੇ ਦੇ ਬਣੇ ਹੋਈਏ। ਕੋਈ ਪੁੱਛਣ ਆਲਾ ਹੋਵੇ ਤੂੰ ਮੇਰੇ ਨਾਂ ਮੁਰੱਬੇ ਲਵਾ ਦੇਂਗਾ। ਆਪ ਸਾਲੇ ਹੱਥ ਲਾ ਕੇ ਨੀਂ ਖੁਸ਼।......ਏਦੂੰ ਤਾਂ ਸਾਲੇ ਕੁੱਤੇ ਵੀ ਚੰਗੇ ਹੁੰਦੇ ਨੇ, ਮੇਰੇ ਨਾਲੋਂ। ਇਹ ਵੀ ਸਾਲੀ ਕੋਈ ਜੂਨ ਐ। ਜੇ ਬਿੰਦ ਕੋਈ ਕੰਮ ਲੇਟ ਹੋ ਜੇ, ਫੇਰ ਅਸਮਾਨ ਸਿਰ ਤੇ ਚੱਕ ਲੈਣਗੇ। ਇਹਦੇ ਬਦਲੇ ਮੈਨੂੰ ਦਿੱਤਾ ਕੀ ਐ ਇਹਨਾਂ ਨੇ......ਆਹ ਫਿੱਡੇ ਛਿੱਤਰ?.....ਲੈ ਲੈਣ ਬੱਤੀਆਂ ਬਣਾ-ਬਣਾ ਕੇ। ਦੋ ਸਾਲ ਹੋਗੇ ਘਸੀਟੀ ਫਿਰਦੇ ਨੂੰ। ਓਦੋਂ ਵੀ ਜਮਾਂ ਘਸਾ-ਘਸੂ ਕੇ ਦਿੱਤੇ ਸੀ। ਫੇਰ ਐਮੀਂ ਮੁਫ਼ਤ 'ਚ ਚੰਮ ਪਟਾਈ ਚੱਲੀਏ। ਪੀ ਲਿਆ ਮੇਰਾ ਲਹੂ, ਚੂਲੀਏਂ। ਚੰਮ ਵੀ ਨੀ ਛੱਡਿਆ ਕੰਜਰ ਦੇ ਨੇ......।"
>
> (ਪੰਨਾ 20-21)

ਵਿਪਰੀਤ ਸਥਿਤੀਆਂ ਨੇ ਲੀਲੂ ਨੂੰ ਇਕ ਅਜਿਹੇ ਚੱਕਰਵਿਊਹ ਵਿਚ ਫਸਾ

ਦਿੱਤਾ ਹੈ, ਜਿਸ ਵਿਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ। ਜੇ ਕੋਈ ਰਸਤਾ ਹੈ ਵੀ ਤਾਂ ਉਹ ਲੀਲੂ ਨੂੰ ਮਾਲੂਮ ਨਹੀਂ ਹੈ। ਇਹੀ ਕਾਰਨ ਹੈ ਕਿ ਲੀਲੂ ਬਾਰ-ਬਾਰ ਸਰਦਾਰਾਂ ਦੇ ਇਸ ਘਰ ਵਿਚੋਂ ਨੱਠਦਾ ਹੈ ਪਰ ਹਰ ਵਾਰ ਉਸਨੂੰ ਪਰਤ ਕੇ ਵਾਪਸ ਇਸੇ ਘਰ ਆਉਣਾ ਪੈਂਦਾ ਹੈ। ਉਹ ਆਪਣੇ ਆਸ-ਪਾਸ ਚਾਰੇ ਤਰਫ਼ ਦੇਖਦਾ ਹੈ ਪਰ ਉਸਨੂੰ ਆਪਣੇ ਵਰਗਾ ਬਦਹਾਲ, ਬਦਕਿਸਮਤ ਨੌਜਵਾਨ ਕੋਈ ਨਹੀਂ ਦਿਸਦਾ। ਉਸਦੇ ਨਾਲ ਜਿਹੜੇ ਦੋ ਮੁੰਡੇ ਘਰੋਂ ਨੱਠ ਕੇ ਗਏ ਸਨ, ਉਹ ਛੇਤੀ ਹੀ ਵਾਪਸ ਮੁੜ ਗਏ ਸਨ। ਹੁਣ ਉਹ ਆਪਣੇ ਪਿੰਡ ਬੜੇ ਚੰਗੇ ਹਾਲ ਵਿਚ ਵਸਦੇ ਹਨ। ਬਿੱਕਰੀ ਦਾ ਤਾਂ ਵਿਆਹ ਹੋ ਗਿਆ ਸੀ ਅਤੇ ਉਸਦੀ ਪਤਨੀ ਕੋਲ ਇਕ ਬੱਚਾ ਵੀ ਸੀ ਪਰੰਤੂ ਲੀਲੂ ਨੂੰ ਆਪਣੀ ਜਾਨ ਦੇ ਵੀ ਲਾਲੇ ਪਏ ਹੋਏ ਹਨ। ਉਸਨੂੰ ਮੋਹ-ਪਿਆਰ ਕਰਨ ਵਾਲੀ ਇੱਕੋ-ਇੱਕ ਉਸਦੀ ਮਾਂ ਹੀ ਸੀ ਪਰ ਉਹ ਵੀ ਉਸਦੀ ਉਡੀਕ ਵਿਚ ਚੱਲਦੀ ਬਣੀ। ਪਿਉ ਵੀ ਬਸ ਜੀਵਨ ਦੇ ਆਖਰੀ ਦਿਨ ਗਿਣ ਰਿਹਾ ਹੈ। ਪਿੰਡ ਵਿਚਲਾ ਉਸਦਾ ਘਰ ਇਕ ਖੋਲੇ ਦੀ ਸ਼ਕਲ ਧਾਰਨ ਕਰ ਚੁੱਕਾ ਹੈ ਜਦੋਂ ਕਿ ਹੋਰ ਲੋਕਾਂ ਨੇ ਪੱਕੇ, ਵੱਡੇ ਅਤੇ ਖੁਲ੍ਹੇ ਮਕਾਨ ਛੱਤ ਲਏ ਹਨ। ਆਪਣੀ ਮਾਂ ਦੇ ਮਰਨ ਉੱਤੇ ਇਕ ਵਾਰ ਜਦੋਂ ਉਹ ਆਪਣੇ ਪਿੰਡ ਜਾਂਦਾ ਹੈ ਤਾਂ ਉਸ ਨੂੰ ਪਿੰਡ ਦਾ ਸਾਰਾ ਆਲਾ-ਦੁਆਲਾ ਅਤੇ ਲੋਕ ਅਜਨਬੀ ਲੱਗਦੇ ਹਨ। ਕਿਸੇ ਦੀ ਨਜ਼ਰ ਵਿਚ ਉਸ ਲਈ ਪਹਿਚਾਣ ਨਹੀਂ ਹੈ, ਨਾ ਕਿਸੇ ਦੇ ਦਿਲ ਵਿਚ ਉਸ ਵਾਸਤੇ ਕੋਈ ਨਿੱਘ ਹੈ। ਫਿਰ ਉਹ ਅਜਿਹੇ ਓਪਰੇ, ਰੁੱਖੇ ਅਤੇ ਅਜਨਬੀ ਆਲੇ-ਦੁਆਲੇ ਵਿਚੇ ਰਹੇ ਤਾਂ ਕਿਵੇਂ ਰਹੇ? ਇਸ ਓਪਰੇ ਬਣੇ ਪਰਿਵੇਸ਼ ਨੂੰ ਲੇਖਕ ਨੇ ਇਸ ਤਰ੍ਹਾਂ ਨਾਲ ਮੂਰਤੀਮਾਨ ਕੀਤਾ ਹੈ:

> ਉਸਦਾ ਤਾਂ ਸਾਰਾ ਆਂਢ-ਗੁਆਂਢ ਹੀ ਬਦਲਿਆ ਪਿਆ ਸੀ।
>
> "ਲੈ ਇਹੀ ਜਗ੍ਹਾ ਕਦੇ ਸਾਲੀ ਭਾਂ-ਭਾਂ ਕਰਦੀ ਸੀ। ਰਾਤ ਨੂੰ ਡਰ ਆਉਂਦਾ ਸੀ, ਖਾਲੀ ਜਗ੍ਹਾ ਤੋਂ। ਹੁਣ ਉਹੀ ਹਵੇਲੀ ਮੇਰੇ ਪਤਿਉਰੇ ਦੀ ਰੱਬ ਨਾਲ ਗੱਲਾਂ ਕਰਦੀ ਐ। ਟੈਮ ਦਾ ਵੀ ਕੋਈ ਪਤਾ ਲੱਗਦੈ, ਜਗ੍ਹਾ-ਜਗ੍ਹਾ ਦੇ ਵੀ ਭਾਗ ਹੁੰਦੇ ਐ, ਆਦਮੀਆਂ ਦੇ ਭਾਗਾਂ ਵਾਂਗੂੰ। ਤੇ ਏਥੇ ਸਾਲਾ ਬਾਪੂ ਆਲਾ ਆਹਾ ਇਕ ਕੋਠਾ ਵੀ ਨਾ ਬਚਿਆ। ਮਾਂ ਤੁਰਗੀ। ਕਦੇ ਆਈਂ ਬਾਪੂ ਤੁਰ ਜੂਗਾ। ਫੇਰ ਪਤਾ ਨ੍ਹੀ ਏਸ ਕੱਚੇ ਕੋਠੇ 'ਚ ਕੌਣ ਰਹੂ? ਪਰ ਕੀਹਨੇ ਰਹਿਣੈ? ਕੀਹਨੇ ਆਉਣੈ ਏਥੇ? ਕਦੇ ਢਹਿ-ਢੂਹ ਜੂ ਮੂਹਰਲੇ ਕੋਠੇ ਵਾਂਗੂੰ ਆਪੇ ਈ। ਕੁੱਤੇ ਭਾਮੇਂ ਆਬਦੇ ਘੋਰਨੇ ਬਣਾ ਲੈਣ।"
>
> (ਪੰਨਾ 70-71)

ਇਸ ਤਰ੍ਹਾਂ ਦਰਸ਼ਨ ਮਿਤਵਾ ਨੇ ਬਿਨਾਂ ਕਿਸੇ ਆਦਰਸ਼ਵਾਦੀ ਨੁੰਮਣੇ ਦੇ ਲੀਲੂ ਦੇ ਦੁਖਾਂਤ ਨੂੰ ਆਲੋਚਨਾਤਮਕ ਵਿਧੀ ਦੁਆਰਾ ਮੂਰਤੀਮਾਨ ਕਰ ਦਿੱਤਾ ਹੈ। ਸਾਡੀਆਂ ਸਰਕਾਰਾਂ, ਸਮਾਜਸੇਵੀ ਸੰਸਥਾਵਾਂ ਅਤੇ ਬਹੁਤ ਸਾਰੇ ਹੋਰ ਸਵੈਸੇਵੀ ਅਦਾਰੇ ਦਾਅਵੇ ਤਾਂ ਬਹੁਤ ਕਰਦੇ ਹਨ ਪਰ ਲੀਲੂ ਵਰਗੇ ਅਨੇਕ ਯੁਵਕਾਂ ਲਈ ਨਾ ਕੋਈ ਆਸਰਾ ਹੈ, ਨਾ ਠਿਕਾਣਾ। ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਦੁਨੀਆਂ

ਦੇ ਸਭ ਤੋਂ ਅਮੀਰ ਲੋਕ ਇੱਥੇ ਭਾਰਤ ਵਿਚ ਹੀ ਵੱਸਦੇ ਹਨ। ਵੱਡੇ-ਵੱਡੇ ਉਦਯੋਗਿਕ ਘਰਾਣੇ ਵਧ-ਫੁੱਲ ਰਹੇ ਹਨ। ਮਧ-ਸ਼੍ਰੇਣੀ ਦਾ ਜੀਵਨ ਪੱਧਰ ਦਿਨ-ਪ੍ਰਤੀ-ਦਿਨ ਉੱਚਾ ਚੜ੍ਹ ਰਿਹਾ ਹੈ ਪਰੰਤੂ ਲੀਲੂ ਵਰਗੇ ਵਿਪੰਨ ਮੁੰਡਿਆਂ ਬਾਰੇ ਕਿਸੇ ਨੂੰ ਕੋਈ ਫ਼ਿਕਰ ਨਹੀਂ ਹੈ। ਮੇਰਾ ਵਿਸ਼ਵਾਸ ਹੈ ਕਿ ਜਿੰਨੀ ਦੇਰ ਲੀਲੂ ਵਰਗੇ ਮੁੰਡਿਆਂ ਦਾ ਮੁਕੱਦਰ ਨਹੀਂ ਬਦਲਦਾ, ਸਾਡੇ ਸਾਰੇ ਪ੍ਰਗਤੀ ਅਤੇ ਖੁਸ਼ਹਾਲੀ ਦੇ ਦਾਅਵੇ ਥੋਥੇ ਅਤੇ ਬੇਮਾਅਨੀ ਹਨ।

◻

ਉਸ ਮੋੜ ਤੋਂ ਗੁਜ਼ਰਦਿਆਂ

ਨਿਮਨ ਮਧਵਰਗ ਦਾ ਦੁਖਾਂਤ

ਦਰਸ਼ਨ ਮਿਤਵਾ ਨੇ ਆਪਣੇ ਨਾਵਲ 'ਉਸ ਮੋੜ ਤੋਂ ਗੁਜ਼ਰਦਿਆਂ' ਵਿਚ ਆਪਣੀ ਗਲਪ-ਦ੍ਰਿਸ਼ਟੀ ਨੂੰ ਸ਼ਹਿਰੀ ਨਿਮਨ ਮਧਵਰਗ ਦੀਆਂ ਵਿਸੰਗਤੀਆਂ, ਮੁਸੀਬਤਾਂ, ਅੰਤਰ ਵਿਰੋਧਾਂ ਅਤੇ ਦੁਸ਼ਵਾਰੀਆਂ ਉੱਤੇ ਕੇਂਦਰਿਤ ਕੀਤਾ ਹੈ। ਉਸ ਦਾ ਇਹ ਨਾਵਲ ਪਹਿਲੀ ਵਾਰ 1995 ਈ. ਵਿਚ 'ਉਸ ਮੋੜ ਸੇ ਗੁਜ਼ਰਤੇ ਹੂਏ' ਦੇ ਸ਼ੀਰਸ਼ਕ ਅਧੀਨ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਹੋਇਆ ਸੀ। ਸ਼ਾਇਦ ਉਸ ਨੂੰ ਇਉਂ ਅਨੁਭਵ ਹੋਇਆ ਹੋਵੇ ਕਿ ਪੰਜਾਬੀ ਵਿਚ ਅਜੇ ਇਸ ਕਿਸਮ ਦੀਆਂ ਰਚਨਾਵਾਂ ਦਾ ਕੋਈ ਸਥਾਨ (ਸਕੋਪ) ਨਹੀਂ ਹੈ। ਹੌਲੀ-ਹੌਲੀ ਉਸ ਨੂੰ ਪੰਜਾਬੀ ਅਤੇ ਪੰਜਾਬੀ ਭਾਸ਼ਾ ਲਈ ਵੀ ਇਸ ਨਾਵਲ ਦੀ ਪ੍ਰਾਸੰਗਿਕਤਾ ਮਹਿਸੂਸ ਹੋਈ ਅਤੇ ਪੰਜ ਕੁ ਵਰ੍ਹੇ ਬਾਅਦ 2000 ਈ. ਵਿਚ (ਇੱਕੀਵੀਂ ਸਦੀ ਦਾ ਆਰੰਭ) ਉਸਨੇ ਇਹ ਨਾਵਲ ਪੰਜਾਬੀ ਵਿਚ ਵੀ ਪ੍ਰਕਾਸ਼ਿਤ ਕਰ ਦਿੱਤਾ। ਇਸ ਨਾਵਲ ਦੀ ਰਚਨਾ-ਪ੍ਰਕ੍ਰਿਆ ਦੌਰਾਨ ਲੇਖਕ ਬਹੁਤ ਸਾਰੀ ਜ਼ੇਹਨੀ ਕਸ਼ਮਕਸ਼ ਵਿਚੋਂ ਗੁਜ਼ਰਿਆ। ਉਹ ਲਿਖਦਾ ਹੈ, "ਕਾਫ਼ੀ ਲੰਬਾ ਸਮਾਂ ਪਹਿਲਾਂ ਮੈਂ ਇਹ ਨਾਵਲ ਲਿਖਣਾ ਸ਼ੁਰੂ ਕੀਤਾ ਸੀ। ਕੁਲ ਮਿਲਾ ਕੇ ਕਿੰਨਾ ਕੁ ਸਮਾਂ ਲੱਗਿਆ, ਕੁਛ ਹਿਸਾਬ ਨਹੀਂ। ਬੱਸ ਇੰਨਾ ਹੀ ਯਾਦ ਹੈ ਕਿ ਜਦੋਂ ਇਹ ਨਾਵਲ ਮੁਕੰਮਲ ਕਰ ਕੇ ਮੈਂ ਪਾਤਰਾਂ ਦੀ ਮਾਨਸਿਕਤਾ ਵਿਚੋਂ ਬਾਹਰ ਨਿਕਲਿਆ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੈਂ ਸੱਚਮੁੱਚ ਇਕ ਪੂਰੀ ਮਨੁਖ ਜੂਨੀ ਭੋਗ ਲਈ ਹੈ।" (ਪੰਨਾ 6)

ਇਸ ਨਾਵਲ ਦਾ ਬ੍ਰਿਤਾਂਤ ਬਹੁਤ ਸੰਘਣਾ ਅਤੇ ਆਪਹੁਦਰਾ ਹੈ। ਇਸ ਵਿਚਲੇ ਪਾਤਰ ਲੇਖਕ ਦੀ ਪਕੜ ਤੋਂ ਬਾਹਰ ਨਿਕਲਣ ਵਾਸਤੇ ਧੁਰਲੀਆਂ ਮਾਰਦੇ ਹੋਣਗੇ ਪਰੰਤੂ ਕਿਉਂਕਿ ਲੇਖਕ ਦਾ ਫੋਕਸ ਬੜਾ ਸਾਫ਼ ਅਤੇ ਸਪਸ਼ਟ ਸੀ, ਇਸ ਕਾਰਨ ਪਾਤਰਾਂ ਦੀ ਸੁਤੰਤਰਤਾ ਅਤੇ ਲੇਖਕ ਦੇ ਨਜ਼ਰੀਏ ਵਿਚ ਇਕ ਸੰਤੁਲਨ ਬਣਿਆ ਰਿਹਾ। ਇਸ ਸੰਤੁਲਨ ਦੇ ਕਾਰਨ ਨਾ ਤਾਂ ਪਾਤਰ ਲੇਖਕ ਦੇ ਹੱਥਾਂ ਵਿਚ ਕਠਪੁਤਲੀ ਬਣੇ ਅਤੇ ਨਾ ਹੀ ਲੇਖਕ ਉਨ੍ਹਾਂ ਦੀ ਨਿਰੰਕੁਸ਼ਤਾ ਦਾ ਮੂਕ ਦਰਸ਼ਕ ਬਣਿਆ ਰਿਹਾ। ਦਰਸ਼ਨ ਮਿਤਵਾ ਆਪਣੇ ਰਚਨਾ-ਧਰਮ ਵਿਚ ਪੂਰੀ ਤਰ੍ਹਾਂ ਖੁੱਭ ਕੇ ਕਿਸੇ ਕ੍ਰਿਤ ਦੀ ਸਿਰਜਣਾ ਕਰਦਾ ਹੈ। ਇਸ ਪ੍ਰਸੰਗ ਵਿਚ ਉਸਦਾ ਇਕ ਆਤਮ-ਕਥਨ ਵੇਖੋ:

> ਲਿਖਦੇ ਸਮੇਂ ਦਿਨ, ਤਾਰੀਖ ਅਤੇ ਸਮੇਂ ਦਾ ਮੈਨੂੰ ਕੋਈ ਖ਼ਿਆਲ ਨਹੀਂ ਰਹਿੰਦਾ। ਉਸ ਸਮੇਂ ਮੈਂ ਆਪਣੇ ਸ਼ਹਿਰ, ਸ਼ਹਿਰ ਦੇ ਲੋਕਾਂ, ਘਰ ਅਤੇ ਪਰਿਵਾਰ ਤੋਂ

> ਬਿਲਕੁਲ ਟੁੱਟ ਜਾਂਦਾ ਹਾਂ। ਪਰ ਇਕੱਲਾ ਹੁੰਦੇ ਹੋਏ ਵੀ ਮੈਂ ਇਕੱਲਾ ਨਹੀਂ ਹੁੰਦਾ। ਉਸ ਸਮੇਂ ਬੰਦ ਕਮਰੇ ਵਿਚ ਮੈਂ ਹੁੰਦਾ ਹਾਂ ਅਤੇ ਮੇਰੇ ਪਾਤਰਾਂ ਦੀ ਭੀੜ ਹੁੰਦੀ ਹੈ। ਉਸੇ ਭੀੜ ਵਿਚ ਮੈਂ ਸਾਹ ਲੈਂਦਾ ਹਾਂ ਅਤੇ ਉਸੇ ਭੀੜ ਨੂੰ ਜਿਉਂਦਾ ਹਾਂ। ਇਸ ਨਾਵਲ ਦਾ ਪਾਤਰ ਬੰਸੂ ਹੋਵੇ ਜਾਂ ਤਿਲੋਕੀ, ਉਹਨਾਂ ਦੀ ਟੁਕੜੇ-ਟੁਕੜੇ ਮਾਨਸਿਕਤਾ ਵਿਚੋਂ ਗੁਜ਼ਰਦਾ ਹੋਇਆ ਮੈਂ ਉਹਨਾਂ ਜਿਹੀ ਸਥਿਤੀ ਭੋਗਦਾ ਹਾਂ, ਉਹਨਾਂ ਦਾ ਜੀਵਨ ਜਿਉਂਦਾ ਹਾਂ। ਉਸ ਸਮੇਂ ਮੇਰਾ 'ਮੈਂ', 'ਨਿੱਜ', ਮੇਰਾ ਨਹੀਂ ਰਹਿੰਦਾ। ਮੇਰਾ 'ਮੈਂ' ਉਹਨਾਂ ਪਾਤਰਾਂ ਵਿਚ ਘੁਲ-ਮਿਲ ਜਾਂਦਾ ਹੈ। .... ਉਹਨਾਂ ਦੀ ਪੀੜ ਮੇਰੀ ਆਪਣੀ ਪੀੜ ਹੈ। ਉਹਨਾਂ ਦੀ ਹੋਣੀ ਮੇਰੀ ਆਪਣੀ ਹੋਣੀ ਹੈ। (ਪੰਨੇ 6)

ਸਹੁਰੇ ਉਸ ਨੂੰ ਘਰੋਂ ਕੱਢ ਦਿੰਦੇ ਹਨ। ਇਉਂ ਪਰਿਵਾਰ ਦੀਆਂ ਮੁਸ਼ਕਿਲਾਂ ਨਾਲ ਇਕ ਹੋਰ ਅਧਿਆਇ ਜੁੜ ਜਾਂਦਾ ਹੈ। ਬੰਸੂ ਉੱਪਰ ਵੀ ਦਬਾਉ ਵਧ ਜਾਂਦੇ ਹਨ।

ਦੂਜੀ ਤਰਫ਼ ਤਿਲੋਕੀ ਦਾ ਜੀਵਨ ਖੁਸ਼ੀ-ਖੁਸ਼ੀ ਬੀਤ ਰਿਹਾ ਸੀ। ਫਿਰ ਇਕ ਦਿਨ ਗੁਆਂਢੀਆਂ ਦੀ ਇਕ ਸਕੂਲ ਪੜ੍ਹਦੀ ਮੁਟਿਆਰ ਕੁੜੀ 'ਸ਼ਿੰਦਰ' ਚਾਦਰਾਂ ਉੱਤੇ ਵੇਲ-ਬੂਟਿਆਂ ਦੀ ਛਪਾਈ ਲਈ ਦੁਕਾਨ ਤੇ ਆ ਜਾਂਦੀ ਹੈ। ਤਿਲੋਕੀ ਉਸ ਉੱਤੇ ਮੋਹਿਤ ਹੋ ਜਾਂਦਾ ਹੈ। ਸ਼ਿੰਦਰ ਤਾਂ ਛਪਾਈ ਕਰਵਾ ਕੇ ਤੁਰਦੀ ਬਣਦੀ ਹੈ ਪਰ ਤਿਲੋਕੀ ਦੇ ਜੀਵਨ ਦੀ ਸ਼ਾਂਤੀ ਭੰਗ ਹੋ ਜਾਦੀ ਹੈ। ਉਹ ਹਰ ਸਮੇਂ ਉਸ ਨੂੰ ਪ੍ਰਾਪਤ ਕਰਨ ਦੀਆਂ ਸਕੀਮਾਂ ਸੋਚਦਾ ਰਹਿੰਦਾ ਹੈ। ਕਦੇ ਉਸਨੂੰ ਪ੍ਰੇਮ-ਪੱਤਰ ਫੜਾਉਣ ਦੀ ਸਕੀਮ ਬਣਾਉਂਦਾ ਹੈ। ਕਦੇ 'ਵਸ਼ੀਕਰਣ ਮੰਤਰਾਂ' ਦੀਆਂ ਪੁਸਤਕਾਂ ਪੜ੍ਹ ਕੇ ਉਸਦਾ ਦਿਲ ਜਿੱਤਣ ਦੇ ਯਤਨ ਕਰਦਾ ਹੈ ਅਤੇ ਕਦੇ ਸ਼ਿੰਦਰ ਦੇ ਘਰ ਸਾਹਮਣੇ ਸਥਿਤ ਗੀਤ-ਸੰਗੀਤ ਦੀ ਇਕ ਦੁਕਾਨ ਵਿਚ ਬੈਠ ਕੇ ਉਸ ਨੂੰ ਮਿਲਣ ਦੀਆ ਕੋਸ਼ਿਸ਼ਾਂ ਕਰਦਾ ਹੈ ਪਰ ਉਸ ਦੇ ਸਾਰੇ ਯਤਨ ਬੇਕਾਰ ਸਿੱਧ ਹੁੰਦੇ ਹਨ। ਤਿਲੋਕੀ ਦੀ ਦੁਕਾਨ ਵਿਚ ਦਿਲਚਸਪੀ ਬਹੁਤ ਘਟ ਜਾਂਦੀ ਹੈ। ਮਾਂ-ਬਾਪ ਬਹੁਤ ਦੁਖੀ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚ ਉਸਦੀ ਵਿਆਹੀ- ਭੈਣ ਕ੍ਰਿਸ਼ਨਾ ਘਰੇ ਫੇਰਾ ਮਾਰਦੀ ਹੈ। ਉਸ ਨੂੰ ਤਿਲੋਕੀ ਦੀ ਸਾਰੀ ਹਕੀਕਤ ਸਮਝ ਆ ਜਾਂਦੀ ਹੈ। ਉਹ ਆਪਣੇ ਮਾਪਿਆਂ ਨੂੰ ਤਿਲੋਕੀ ਦਾ ਵਿਆਹ ਕਰ ਦੇਣ ਲਈ ਆਖਦੀ ਹੈ ਅਤੇ ਆਪ ਹੀ ਇਕ ਕੁੜੀ ਅਨੀਤਾ ਦਾ ਸਾਕ ਲਿਆ ਕੇ ਉਸਦਾ ਵਿਆਹ ਕਰਾ ਦਿੰਦੀ ਹੈ। ਭਾਵੇਂ ਅਨੀਤਾ ਇਕ ਚੰਗੀ ਮੂੰਹ-ਮੱਥੇ ਲਗਦੀ ਕੁੜੀ ਹੈ ਪਰੰਤੂ ਤਿਲੋਕੀ ਦੇ ਦਿਲ ਵਿਚ ਸ਼ਿੰਦਰ ਵਸੀ ਹੋਈ ਸੀ। ਪ੍ਰੇਮ ਦੇ ਰੋਮਾਂਟਿਕ ਅਨੁਭਵ ਕਾਰਨ ਅਨੀਤਾ, ਤਿਲੋਕੀ ਨੂੰ ਪਸੰਦ ਨਹੀਂ ਆਉਂਦੀ। ਉਹ ਉਸ ਤੋਂ ਪਰ੍ਹੇ-ਪਰ੍ਹੇ ਰਹਿੰਦਾ ਹੈ ਅਤੇ ਉਸ ਨੂੰ ਬੁਲਾਉਂਦਾ-ਚੁਲਾਉਂਦਾ ਵੀ ਨਹੀਂ। ਆਖਰ ਕੁਝ ਸਮਾਂ ਇਹੋ ਜਿਹੀ ਬੇਰੁਖ਼ੀ ਸਹਿਣ ਤੋਂ ਪਿੱਛੋਂ ਅਨੀਤਾ ਆਪਣੇ ਪੇਕੇ ਚਲੀ ਜਾਂਦੀ ਹੈ। ਤਿਲੋਕੀ ਉਸ ਦੇ ਚਲੇ ਜਾਣ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਉਧਰ ਬੰਸੂ ਵੀ ਦਿਨੋ-ਦਿਨ ਮੁਸ਼ਕਿਲਾਂ ਵਿਚ ਡੂੰਘਾ ਘਿਰਦਾ ਚਲਾ ਜਾਂਦਾ ਹੈ। ਉਸਦਾ ਪਿਤਾ ਜੇਠੂ ਬੀਮਾਰ ਹੋ ਕੇ ਮੰਜੇ ਨਾਲ ਜੁੜ ਜਾਂਦਾ ਹੈ। ਵੱਡੀ

ਭੈਣ ਬਿਮਲਾ ਵਿਧਵਾ ਹੋ ਕੇ ਘਰ ਬੈਠੀ ਹੈ, ਛੋਟੀ ਭੈਣ ਲਈ ਕੋਈ ਵਰ ਨਹੀਂ ਲੱਭਦਾ ਅਤੇ ਮਾਂ ਦੀ ਹਾਲਤ ਵੀ ਦਿਨੋ-ਦਿਨ ਵਿਗੜਨ ਲੱਗਦੀ ਹੈ। ਬੰਸੂ ਇਸ ਚੱਕਰ ਵਿਚ ਪੂਰੀ ਤਰ੍ਹਾਂ ਪਿਸ ਜਾਂਦਾ ਹੈ। ਉਹ ਆਪਣੀ ਪਤਨੀ ਕਾਂਤਾ ਨੂੰ ਪਿਆਰ ਕਰਨ ਵਾਸਤੇ ਕੋਈ ਸਮਾਂ ਨਹੀਂ ਕੱਢ ਸਕਦਾ। ਦਿਨ ਭਰ ਦੀ ਕਠੋਰ ਮੁਸ਼ੱਕਤ ਪਿੱਛੋਂ ਰਾਤ ਨੂੰ ਉਸ ਵਿਚ ਏਨੀ ਸੱਤਿਆ ਹੀ ਨਹੀਂ ਰਹਿੰਦੀ ਕਿ ਉਹ ਕਾਂਤਾ ਨਾਲ ਪਿਆਰ-ਮੁਹੱਬਤ ਦੀ ਕੋਈ ਗੱਲ ਕਰ ਸਕੇ। ਜਿਸ ਕਾਰਨ ਕਾਂਤਾ ਵੀ ਕੁੰਠਿਤ ਰਹਿਣ ਲੱਗਦੀ ਹੈ। ਇਨ੍ਹਾਂ ਦਿਨਾਂ ਵਿਚ ਨਿਰਮਲਾ ਲਈ ਇਕ ਰਿਸ਼ਤੇ ਦੀ ਦੱਸ ਪੈਂਦੀ ਹੈ। ਇਹ ਰਿਸ਼ਤਾ ਪ੍ਰਵਾਨ ਵੀ ਚੜ੍ਹ ਜਾਂਦਾ ਹੈ ਪਰ ਨਿਰਮਲਾ ਦਾ ਵਿਆਹ ਕਰਨ ਦੇ ਸਿਲਸਿਲੇ ਵਿਚ ਪੈਸੇ ਇਕੱਠੇ ਕਰਨ ਲਈ ਬੰਸੂ ਨੂੰ ਆਪਣੀ ਦੁਕਾਨ ਵੇਚਣੀ ਪੈ ਜਾਂਦੀ ਹੈ। ਉਸਦੇ ਰੁਜ਼ਗਾਰ ਦਾ ਟਿਕਾਣਾ ਖੁੱਸ ਜਾਂਦਾ ਹੈ ਅਤੇ ਹੁਣ ਉਹ ਤੁਰ ਫਿਰ ਕੇ ਕੁਲਫੀਆਂ ਜਾਂ ਸਬਜ਼ੀ ਵੇਚਣ ਦਾ ਕੰਮ ਕਰਨ ਲੱਗ ਪੈਂਦਾ ਹੈ। ਪਰ ਇਸ ਕੰਮ ਵਿਚ ਮਿਹਨਤ ਬਹੁਤ ਜ਼ਿਆਦਾ ਸੀ ਅਤੇ ਕਮਾਈ ਬਹੁਤ ਘੱਟ ਸੀ। ਇਸ ਕਾਰਨ ਬੰਸੂ ਹੋਰ ਵੀ ਨਪੀੜਿਆ ਜਾਂਦਾ ਹੈ।

ਹੁਣ ਤਿਲੋਕੀ ਅਤੇ ਬੰਸੂ ਦੋਵੇਂ ਜ਼ਿੰਦਗੀ ਦੀ ਧਾਰਾ ਤੋਂ ਉਖੜ ਜਿਹੇ ਜਾਂਦੇ ਹਨ। ਉਨ੍ਹਾਂ ਨੂੰ ਇਕ-ਦੂਜੇ ਤੋਂ ਨਿਖੜਿਆਂ ਪੰਦਰਾਂ-ਸੋਲਾਂ ਸਾਲ ਗੁਜ਼ਰ ਚੁਕੇ ਹੁੰਦੇ ਹਨ। ਪਰਸਥਿਤੀਆਂ ਇਕ ਵਾਰ ਫੇਰ ਦੋਹਾਂ ਨੂੰ ਨਜ਼ਦੀਕ ਲੈ ਆਉਂਦੀਆਂ ਹਨ। ਤਿਲੋਕੀ ਬੰਸੂ ਦੇ ਪਿਤਾ ਦਾ ਹਾਲ-ਚਾਲ ਪੁੱਛਣ ਲਈ ਆਉਂਦਾ ਰਹਿੰਦਾ ਹੈ ਅਤੇ ਉਸ ਨੂੰ ਆਰਥਿਕ ਸਹਾਇਤਾ ਦੀ ਪੇਸ਼ਕਸ਼ ਵੀ ਕਰਦਾ ਹੈ ਪਰੰਤੂ ਬੰਸੂ ਉਸਦੀ ਪੇਸ਼ਕਸ਼ ਸਵੀਕਾਰ ਨਹੀਂ ਕਰਦਾ। ਆਖਰ ਬੰਸੂ ਦੇ ਪਿਤਾ ਜੇਠੂ ਦੀ ਮੌਤ ਹੋ ਜਾਦੀ ਹੈ। ਬੰਸੂ ਦੀ ਭੈਣ ਬਿਮਲਾ ਆਪਣਾ ਬਹੁਤਾ ਵਕਤ ਕੁੜੀਆਂ ਨੂੰ ਸਿਲਾਈ-ਕਢਾਈ ਸਿਖਾਉਣ ਦੇ ਇਕ ਸੈਂਟਰ ਅਤੇ ਇਕ ਸਾਧਵੀ ਆਸ਼ਰਮ ਵਿਚ ਬਿਤਾਉਂਦੀ ਹੈ। ਮਾਂ ਵੀ ਸੈਂਟਰ ਵਿਚ ਚਲੀ ਜਾਂਦੀ ਹੈ ਅਤੇ ਪਿੱਛੇ ਘਰ ਵਿਚ ਇਕੱਲੀ ਕਾਂਤਾ (ਬੰਸੂ ਦੀ ਪਤਨੀ) ਹੀ ਰਹਿ ਜਾਂਦੀ ਹੈ। ਕਦੇ-ਕਦਾਈਂ ਤਿਲੋਕੀ ਬੰਸੂ ਨੂੰ ਮਿਲਣ ਵਾਸਤੇ ਆਉਂਦਾ ਹੈ। ਕਈ ਵਾਰ ਘਰ ਵਿਚ ਕੇਵਲ ਕਾਂਤਾ ਹੀ ਹੁੰਦੀ ਹੈ। ਕਾਂਤਾ ਅਤੇ ਤਿਲੋਕੀ ਦਰਮਿਆਨ ਮੁਹੱਬਤ ਦਾ ਇਕ ਮਾਸੂਮ ਜਿਹਾ ਰਿਸ਼ਤਾ ਉੱਸਰਨ ਲੱਗ ਪੈਂਦਾ ਹੈ। ਦੋਵੇਂ ਆਪਣੀ-ਆਪਣੀ ਤਨਹਾਈ ਦੇ ਮਾਰੇ ਹੁੰਦੇ ਹਨ। ਇਸ ਕਾਰਨ ਦੋਹਾਂ ਦੇ ਦਰਮਿਆਨ ਆਤਮੀਯਤਾ ਦਾ ਇਕ ਪੁਲ ਉੱਸਰਨ ਲੱਗ ਪੈਂਦਾ ਹੈ। ਦਰਸ਼ਨ ਮਿਤਵਾ ਨੇ ਦੋਹਾਂ ਦੀਆਂ ਇਕ-ਦੂਜੇ ਨਾਲ ਮਿਲਣੀਆਂ ਰਾਹੀਂ ਇਸ ਰਿਸ਼ਤੇ ਦੀ ਉਸਾਰੀ ਅਤੇ ਪੇਸ਼ਕਾਰੀ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤੀ ਹੈ। ਦੇਖੋ:

> ਕਾਂਤਾ ਇਕੱਲੀ ਹੀ ਨਲਕੇ ਕੋਲ ਬੈਠੀ ਆਪਣੇ ਪੈਰ ਪਾਣੀ ਦੇ ਬੱਠਲ ਵਿਚ ਰੱਖ ਹੱਥ-ਮੂੰਹ ਧੋ ਰਹੀ ਸੀ। ਬਾਹਾਂ ਨੂੰ ਉਸਨੇ ਸਾਬਣ ਮਲ-ਮਲ ਧੋਇਆ। ਆਪਣੇ ਪੈਰ ਝਾਵੇਂ ਨਾਲ ਖੁਰਚ-ਖੁਰਚ ਕੇ ਲਾਲ ਕਰ ਲਏ ਸਨ। ਆਪਣੀ ਸਲਵਾਰ ਉਸਨੇ ਗੋਡਿਆਂ ਤੱਕ ਚੁੱਕੀ ਹੋਈ ਸੀ। ਉਸਦੀਆਂ ਪਿੰਜਣੀਆਂ ਗੋਰੀਆਂ-ਗੋਰੀਆਂ

ਚਮਕ ਰਹੀਆਂ ਸਨ।

"ਬੰਸੂ ਗਿਆ ਹੋਇਐ ਕਿਤੇ?" ਤਿਲੋਕੀ ਨੇ ਦੁਹਰਾ ਕੇ ਪੁੱਛਿਆ ਉਸਨੇ ਉਸਦੀਆਂ ਚਮਕਦੀਆਂ ਗੋਰੀਆਂ ਪਿੰਜਣੀਆਂ ਵੱਲ ਵੀ ਦੇਖਿਆ।

"ਏਥੇ ਈ ਕਿਤੇ ਕਿਸੇ ਕੋਲ ਖੜ੍ਹਾ ਹੋਊ ਬਾਹਰ....।" ਕਾਂਤਾ ਨੇ ਸੁਭਾਇਕੀ ਜਵਾਬ ਦਿੱਤਾ। ਉਹ ਅਜੇ ਵੀ ਜਿਵੇਂ ਚਹੁੰਆਂ ਪਾਸਿਆਂ ਤੋਂ ਬੇਖ਼ਬਰ ਸੀ, ਕਿਸੇ ਤਿਲਸਮ ਵਿਚ ਬੱਝੀ ਜਿਹੀ। ਫੇਰ ਜਿਵੇਂ ਅਚਾਨਕ ਹੀ ਉਹਨੂੰ ਖ਼ਿਆਲ ਆਇਆ, ਉਸਨੇ ਤਿਲੋਕੀ ਵੱਲ ਤੱਕਿਆ। ਉਹ ਟਿਕਟਿਕੀ ਬੰਨ੍ਹੀ ਉਸਦੀਆਂ ਟੰਗਾਂ ਦੇਖ ਰਿਹਾ ਸੀ। ਉਸਨੂੰ ਆਪਣੀਆਂ ਟੰਗਾਂ ਨਿਹਾਰਦੇ ਦੇਖ ਕਾਂਤਾ ਨੇ ਸ਼ਰਮ ਨਾਲ ਅੱਖਾਂ ਨੀਵੀਂਆਂ ਕਰ ਲਈਆਂ। ਤਿਲੋਕੀ ਵੀ ਸ਼ਰਮਸਾਰ ਜਿਹਾ ਹੋ ਗਿਆ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ। ਪਰ ਕਾਂਤਾ ਤਾਂ ਉਵੇਂ ਜਿਵੇਂ ਆਪਣੀਆਂ ਪਿੰਜਣੀਆਂ ਉਤੇ ਬੁੱਕ ਭਰ-ਭਰ ਪਾਣੀ ਪਾਉਂਦੀ ਰਹੀ....

ਤਿਲੋਕੀ ਅਜੇ ਵੀ ਉਵੇਂ ਜਿਵੇਂ ਖੜ੍ਹਾ ਸੀ। ਇਸ ਤਰ੍ਹਾਂ ਖੜ੍ਹੇ ਰਹਿਣਾ ਉਸਨੂੰ ਆਪਣੇ-ਆਪ ਨੂੰ ਬੇਸ਼ਕ ਬੁਰਾ-ਬੁਰਾ ਲੱਗਿਆ, ਫੇਰ ਵੀ ਉਸਦਾ ਮਨ ਕਰਦਾ ਸੀ ਕਿ ਉਹ ਉਵੇਂ ਜਿਵੇਂ ਖੜ੍ਹਾ ਰਹੇ। (ਪੰਨੇ 129-130)

ਤਿਲੋਕੀ ਅਤੇ ਕਾਂਤਾ ਨੂੰ ਇਸ ਵਰਜਿਤ ਰਿਸ਼ਤੇ ਤੱਕ ਪਹੁੰਚਾਉਣ ਲਈ ਕਿੰਨੇ ਸਾਰੇ ਤੱਥ ਜ਼ਿੰਮੇਵਾਰ ਬਣੇ। ਇਨ੍ਹਾਂ ਵਿਚ ਸਭ ਤੋਂ ਪਹਿਲਾ ਤੱਥ ਸੀ -- ਕਾਂਤਾ ਦਾ ਇਕ ਬੱਚੇ ਦੀ ਪ੍ਰਾਪਤੀ ਲਈ ਸਹਿਕਣਾ। ਕਾਂਤਾ ਆਪਣੇ ਵਿਆਹ ਤੋਂ ਅੱਠ-ਦਸ ਵਰ੍ਹੇ ਬਾਅਦ ਵੀ ਮਾਂ ਨਹੀਂ ਸੀ ਬਣੀ। ਮਾਂ ਬਣਨ ਦੀ ਖਾਤਰ ਉਸ ਨੇ ਦਵਾ-ਦਾਰੂ ਲਈ, ਪੀਰਾਂ-ਫਕੀਰਾਂ ਦੀ ਦਰਗਾਹ ਤੇ ਗਈ ਅਤੇ ਹੋਰ ਵੀ ਬਹੁਤ ਸਾਰੇ ਓੜ੍ਹ-ਪੋੜ੍ਹ ਕੀਤੇ। ਉਸਦੇ ਪਤੀ ਬੰਸੂ ਨੂੰ ਕਿਸੇ ਡਾਕਟਰ ਨੇ ਦੱਸ ਦਿੱਤਾ ਸੀ ਕਿ ਉਹ ਪਿਤਾ ਬਣਨ ਦੇ ਯੋਗ ਨਹੀਂ ਹੈ। ਸ਼ਾਇਦ ਇਸ ਗੱਲ ਦਾ ਵੀ ਕਾਂਤਾ ਨੂੰ ਪਤਾ ਲੱਗ ਗਿਆ ਸੀ। ਇਸ ਤੋਂ ਬਿਨਾਂ ਨਿਰਮਲਾ ਦੀ ਸ਼ਾਦੀ ਹੋ ਜਾਣ ਉਪਰੰਤ ਉਹ ਘਰ ਵਿਚ ਲਗਪਗ ਇਕੱਲੀ ਹੀ ਰਹਿੰਦੀ ਸੀ। ਬਿਮਲਾ ਅਤੇ ਉਸਦੀ ਸੱਸ ਬਹੁਤਾ ਸਮਾਂ ਸਿਲਾਈ ਸੈਂਟਰ ਵਿਚ ਗੁਜ਼ਾਰਦੀਆਂ ਸਨ ਜਦੋਂ ਕਿ ਬੰਸੂ ਸਾਰਾ-ਸਾਰਾ ਦਿਨ ਰੋਜ਼ਗਾਰ ਦੇ ਕਾਰਨ ਘਰ ਤੋਂ ਬਾਹਰ ਰਹਿੰਦਾ ਸੀ। ਇਸ ਸਥਿਤੀ ਵਿਚ ਕਾਂਤਾ ਲਈ ਇਕਲਾਪੇ ਦਾ ਇਹਸਾਸ ਬਹੁਤ ਦੁਖਦਾਈ ਅਤੇ ਜਾਨਲੇਵਾ ਹੋ ਨਿੱਬੜਿਆ ਸੀ। ਇਕਲਾਪੇ ਦੀ ਇਸੇ ਸਥਿਤੀ ਕਾਰਨ ਉਸ ਨੂੰ ਦੌਰੇ ਵੀ ਪੈਣ ਲੱਗ ਪਏ ਸਨ। ਉਸਨੂੰ ਇਉਂ ਲੱਗਦਾ ਸੀ ਜਿਵੇਂ ਉਸਦਾ ਸਹੁਰਾ ਜੇਠੂ ਮਰਨ ਤੋਂ ਬਾਅਦ ਵੀ ਉਸਦੀ ਛਾਤੀ ਉਤੇ ਸਵਾਰ ਰਹਿੰਦਾ ਹੈ ਅਤੇ ਉਸਨੂੰ ਮਾਂ ਨਹੀਂ ਬਣਨ ਦਿੰਦਾ। ਮਰਨ ਤੋਂ ਪਹਿਲਾਂ ਜੇਠੂ ਕਿੰਨੇ ਵਰ੍ਹੇ ਬੀਮਾਰ ਪਿਆ ਰਿਹਾ ਸੀ ਅਤੇ ਬੰਸੂ ਦਾ ਸਾਰਾ ਵਕਤ ਉਸੇ ਦੀ ਤੀਮਾਰਦਾਰੀ ਵਿਚ ਗੁਜ਼ਰ ਜਾਂਦਾ ਸੀ। ਇਹ ਵਰ੍ਹੇ ਬੰਸੂ ਦਾ ਪੌਰੁਸ਼ਤਵ ਖੋਹ ਕੇ ਲੈ ਗਏ ਸਨ। ਹੁਣ ਉਸ ਵਿਚ ਏਨੀ ਸੱਤਿਆ ਬਾਕੀ ਨਹੀਂ ਸੀ ਬਚੀ ਕਿ ਉਹ ਕਾਂਤਾ ਦੀ ਕੁੱਖ ਵਿਚ ਕਿਸੇ ਬੱਚੇ ਦਾ ਬੀਜ ਆਰੋਪਿਤ ਕਰ ਦੇਵੇ। ਕਾਂਤਾ ਦੀ ਮਾਂ ਬਣਨ ਦੀ ਤਾਂਘ ਉਸਨੂੰ ਤਿਲੋਕੀ ਵੱਲ ਆਕ੍ਰਸ਼ਿਤ

ਕਰ ਦਿੰਦੀ ਹੈ। ਕਾਂਤਾ ਏਨੀ ਆਪਹੁਦਰੀ ਜਾਂ ਚਰਿਤਰਹੀਣ ਔਰਤ ਨਹੀਂ ਸੀ ਕਿ ਉਹ ਸੈਕਸ ਦੀ ਲੱਜ਼ਤ ਵਾਸਤੇ ਕਿਸੇ ਵੀ ਅਨਯ-ਪੁਰਸ਼ ਨਾਲ ਰਿਸ਼ਤਾ ਜੋੜ ਲਵੇ। ਉਸਨੂੰ ਤਿਲੋਕੀ ਬਹੁਤ ਵਿਚਾਰਾ ਜਿਹਾ ਵਿਅਕਤੀ ਜਾਪਿਆ ਜਿਸਨੂੰ ਉਸਦੀ ਚਿਤਵੀ ਹੋਈ ਪ੍ਰੇਮਿਕਾ ਸ਼ਿੰਦਰ ਨਹੀਂ ਸੀ ਮਿਲ ਸਕੀ ਅਤੇ ਪਤਨੀ ਅਨੀਤਾ ਨੂੰ ਉਹ ਆਪ ਛੱਡ ਬੈਠਾ ਸੀ। ਹੁਣ ਉਹ ਜਾਵੇ ਤਾਂ ਕਿਥੇ ਜਾਵੇ? ਕਾਂਤਾ ਦੀ ਤਿਲੋਕੀ ਪ੍ਰਤੀ ਇਹ ਸਹਾਨੁਭੂਤੀ ਹੀ ਉਨ੍ਹਾਂ ਦੋਹਾਂ ਦੇ ਦਰਮਿਆਨ ਪ੍ਰੇਮ ਭਾਵ ਅੰਕੁਰਿਤ ਕਰਨ ਲਈ ਜ਼ਿੰਮੇਵਾਰ ਬਣੀ, ਨਹੀਂ ਤਾਂ ਪਹਿਲਾਂ ਦੋਹਾਂ ਨੇ ਕਦੇ ਇਕ-ਦੂਸਰੇ ਨੂੰ ਬੁਰੀ/ਵਾਸਨਾ ਭਰਪੂਰ ਨਜ਼ਰ ਨਾਲ ਤੱਕਿਆ ਵੀ ਨਹੀਂ ਸੀ। ਇਉਂ ਦਰਸ਼ਨ ਮਿਤਵਾ ਦਰਸਾਉਂਦਾ ਹੈ ਕਿ ਬਹੁਤੀ ਵਾਰ ਸਹਾਨੁਭੂਤੀ ਹੀ ਆਪਸੀ ਪ੍ਰੇਮ ਜਾਂ ਆਕ੍ਰਸ਼ਣ ਨੂੰ ਉਤਪੰਨ ਕਰਦੀ ਹੈ। ਸਾਡੇ ਨਿਮਨ ਮਧਵਰਗੀ ਪਰਿਵਾਰਾਂ ਵਿਚ ਸਹਾਨੁਭੂਤੀ ਦੀ ਇਹ ਭਾਵਨਾ ਹੀ ਇਸ ਤਰ੍ਹਾਂ ਦੇ ਵਰਜਿਤ ਰਿਸ਼ਤਿਆਂ ਦੀ ਉਤਪੱਤੀ ਲਈ ਜ਼ਿੰਮੇਵਾਰ ਸਿੱਧ ਹੁੰਦੀ ਹੈ।

ਦੂਸਰੀ ਤਰਫ਼ ਤਿਲੋਕੀ ਵੀ ਔਰਤ ਦੇ ਸਾਥ/ਸਹਿਵਾਸ ਲਈ ਸਹਿਕਿਆ ਪਿਆ ਸੀ। ਉਹ ਪਿਛਲੇ ਕਈ ਸਾਲਾਂ ਤੋਂ ਸ਼ਿੰਦਰ ਨਾਮ ਦੀ ਕੁੜੀ ਨੂੰ ਇਕਤਰਫ਼ੀ ਮੁਹੱਬਤ ਕਰ ਰਿਹਾ ਸੀ। ਉਸਦੀ ਪ੍ਰਾਪਤੀ ਜਾਂ ਨੇੜਤਾ ਲਈ ਉਸਨੇ ਅਨੇਕ ਯਤਨ ਕੀਤੇ ਪਰ ਉਸ ਨੂੰ ਪਾਉਣਾ ਤਾਂ ਕੀ ਸੀ, ਉਹ ਉਸ ਅੱਗੇ ਆਪਣੇ ਪ੍ਰੇਮ ਦਾ ਇਜ਼ਹਾਰ ਵੀ ਨਾ ਕਰ ਸਕਿਆ। ਆਖਰ ਉਹ ਕੁੜੀ ਉਚੇਰੀ ਪੜ੍ਹਾਈ ਕਰਨ ਵਾਸਤੇ ਕਿਸੇ ਹੋਰ ਸ਼ਹਿਰ ਵਿਚ ਚਲੀ ਗਈ ਅਤੇ ਉਹ ਉਸ ਨੂੰ ਦੇਖਣ ਤੋਂ ਵੀ ਰਹਿ ਗਿਆ। ਆਪਣੀ ਪਤਨੀ ਅਨੀਤਾ ਨੂੰ ਉਹ ਇਸ ਸ਼ਿੰਦਰ ਦੀ ਖਾਤਰ ਤਿਆਗ ਬੈਠਾ ਸੀ: ਦੁਬਿਧਾ ਮੇਂ ਦੋਨੋਂ ਗਏ ਮਾਇਆ ਮਿਲੀ ਨਾ ਰਾਮ। ਉਸ ਨੂੰ ਨਾ ਪ੍ਰੇਮਿਕਾ ਮਿਲੀ ਅਤੇ ਨਾ ਪਤਨੀ। ਔਰਤ ਦੀ ਨਿਕਟਤਾ ਪ੍ਰਾਪਤ ਕਰਨ ਲਈ ਹੀ ਉਹ ਬੰਸੂ ਦੇ ਘਰ ਆਉਂਦਾ ਸੀ ਭਾਵੇਂ ਉਸਦੇ ਸੁਚੇਤ ਮਨ ਵਿਚ ਕਾਂਤਾ ਨੂੰ ਪ੍ਰਾਪਤ ਕਰਨ ਦੀ ਇੱਛਾ ਕਦੇ ਵੀ ਨਹੀਂ ਸੀ ਰਹੀ। ਉਹ ਅਜਿਹੇ ਖ਼ਿਆਲ ਨੂੰ ਵੀ ਗੁਨਾਹ ਅਤੇ ਵਿਸ਼ਵਾਸਘਾਤ ਸਮਝਦਾ ਸੀ। ਪਰੰਤੂ ਜਦੋਂ ਹੀ ਉਹ ਕਾਂਤਾ ਨੂੰ ਮਿਲਦਾ, ਉਸਨੂੰ ਉਸਦੇ ਵਜੂਦ ਵਿਚੋਂ ਕਦੇ ਸ਼ਿੰਦਰ ਨਜ਼ਰ ਆਉਂਦੀ ਅਤੇ ਕਦੇ ਅਨੀਤਾ। ਇਹੀ ਕਾਰਨ ਹੈ ਕਿ ਅਣਜਾਣੇ ਅਤੇ ਅਣਚਾਹੇ ਹੀ, ਉਹ ਕਾਂਤਾ ਵੱਲ ਝੁਕਦਾ ਗਿਆ ਅਤੇ ਆਖਰ ਇਕ ਦਿਨ ਉਹ ਅਤੇ ਕਾਂਤਾ ਇਕ ਆਪੱਤੀਜਨਕ ਸਥਿਤੀ ਵਿਚ ਬੰਸੂ ਨੇ ਦੇਖ ਲਏ ਅਤੇ ਉਸਨੇ ਇਨ੍ਹਾਂ ਦੋਹਾਂ ਦੀ ਨਿਕਟਤਾ ਦਾ ਬਹੁਤ ਬੁਰਾ ਵੀ ਮਨਾਇਆ।

ਬੰਸੂ ਦੀ ਇਨ੍ਹਾਂ ਦੋਹਾਂ ਨੂੰ ਇਸ ਸਥਿਤੀ ਵਿਚ ਦੇਖਣ ਤੋਂ ਬਾਅਦ ਫੌਰੀ ਪ੍ਰਤੀਕ੍ਰਿਆ ਤਾਂ ਇਹ ਸੀ ਕਿ ਦੋਹਾਂ ਨੂੰ ਦੰਡ ਦਿੱਤਾ ਜਾਵੇ ਪਰੰਤੂ ਹੌਲੀ-ਹੌਲੀ ਜਦੋਂ ਉਹ ਗੁੱਸੇ ਦੀ ਸਥਿਤੀ ਵਿਚੋਂ ਨਿਕਲਿਆ ਤਾਂ ਉਸਨੇ ਮਹਿਸੂਸ ਕੀਤਾ ਕਿ ਕਾਂਤਾ ਦੀ ਬੱਚੇ ਦੀ ਚਾਹਤ ਕੋਈ ਅਸ਼ੁਭ ਭਾਵਨਾ ਨਹੀਂ ਹੈ। ਉਹ ਆਪ ਤਾਂ ਉਸ ਨੂੰ ਬੱਚਾ ਦੇ ਨਹੀਂ ਸਕਦਾ ਅਤੇ ਜੇ ਕਾਂਤਾ ਦਾ ਝੁਕਾਉ ਉਸਦੇ ਮਿੱਤਰ ਤਿਲੋਕੀ ਵੱਲ ਹੋ ਗਿਆ

ਤਾਂ ਇਸ ਗੱਲ ਲਈ ਉਸਨੂੰ ਦੋਸ਼ੀ ਠਹਿਰਾਉਣਾ ਜਾਇਜ਼ ਨਹੀਂ ਹੈ। ਦੂਸਰੀ ਤਰਫ਼ ਉਸਨੂੰ ਇਉਂ ਵੀ ਲੱਗਦਾ ਹੈ ਕਿ ਬੱਚਾ ਹੋਣ ਤੋਂ ਬਾਅਦ ਉਸਦਾ ਨਾਮ ਵੀ ਦੁਨੀਆਂ ਵਿਚ ਰਹਿ ਜਾਵੇਗਾ। ਉਂਜ ਪਤਾ ਨਹੀਂ ਉਸਨੇ ਹੋਰ ਲੋਕਾਂ ਵਾਂਗ ਕਦੋਂ ਇਸ ਸੰਸਾਰ ਨੂੰ ਛੱਡ ਕੇ ਤੁਰ ਜਾਣਾ ਹੈ। ਸੋ ਮਨ ਹੀ ਮਨ ਵਿਚ, ਇਕ ਬੱਚੇ ਦੀ ਖਾਤਰ ਉਹ ਕਾਂਤਾ ਅਤੇ ਤਿਲੋਕੀ ਦੇ ਰਿਸ਼ਤੇ ਨੂੰ ਸਵੀਕ੍ਰਿਤੀ ਦੇ ਦਿੰਦਾ ਹੈ। ਬਲਕਿ ਖ਼ੁਦ ਇਕ ਦਿਨ ਤਿਲੋਕੀ ਨੂੰ ਆਪਣੇ ਨਾਲ ਘਰ ਲੈ ਆਉਂਦਾ ਹੈ ਅਤੇ ਕਿਸੇ ਬਹਾਨੇ ਇਨ੍ਹਾਂ ਦੋਹਾਂ ਨੂੰ ਇਕੱਲਿਆਂ ਛੱਡ ਕੇ ਘਰ ਤੋਂ ਬਾਹਰ ਚਲਾ ਜਾਦਾ ਹੈ। ਇਸੇ ਰਿਸ਼ਤੇ ਦੁਆਰਾ ਕਾਂਤਾ ਮਾਂ ਬਣਦੀ ਹੈ ਅਤੇ ਉਸਦੇ ਅਰਮਾਨ ਪੂਰੇ ਹੋ ਜਾਂਦੇ ਹਨ।

ਦਰਸ਼ਨ ਮਿਤਵਾ ਨੇ ਕਾਂਤਾ ਅਤੇ ਤਿਲੋਕੀ ਦੇ ਰਿਸ਼ਤੇ ਨੂੰ ਬਹੁਤ ਸਤਰਕਤਾ ਨਾਲ ਉਸਾਰਿਆ ਹੈ। ਉਸਨੇ ਕੋਸ਼ਿਸ਼ ਕੀਤੀ ਹੈ ਕਿ ਦੋਹਾਂ ਦੇ ਦਰਮਿਆਨ ਪੈਦਾ ਹੋਇਆ ਨਾਜਾਇਜ਼ ਰਿਸ਼ਤਾ ਵੀ ਜਾਇਜ਼ ਪ੍ਰਤੀਤ ਹੋਵੇ। ਇਹੀ ਕਾਰਨ ਹੈ ਕਿ ਦੋਹਾਂ ਵਿਚਲੇ ਕਾਮੁਕ ਰਿਸ਼ਤੇ ਵੱਲ ਕੇਵਲ ਸੰਕੇਤ ਹੀ ਕੀਤਾ ਗਿਆ ਹੈ, ਇਸ ਰਿਸ਼ਤੇ ਦੇ ਵੇਰਵੇ ਪੇਸ਼ ਨਹੀਂ ਕੀਤੇ ਗਏ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਲੇਖਕ ਇਸ ਰਿਸ਼ਤੇ ਦੀ ਅਨਿਵਾਰਯਤਾ ਨੂੰ ਤਾਂ ਸਮਝਦਾ ਹੈ ਪਰ ਅਜਿਹੇ ਰਿਸ਼ਤੇ ਨੂੰ ਸਾਰਵਜਨਿਕ ਬਣਾ ਕੇ ਇਸਨੂੰ ਜਾਇਜ਼ ਘੋਸ਼ਿਤ ਨਹੀਂ ਕਰਦਾ। ਇਉਂ ਲੱਗਦਾ ਹੈ ਜਿਵੇਂ ਲੇਖਕ ਨੇ ਇਸ ਰਿਸ਼ਤੇ ਨੂੰ ਇਕ ਕੰਟਰੈਕਟ ਦੇ ਰੂਪ ਵਿਚ ਹੀ ਸਵੀਕ੍ਰਿਤੀ ਦਿੱਤੀ ਹੈ। ਜੇ ਅਜਿਹਾ ਨਾ ਹੁੰਦਾ ਤਾਂ ਉਸ ਨੇ ਬਾਅਦ ਵਿਚ ਅਨੀਤਾ ਨੂੰ ਮਾਂ ਬਣਦਿਆਂ ਨਹੀਂ ਦਿਖਾਉਣਾ ਸੀ। ਇਸ ਤਰ੍ਹਾਂ ਲੇਖਕ ਨੇ ਸਵੀਕ੍ਰਿਤੀ ਕੇਵਲ ਬੰਸੂ ਅਤੇ ਕਾਂਤਾ ਅਤੇ ਤਿਲੋਕੀ ਅਤੇ ਅਨੀਤਾ ਵਿਚਲੇ ਰਿਸ਼ਤੇ ਨੂੰ ਹੀ ਦਿੱਤੀ ਹੈ। ਮਰਯਾਦਾ ਦਾ ਭੰਜਨ ਉਸਨੇ ਕੇਵਲ ਇਕ ਸੀਮਾ ਤੱਕ ਹੀ ਕੀਤਾ ਹੈ।

ਦਰਸ਼ਨ ਮਿਤਵਾ ਨੇ ਬੰਸੂ ਅਤੇ ਤਿਲੋਕੀ ਦੇ ਚਰਿੱਤਰ ਬਹੁਤ ਸਾਵਧਾਨੀ ਨਾਲ ਤਿਆਰ ਕੀਤੇ ਹਨ। ਏਨੀ ਕੁਸ਼ਲਤਾ ਨਾਲ ਕਿ ਇਹ ਕਿਸੇ ਲੇਖਕ ਦੁਆਰਾ ਸਿਰਜੇ ਚਰਿੱਤਰ ਪ੍ਰਤੀਤ ਨਹੀਂ ਹੁੰਦੇ। ਲੇਖਕ ਦੁਆਰਾ ਤਿਆਰ ਕੀਤੇ ਚਰਿਤਰਾਂ ਵਿਚ ਏਨੀ ਜਟਿਲਤਾ ਅਤੇ ਵਿਵਿਧਤਾ ਨਹੀਂ ਹੋ ਸਕਦੀ। ਬਚਪਨ ਤੋਂ ਲੈ ਕੇ ਭਰ ਜਵਾਨੀ ਤੱਕ ਪਹੁੰਚਦੇ-ਪਹੁੰਚਦੇ ਇਹ ਦੋਵੇਂ ਪਾਤਰ ਕਈ ਤਰ੍ਹਾਂ ਦੇ ਮੋੜਾਂ-ਤੋੜਾਂ ਵਿਚੋਂ ਗੁਜ਼ਰਦੇ ਹਨ। ਜਦੋਂ ਨਾਵਲ ਦੇ ਆਰੰਭ ਵਿਚ ਇਹ ਇੰਟਰੋਡਿਊਸ ਕਰਵਾਏ ਜਾਂਦੇ ਹਨ ਤਾਂ ਇਨ੍ਹਾਂ ਦਾ ਵਿਹਾਰ ਅਤੇ ਸੁਭਾਉ ਵੇਖ ਕੇ ਕੋਈ ਪਾਠਕ ਇਹ ਸੋਚ ਵੀ ਨਹੀਂ ਸਕਦਾ ਕਿ ਅੱਗੇ ਜਾ ਕੇ ਇਹ ਏਨੇ ਜ਼ਿੰਮੇਵਾਰ, ਵਚਨਬੱਧ, ਸੁਪਨੇਸਾਜ਼ ਜਾਂ ਸੁਹਿਰਦ ਹੋ ਨਿੱਬੜਣਗੇ। ਪਰਸਥਿਤੀਆਂ ਦੀ ਮੰਗ ਅਨੁਸਾਰ ਇਨ੍ਹਾਂ ਦੋਹਾਂ ਦੇ ਚਰਿਤਰ ਦਾ ਵਿਕਾਸ ਵੱਖਰੇ-ਵੱਖਰੇ ਢੰਗ ਨਾਲ ਹੁੰਦਾ ਹੈ ਪਰ ਤਾਂ ਵੀ ਦੋਵੇਂ ਇਕ ਦੂਜੇ ਦੇ ਪ੍ਰਤੀ ਵਫ਼ਾਦਾਰ ਅਤੇ ਇਮਾਨਦਾਰ ਬਣੇ ਰਹਿੰਦੇ ਹਨ। ਇਥੋਂ ਪਤਾ ਚਲਦਾ ਹੈ ਕਿ ਲੇਖਕ ਮੂਲ ਤੌਰ ਤੇ ਵਿਅਕਤੀ ਨੂੰ ਸੱਚਾ ਅਤੇ ਸੁਹਿਰਦ ਸਮਝਦਾ ਹੈ। ਉਂਜ ਵਕਤੀ ਤੌਰ ਤੇ

ਭਾਵੇਂ ਕਿੰਨੇ ਵੀ ਵਿਕਾਰਾਂ ਵਿਚੋਂ ਕਿਉਂ ਨਾ ਗੁਜ਼ਰਨਾ ਪਵੇ।

ਇਸ ਨਾਵਲ ਵਿਚ ਕਿਧਰੇ-ਕਿਧਰੇ ਲੇਖਕ ਮਨੁੱਖੀ ਜੀਵਨ ਦੇ ਦਾਰਸ਼ਨਿਕ ਸੰਦਰਭਾਂ ਨੂੰ ਵੀ ਰੂਪਮਾਨ ਕਰਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਮਨੁੱਖੀ ਜੀਵਨ ਇਕ ਸੰਘਰਸ਼ ਹੈ, ਯੁੱਧ ਹੈ ਅਤੇ ਇਸ ਸੰਘਰਸ਼ ਜਾਂ ਯੁੱਧ ਵਿਚ ਆਮ ਆਦਮੀ ਦੇ ਹਿੱਸੇ ਪਰਾਜਯ ਹੀ ਆਉਂਦੀ ਹੈ। ਉਸ ਨੂੰ ਕਦਮ-ਕਦਮ ਤੇ ਨਿਰਾਸ਼ਾਵਾਂ ਅਤੇ ਠੋਕਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਨ੍ਹਾਂ ਦੇ ਕਾਰਨ ਉਸਦੀ ਸਾਰੀ ਚੰਚਲਤਾ, ਸ਼ੋਖੀ ਅਤੇ ਮਸਤੀ ਧਰੀ-ਧਰਾਈ ਰਹਿ ਜਾਂਦੀ ਹੈ। ਇਸ ਪ੍ਰਸੰਗ ਵਿਚ ਲੇਖਕ ਦਾ ਕਥਨ ਦੇਖੋ:

> ਆਦਮੀ ਬੋਝ ਤੋਂ ਕਦੇ ਵੀ ਮੁਕਤ ਨਹੀਂ ਹੋ ਸਕਦਾ। ਆਦਮੀ ਇਕ ਬੋਝ ਲਾਹ ਕੇ ਚਿੰਤਾਮੁਕਤ ਹੁੰਦਾ ਹੈ ਕਿ ਉਸਤੋਂ ਪਹਿਲਾਂ ਹੀ ਕੋਈ ਦੂਸਰਾ ਬੋਝ ਉਸਦੇ ਮੋਢਿਆਂ ਉੱਤੇ ਆ ਟਿਕਦਾ ਹੈ।
>
> ਬੋਝ ਤਾਂ ਆਦਮੀ ਦੀ ਹੋਣੀ ਹੈ।
>
> ਆਦਮੀ ਸਾਰੀ ਉਮਰ ਬੋਝ ਦੇ ਹੇਠਾਂ ਜੁਤਿਆ ਰਹਿੰਦਾ ਹੈ ਅਤੇ ਉਸੇ ਬੋਝ ਹੇਠ ਦਬਿਆ-ਦਬਿਆ ਆਦਮੀ ਇਕ ਦਿਨ ਇਸ ਜਹਾਨੋਂ ਤੁਰ ਜਾਂਦਾ ਹੈ।
>
> ਹੋਣੀ ਕਦੇ ਨਹੀਂ ਹਾਰਦੀ। ਹਾਰਦਾ ਤਾਂ ਆਦਮੀ ਹੈ।
>
> ਆਦਮੀ ਹੋਣੀ ਭੋਗਣ ਦਾ ਆਦੀ ਹੋ ਜਾਂਦਾ ਹੈ। ਉਸ ਨਾਲ ਲੜਦਾ-ਝਗੜਦਾ ਅਤੇ ਸਹਿੰਦਾ ਹੈ। (ਪੰਨਾ 82)

ਦਰਸ਼ਨ ਮਿਤਵਾ ਨੇ ਆਪਣੇ ਇਸ ਨਾਵਲ ਵਿਚ ਹੋਣੀ ਅਤੇ ਮਨੁੱਖ ਦੇ ਸੰਘਰਸ਼ ਨੂੰ ਬੜੇ ਵਿਸ਼ਵਾਸਯੋਗ ਢੰਗ ਨਾਲ ਰੂਪਮਾਨ ਕੀਤਾ ਹੈ। ਬੰਸੂ ਅਤੇ ਤਿਲੋਕੀ ਦੇ ਰੂਪ ਵਿਚ ਇਸ ਨਾਵਲ ਦੇ ਪਾਤਰ ਹੋਣੀ ਨਾਲ ਸੰਘਰਸ਼ ਕਰਦੇ ਹਨ। ਬੇਸ਼ੱਕ ਉਹ ਜਿੱਤੇ ਨਾ ਵੀ ਹੋਣ ਪਰ ਉਨ੍ਹਾਂ ਨੇ ਕਦੇ ਹਾਰ ਵੀ ਨਹੀਂ ਮੰਨੀ। ਉਨ੍ਹਾਂ ਦਾ ਜੀਵਨ ਤਲਖੀਆਂ, ਤੁਰਸ਼ੀਆਂ ਅਤੇ ਦੁੱਖਾਂ-ਤਕਲੀਫ਼ਾਂ ਨਾਲ ਭਰਿਆ ਰਿਹਾ ਹੈ। ਉਨ੍ਹਾਂ ਨੇ ਜੋ ਚਾਹਿਆ, ਉਨ੍ਹਾਂ ਨੂੰ ਭਾਵੇਂ ਉਹ ਪ੍ਰਾਪਤ ਹੋਇਆ ਨਾ ਵੀ ਹੋਇਆ ਹੋਵੇ ਪਰੰਤੂ ਇਸਦੇ ਬਾਵਜੂਦ ਉਹ ਕਦੇ ਢੇਰੀ ਢਾਹ ਕੇ ਨਹੀਂ ਬੈਠੇ। ਲੇਖਕ ਨੇ ਇਨ੍ਹਾਂ ਪਾਤਰਾਂ ਦੇ ਜੀਵਨ-ਸੰਘਰਸ਼ ਨੂੰ ਮੂਰਤੀਮਾਨ ਕਰ ਕੇ ਸਾਡੇ ਸਮਾਜਿਕ-ਸਭਿਆਚਾਰਕ ਪ੍ਰਬੰਧ ਦੀਆਂ ਵਿਸੰਗਤੀਆਂ ਦੇ ਵਿਰੁੱਧ ਆਮ ਆਦਮੀ ਦੇ ਯੁੱਧ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ।

◻

ਕਸਤੂਰੀ
ਮੁਹੱਬਤ ਦਾ ਵਿਆਕਰਣ

'ਕਸਤੂਰੀ' (2002) ਦਰਸ਼ਨ ਮਿਤਵਾ ਦੀ ਇਕ ਵਿਸ਼ਿਸ਼ਟ ਵੰਨਗੀ ਦੀ ਰਚਨਾ ਹੈ। ਇਸ ਵਿਚ ਉਸਨੇ ਦੋਸਤੀ ਅਤੇ ਮੁਹੱਬਤ ਦੇ ਇਹਸਾਸਾਂ ਨੂੰ ਇਕ-ਦੂਜੇ ਦੇ ਸਮਵਿੱਥ ਰੱਖ ਕੇ ਵੇਖਿਆ ਅਤੇ ਰੂਪਮਾਨ ਕੀਤਾ ਹੈ। ਇਹ ਰਚਨਾ ਤਿੰਨ ਪਾਤਰਾਂ ਦੇ ਆਲੇ-ਦੁਆਲੇ ਘੁੰਮਦੀ ਹੈ: ਸਹਿਦੇਵ, ਮੁਕਲ ਅਤੇ ਲੱਕੀ। ਇਸ ਨਾਵਲ ਦਾ ਪਹਿਲਾ ਅੱਧ ਸਹਿਦੇਵ ਅਤੇ ਮੁਕਲ ਦੀ ਦੋਸਤੀ ਦੀ ਤਰਜਮਾਨੀ ਕਰਦਾ ਹੈ ਅਤੇ ਪਿਛਲੇ ਅੱਧ ਵਿਚ ਮੁਕਲ ਦੀ ਪ੍ਰੇਮਿਕਾ 'ਲੱਕੀ' ਵੀ ਬ੍ਰਿਤਾਂਤ ਵਿਚ ਸ਼ਾਮਲ ਹੋ ਜਾਂਦੀ ਹੈ। ਸਹਿਦੇਵ ਇਕ ਬੇਰੁਜ਼ਗਾਰ ਨੌਜਵਾਨ ਹੈ, ਜਿਸ ਪਾਸ ਕਰਨ ਲਈ ਕੋਈ ਕੰਮ ਨਹੀਂ ਹੈ। ਉਹ ਸਾਰਾ ਦਿਨ ਸ਼ਹਿਰ ਵਿਚ ਏਧਰ-ਓਧਰ ਭਟਕਣ ਤੋਂ ਸਿਵਾਇ ਕੋਈ ਕੰਮ ਨਹੀਂ ਕਰਦਾ। ਵੈਸੇ ਇਕ ਕਲਾਕਾਰ ਹੋਣ ਦੀ ਸੂਰਤ ਵਿਚ ਉਹ ਇਕ ਪਰਿਚਿਤ ਸ਼ਖ਼ਸੀਅਤ ਹੈ। ਪਰ ਜਿਵੇਂ ਕਿ ਸਾਡੇ ਦੇਸ਼ ਵਿਚ ਕਲਾਕਾਰਾਂ ਦੀ ਹੋਣੀ ਹੈ, ਪ੍ਰਸੰਸਾ ਦੇ ਦੋ ਬੋਲਾਂ ਤੋਂ ਬਿਨਾਂ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਹੋਰ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਇਹ ਪ੍ਰਸ਼ੰਸਾ ਵੀ ਬਾਹਰਲਿਆਂ ਤੋਂ ਪ੍ਰਾਪਤ ਹੁੰਦੀ ਹੈ, ਘਰ ਵਾਲਿਆਂ ਤੋਂ ਇਨ੍ਹਾਂ ਨੂੰ ਪ੍ਰਤਾੜਨਾ ਅਤੇ ਝਿੜਕਾਂ ਤੋਂ ਬਿਨਾਂ ਹੋਰ ਕੁਝ ਨਹੀਂ ਮਿਲਦਾ। ਨਾਵਲੀ-ਬ੍ਰਿਤਾਂਤ ਅਨੁਸਾਰ ਸਹਿਦੇਵ ਦਾ ਪਿਤਾ ਬੀਮਾਰ ਹੋਣ ਦੇ ਕਾਰਨ ਇਕ ਸਰਕਾਰੀ ਹਸਪਤਾਲ ਵਿਚ ਦਾਖਲ ਹੈ ਅਤੇ ਸਹਿਦੇਵ ਵਕਤਕਟੀ ਕਰਨ ਵਾਸਤੇ ਕੁਝ ਸਮਾਂ ਉਸ ਪਾਸ ਜਾ ਬੈਠਦਾ ਹੈ।

ਇਕ ਦਿਨ ਅਚਾਨਕ ਹੀ ਉਸਦੀ ਮੁਲਾਕਾਤ ਮੁਕਲ ਨਾਲ ਹੋ ਜਾਂਦੀ ਹੈ। ਮੁਕਲ ਸਹਿਦੇਵ ਤੋਂ ਬੰਸਰੀ-ਵਾਦਨ ਸਿੱਖਣਾ ਚਾਹੁੰਦਾ ਹੈ। ਸਹਿਦੇਵ ਨੂੰ ਕੋਈ ਇਤਰਾਜ਼ ਨਹੀਂ ਸੀ। ਦੋਵੇਂ ਕਾਫ਼ੀ-ਕਾਫ਼ੀ ਸਮਾਂ ਇਕੱਠੇ ਰਹਿਣ ਲੱਗਦੇ ਹਨ। ਸਹਿਦੇਵ ਕੋਈ ਵਪਾਰੀ ਤਬੀਅਤ ਦਾ ਨੌਜਵਾਨ ਤਾਂ ਸੀ ਨਹੀਂ ਕਿ ਉਹ ਮੁਕਲ ਤੋਂ ਬੰਸਰੀ ਸਿਖਾਉਣ ਦੇ ਇਵਜ਼ ਵਿਚ ਕੋਈ ਫੀਸ ਵਗੈਰਾ ਮੰਗਦਾ। ਉਸ ਨੂੰ ਤਾਂ ਏਨਾ ਹੀ ਬਹੁਤ ਸੀ ਕਿ ਮੁਕਲ ਵਰਗੇ ਸੰਪੰਨ ਪਰਿਵਾਰ ਦੇ ਮੁੰਡੇ ਨੇ ਉਸ ਨਾਲ ਦੋਸਤੀ ਪਾ ਲਈ ਹੈ। ਸਹਿਦੇਵ ਏਨਾ ਨਿਰਧਨ ਸੀ ਕਿ ਉਸ ਦੇ ਘਰ ਕੇਵਲ ਇਕ ਕੱਚਾ ਕੋਠਾ ਸੀ ਜਿਸ ਵਿਚ ਪਰਿਵਾਰ ਦੇ ਲਗਪਗ ਅੱਠ-ਦਸ ਜੀਅ ਆਪਣੇ ਜੀਵਨ ਦੀ ਗੁਜ਼ਰ-ਬਸਰ ਕਰਦੇ ਸਨ। ਜਦੋਂ ਕਿ ਮੁਕਲ ਦੇ ਘਰ ਵਿਚ ਕਿੰਨੇ ਹੀ ਕਮਰੇ ਸਨ। ਇਕ ਕਾਫ਼ੀ ਵੱਡਾ ਸਾਰਾ ਕਮਰਾ ਤਾਂ ਕੇਵਲ ਮੁਕਲ ਦਾ ਸੀ। ਸਹਿਦੇਵ ਨੂੰ ਵੀ ਉਸ ਕਮਰੇ ਵਿਚ ਠਾਹਰ ਮਿਲ ਜਾਂਦੀ ਹੈ ਅਤੇ ਉਹ ਸਾਰਾ-ਸਾਰਾ ਦਿਨ ਉਸੇ ਕਮਰੇ ਵਿਚ

ਪਿਆ ਰਹਿੰਦਾ ਹੈ। ਨਾ ਮੁਕਲ ਨੂੰ ਅਤੇ ਨਾ ਉਸਦੇ ਮਾਤਾ-ਪਿਤਾ ਨੂੰ ਇਸ ਵਿਚ ਕੋਈ ਇਤਰਾਜ਼ ਹੁੰਦਾ ਹੈ। ਅਸਲ ਵਿਚ ਸਾਧਨ-ਸੰਪੰਨ ਮਾਪਿਆਂ ਦੇ ਆਪਣੇ ਹੀ ਰੁਝੇਵੇਂ ਹੁੰਦੇ ਹਨ। ਉਨ੍ਹਾਂ ਦੇ ਬੱਚੇ ਕੀ ਕਰਦੇ ਹਨ, ਕਿਵੇਂ ਵਕਤ ਗੁਜ਼ਾਰਦੇ ਹਨ, ਇਸ ਗੱਲ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਹੀ ਨਹੀਂ ਹੁੰਦੀ। ਉਨ੍ਹਾਂ ਲਈ ਏਨਾ ਹੀ ਕਾਫ਼ੀ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਪੁਲਸ ਵੱਲੋਂ ਫੜੇ ਨਹੀਂ ਜਾਂਦੇ ਅਥਵਾ ਲੜਾਈ-ਝਗੜਾ ਨਹੀਂ ਕਰਦੇ। ਸੋ ਉਨ੍ਹਾਂ ਨੂੰ ਸਹਿਦੇਵ ਦੇ ਉਨ੍ਹਾਂ ਦੇ ਘਰ ਬੈਠੇ ਰਹਿਣ ਵਿਚ ਕੋਈ ਇਤਰਾਜ਼ ਨਹੀਂ ਸੀ। ਮਗਰ ਸਹਿਦੇਵ ਵਰਗੇ ਨਿਰਧਨ ਪਰਿਵਾਰਾਂ ਦੇ ਬੱਚਿਆਂ ਦੀ ਗੱਲ ਹੋਰ ਹੁੰਦੀ ਹੈ। ਉਨ੍ਹਾਂ ਦੇ ਘਰ ਕੋਈ ਸਹਿਦੇਵ ਵਰਗੇ ਮੁੰਡੇ ਨਾਲ ਚਲਾ ਜਾਵੇ ਤਾਂ ਘਰ ਵਿਚ ਇਕ ਤਰ੍ਹਾਂ ਦੀ ਆਪਾਤ-ਸਥਿਤੀ ਬਣ ਜਾਂਦੀ ਹੈ। ਲੇਖਕ ਨੇ ਇਸ ਸਥਿਤੀ ਦਾ ਨਿਰੂਪਣ ਬੜੀ ਪ੍ਰਵੀਨਤਾ ਨਾਲ ਕੀਤਾ ਹੈ। ਦੇਖੋ:

> ਸਹਿਦੇਵ ਨੇ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿਸੇ ਮੁੰਡੇ ਦੇ ਘਰਵਾਲੇ ਉਸਦੇ ਘਰ ਆਏ ਦੋਸਤ ਨਾਲ ਇੰਨਾ ਪਿਆਰ ਵੀ ਕਰ ਸਕਦੇ ਹਨ। ਇਸਦੇ ਉਲਟ ਉਹ ਆਪ ਇਹੋ ਜਿਹੀ ਆਸ ਆਪਣੇ ਘਰ ਵਾਲਿਆਂ ਕੋਲੋਂ ਸੱਤ ਜਨਮਾਂ ਵਿਚ ਵੀ ਨਹੀਂ ਰੱਖ ਸਕਦਾ ਸੀ। ਜਦੋਂ ਕਦੇ ਉਸਦਾ ਕੋਈ ਦੋਸਤ-ਮਿੱਤਰ ਉਸਦੇ ਘਰ ਆ ਵੀ ਜਾਂਦਾ ਤਾਂ ਉਸਦਾ ਅੰਦਰ ਕੰਬਦਾ ਰਹਿੰਦਾ ਸੀ ਕਿ ਕਿਧਰੇ ਮਾਂ ਹੀ ਨਾ ਬੋਲ ਪਵੇ, ਕਿਧਰੇ ਬਾਪੂ ਹੀ ਨਾ ਲੜਨ ਲੱਗ ਜਾਵੇ।
>
> ਚਾਹ ਪਾਣੀ ਦੀ ਗੱਲ ਤਾਂ ਦੂਰ ਸਗੋਂ ਘਰ ਵਾਲੇ ਮੱਥੇ ਤਿਉੜੀਆਂ ਪਾ ਲੈਂਦੇ ਸਨ। ਉਸਦਾ ਬਾਪੂ ਮੂੰਹ ਪਰ੍ਹਾਂ ਕਰ ਲੈਂਦਾ ਅਤੇ ਦੋਸਤ ਦੇ ਘਰੋਂ ਚਲੇ ਜਾਣ ਤੋਂ ਬਾਅਦ ਮਾਂ ਦੀ ਜ਼ੁਬਾਨ ਕੈਂਚੀ ਵਾਂਗ ਚੱਲਣ ਲੱਗ ਪੈਂਦੀ, "ਕੌਣ ਸੀ ਇਹ ਲੰਡਰ, ਕਿਨ੍ਹਾਂ ਦਾ ਸੀ? ਤੂੰ ਹਟਦਾ ਤਾਂ ਨ੍ਹੀ ਇਹੋ ਜਿਹੇ ਲਫੰਗਿਆਂ ਨਾਲ ਰਲਣੋਂ।"
>
> ਬਾਪੂ ਅੱਡ ਬੋਲਣਾ ਸ਼ੁਰੂ ਕਰ ਦਿੰਦਾ:
>
> "ਸਾਲੇ ਨੂੰ ਲਗਾੜੇ ਟੱਕਰਦੇ ਪਤਾ ਨ੍ਹੀ ਕਿੱਥੋਂ ਨੇ, ਜਿੰਨੇ ਮੰਡੀ ਦੇ ਲੁੱਚੇ-ਲਫੰਗੇ ਸਾਰੇ ਇਹਦੇ ਬੇਲੀ। ਕਿਸੇ ਦਾ ਕਿਹਾ ਨ੍ਹੀ ਮੰਨਣਾ, ਕਿਸੇ ਦਾ ਕਿਹਾ ਸੁਣਨਾ ਨ੍ਹੀ ਤੇ ਜਦੋਂ ਘਰੇ ਵੜੂ, ਲਗਾੜਿਆਂ ਦੀ ਪੂਰੀ ਟੋਲੀ ਹੁੰਦੀ ਐ।.....ਉਹ ਸਾਲਿਆ, ਤੈਨੂੰ ਖਾਣ ਨੂੰ ਦੇ ਜਾਣਗੇ?" (ਪੰਨੇ 12-13)

ਇਸ ਤਰ੍ਹਾਂ ਦਰਸ਼ਨ ਮਿਤਵਾ ਨੇ ਬੜੀ ਕੁਸ਼ਲਤਾ ਨਾਲ ਦਰਸਾਇਆ ਹੈ ਕਿ ਗ਼ਰੀਬੀ ਹਰ ਤਰ੍ਹਾਂ ਦੇ ਸ਼ਿਸ਼ਟਾਚਾਰ ਅਤੇ ਮੋਹ-ਮੁਹੱਬਤ ਨੂੰ ਖ਼ਤਮ ਕਰ ਕੇ ਰੱਖ ਦਿੰਦੀ ਹੈ। ਗ਼ਰੀਬ ਆਦਮੀ ਹਰ ਵਕਤ ਡਰਿਆ-ਤਣਿਆ ਰਹਿੰਦਾ ਹੈ, ਕਦੇ ਵੀ ਸਹਿਜ ਨਹੀਂ ਹੋ ਪਾਉਂਦਾ ਜਦੋਂ ਕਿ ਸਾਧਨ-ਸੰਪੰਨ ਵਿਅਕਤੀ ਆਪਣੇ ਜੀਵਨ ਦਾ ਪੂਰਾ-ਪੂਰਾ ਆਨੰਦ ਲੈਂਦਾ ਹੈ। ਮੁਕਲ ਦੇ ਘਰ ਦਾ ਸਹਿਜ ਅਤੇ ਸਾਵਾਂ ਮਾਹੌਲ ਦੇਖ ਕੇ ਸਹਿਦੇਵ ਨੂੰ ਉਥੇ ਬੈਠਾ ਰਹਿਣਾ ਚੰਗਾ ਲੱਗਦਾ ਹੈ। ਮੁਕਲ ਨੇ ਸਹਿਦੇਵ ਨਾਲ ਦੋਸਤੀ ਪਾਈ ਤਾਂ ਬੰਸਰੀ ਸਿੱਖਣ ਦੇ ਬਹਾਨੇ ਸੀ ਪਰ ਅਸਲ ਵਿਚ ਉਹ ਬਹੁਤ ਇਕਲਾਪਾ

ਮਹਿਸੂਸ ਕਰਦਾ ਸੀ। ਉਸਨੂੰ ਕਿਸੇ ਅਜਿਹੇ ਵਿਅਕਤੀ ਦੀ ਸੰਗਤ ਚਾਹੀਦੀ ਸੀ ਜੋ ਉਸ ਤੋਂ ਕੋਈ ਸਵਾਲ ਨਾ ਪੁੱਛੇ, ਕੋਈ ਤਕਾਜ਼ਾ ਨਾ ਕਰੇ ਅਤੇ ਆਪਣੀ ਹੋਂਦ ਨੂੰ ਉਸ ਉਪਰ ਨਾ ਥੋਪੇ। ਇਹੋ ਜਿਹਾ ਵਸਤੂ ਵਰਗਾ ਬੇਜਾਨ ਵਿਅਕਤੀ ਤਾਂ ਕੋਈ ਨਿਰਧਨ ਹੀ ਹੋ ਸਕਦਾ ਸੀ ਜੋ ਸਹਿਦੇਵ ਦੇ ਰੂਪ ਵਿਚ ਉਸਨੂੰ ਪ੍ਰਾਪਤ ਹੋ ਗਿਆ।

ਮੁਕਲ ਇਕਤਰਫ਼ਾ ਪ੍ਰੇਮ ਦੇ ਤੀਬਰ ਇਹਸਾਸ ਵਿਚੋਂ ਗੁਜ਼ਰ ਰਿਹਾ ਸੀ। ਆਪਣੀ ਪ੍ਰੇਮਿਕਾ ਲੱਕੀ ਤੋਂ ਬਿਨਾਂ ਉਸਨੂੰ ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਪਰ ਲੱਕੀ ਨਾਲ ਕੋਈ ਸੰਵਾਦ ਸ਼ੁਰੂ ਹੋਣ ਦਾ ਸਬੱਬ ਨਹੀਂ ਸੀ ਬਣ ਰਿਹਾ। ਉਹ ਹਰ ਵਕਤ ਲੱਕੀ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕਰਦਾ ਸੀ ਪਰ ਇਕੱਲਾ ਆਦਮੀ ਇਉਂ ਕਿਸੇ ਦਾ ਪਿੱਛਾ ਕਿਵੇਂ ਕਰੇ? ਸੋ ਉਹ ਸਹਿਦੇਵ ਨੂੰ ਆਪਣੇ ਨਾਲ ਲੈ ਲੈਂਦਾ ਹੈ। ਕਦੇ ਉਹ ਕਿਧਰੇ ਬੈਠ ਜਾਂਦੇ ਹਨ ਅਤੇ ਕਦੇ ਕਿਸੇ ਪਾਸੇ ਤੁਰ ਜਾਂਦੇ ਹਨ। ਦੋ ਵਿਅਕਤੀਆਂ ਨੂੰ ਇਉਂ ਇੱਧਰ- ਉੱਧਰ ਤੁਰੇ ਫਿਰਦਿਆਂ ਨੂੰ ਵੇਖ ਕੇ ਕਿਸੇ ਨੂੰ ਸ਼ੱਕ ਨਹੀਂ ਹੁੰਦਾ। ਮੁਕਲ ਆਪਣੀ ਇਸੇ ਸਮੱਸਿਆ ਦੇ ਕਾਰਨ ਸਹਿਦੇਵ ਨੂੰ ਆਪਣਾ ਸਾਥੀ ਬਣਾਉਂਦਾ ਹੈ। ਆਰੰਭ ਵਿਚ ਉਸਨੇ ਆਪਣੇ ਪ੍ਰੇਮ ਦਾ ਪ੍ਰਸੰਗ ਸਹਿਦੇਵ ਨਾਲ ਸਾਂਝਾ ਨਹੀਂ ਕੀਤਾ ਸੀ। ਸੋ ਜਦੋਂ ਉਹ ਸਹਿਦੇਵ ਨੂੰ ਆਪਣੇ ਨਾਲ ਦਿੱਲੀ ਜਾਣ ਵਾਸਤੇ ਕਹਿੰਦਾ ਹੈ ਤਾਂ ਸਹਿਦੇਵ ਐਵੇਂ ਉਸਦੇ ਖਰਚ-ਖੇਚਲ ਦੇ ਡਰੋਂ ਉਸ ਨੂੰ ਇਨਕਾਰ ਕਰ ਦਿੰਦਾ ਹੈ। ਉਸਦੇ ਇਸ ਇਨਕਾਰ ਦਾ ਮੁਕਲ ਕਾਫ਼ੀ ਬੁਰਾ ਮਨਾਉਂਦਾ ਹੈ ਪਰ ਜਦੋਂ ਉਸ ਨੂੰ ਸਾਰੀ ਹਕੀਕਤ ਦਾ ਪਤਾ ਚੱਲ ਜਾਂਦਾ ਹੈ ਤਾਂ ਉਹ ਮਕੁਲ ਦੇ ਕਹੇ ਅਨੁਸਾਰ ਚੱਲਦਾ ਹੈ। ਇਥੋਂ ਤੱਕ ਕਿ ਉਹ ਹਰ ਹਫ਼ਤੇ ਲੱਕੀ ਨੂੰ ਮੁਕਲ ਦੇ ਪ੍ਰੇਮ-ਪੱਤਰ ਪਹੁੰਚਾਉਣ ਲਈ ਪਟਿਆਲੇ ਵੀ ਆਉਂਦਾ-ਜਾਂਦਾ ਰਹਿੰਦਾ ਹੈ। ਉਸਨੂੰ ਮੁਕਲ ਦੇ ਨੌਕਰਾਂ ਵਰਗਾ ਵਿਹਾਰ ਕਰਨ ਉਪਰ ਕੋਈ ਇਤਰਾਜ਼ ਨਹੀਂ ਹੁੰਦਾ। ਉਸ ਵਿਚ ਕੋਈ ਹਉਮੈ ਵਗੈਰਾ ਵੀ ਵਿਕਸਿਤ ਨਹੀਂ ਹੋਈ। ਨਿਰਧਨ ਦੀ ਹਉਮੈ ਕੀ ਹੁੰਦੀ ਹੈ? ਨਾ ਉਹ ਉਹਦੀ ਅਮਾਨਤ ਵਿਚ ਖ਼ਿਆਨਤ ਕਰਨ ਬਾਰੇ ਸੋਚਦਾ ਹੈ। ਹੋਰ ਤਾਂ ਹੋਰ ਉਹ ਮੁਕਲ ਅਤੇ ਲੱਕੀ ਦੇ ਉਸ ਦੇ ਰਾਹੀਂ ਭੇਜੇ ਜਾ ਰਹੇ ਪੱਤਰਾਂ ਨੂੰ ਵੀ ਕਦੇ ਪੜ੍ਹਨ ਦੀ ਕੋਸ਼ਿਸ਼ ਨਹੀਂ ਕਰਦਾ। ਇਉਂ ਲੇਖਕ ਬੜੇ ਸਹਿਜ ਭਾਵ ਨਾਲ ਦਰਸਾ ਦਿੰਦਾ ਹੈ ਕਿ ਗ਼ਰੀਬੀ ਕਿਵੇਂ ਇਕ ਵਿਅਕਤੀ ਦਾ ਅਮਾਨਵੀਕਰਣ (ਵਸਤੂਕਰਣ) ਕਰ ਦਿੰਦੀ ਹੈ। ਸਹਿਦੇਵ ਇਕ ਨਿਰਜੀਵ ਪੁਤਲੇ ਵਾਂਗ ਪ੍ਰੇਮ ਦੀ ਇਸ ਲੀਲ੍ਹਾ ਨੂੰ ਅੱਗੇ ਵਧਾਉਂਦਾ ਚਲਾ ਜਾਂਦਾ ਹੈ ਅਤੇ ਆਪ ਕਦੇ ਇਸ ਖੇਡ ਵਿਚ ਕ੍ਰਿਆਸ਼ੀਲ ਹੋਣ ਬਾਰੇ ਨਹੀਂ ਸੋਚਦਾ।

ਹਰ ਹਫ਼ਤੇ ਮੁਕਲ ਉਸਨੂੰ ਆਪਣਾ ਪ੍ਰੇਮ ਪੱਤਰ ਦੇ ਕੇ ਬੱਸ ਰਾਹੀਂ ਪਟਿਆਲੇ ਨੂੰ ਰਵਾਨਾ ਕਰ ਦਿੰਦਾ ਹੈ। ਪਟਿਆਲੇ ਪਹੁੰਚ ਕੇ ਉਹ ਲੱਕੀ ਦੇ ਕਾਲਜ ਵਿਚ ਜਾ ਕੇ ਚੁਪ-ਚਾਪ ਕਿਸੇ ਕੋਨੇ ਵਿਚ ਬੈਠ ਜਾਂਦਾ ਹੈ। ਜਦੋਂ ਲੱਕੀ ਉਸਨੂੰ ਦੇਖ ਲੈਂਦੀ ਹੈ ਤਾਂ ਉਹ ਉਸ ਪਾਸ ਆ ਜਾਂਦੀ ਹੈ। ਉਸ ਨਾਲ ਮੁਕਲ ਦੀਆਂ ਗੱਲਾਂ ਕਰਦੀ ਹੈ, ਉਸ ਤੋਂ ਪ੍ਰੇਮ-ਪੱਤਰ ਲੈ ਕੇ ਉਸਦਾ ਜਵਾਬ ਵੀ ਲਿਖ ਦਿੰਦੀ ਹੈ ਅਤੇ ਕੈਂਟੀਨ ਤੋਂ ਉਸ

ਨੂੰ ਖੁਆ-ਪਿਆ ਕੇ ਵਾਪਸ ਤੋਰ ਦਿੰਦੀ ਹੈ। ਜਦੋਂ ਉਹ ਆਪਣੇ ਸ਼ਹਿਰ (ਮੰਡੀ) ਪਹੁੰਚਦਾ ਹੈ ਤਾਂ ਮੁਕਲ ਉਸਦੀ ਇੰਤਜ਼ਾਰ ਕਰ ਰਿਹਾ ਹੁੰਦਾ ਹੈ। ਉਹ ਉਸਤੋਂ ਪੱਤਰ ਲੈ ਕੇ ਆਪਣੀ ਜੇਬ ਵਿਚ ਪਾ ਲੈਂਦਾ ਹੈ ਅਤੇ ਬੱਸ। ਕਈ ਵਾਰ ਸਹਿਦੇਵ ਸੋਚਦਾ ਹੈ ਕਿ ਇਹ ਪ੍ਰੇਮ-ਪੱਤਰ ਕਿਹੋ ਜਿਹੇ ਹੁੰਦੇ ਹੋਣਗੇ! ਪ੍ਰੇਮੀ ਲੋਕ ਇਕ-ਦੂਜੇ ਨੂੰ ਕੀ ਲਿਖਦੇ ਹੋਣਗੇ! ਉਸਨੇ ਇਕ ਵਾਰ ਮੁਕਲ ਪਾਸ ਉਸਦਾ ਕੋਈ ਪ੍ਰੇਮ-ਪੱਤਰ ਪੜ੍ਹਨ ਦੀ ਜਗਿਆਸਾ ਵੀ ਪ੍ਰਗਟ ਕੀਤੀ ਪਰੰਤੂ ਮੁਕਲ ਨੇ ਉਸ ਨੂੰ ਤੋੜ ਕੇ ਜਵਾਬ ਦੇ ਦਿੱਤਾ:

> "ਮੁਕਲ, ਬੜਾ ਮਨ ਕਰਦੈ ਬਈ ਇਕ ਦਿਨ ਤੇਰੀ ਮਹਿਬੂਬ ਕੁੜੀ ਦਾ ਤੈਨੂੰ ਲਿਖਿਆ ਹੋਇਆ ਖ਼ਤ ਪੜ੍ਹਾਂ। ਬੜੀ ਤਾਂਘ ਹੈ ਇਹ ਜਾਣਨ ਦੀ ਕਿ ਪਿਆਰ ਕਰਨ ਵਾਲੇ ਦੋ ਪ੍ਰੇਮੀ ਆਪਣੇ ਖ਼ਤਾਂ ਵਿਚ ਕੀ ਲਿਖਦੇ ਨੇ, ਉਨ੍ਹਾਂ ਹਰਫ਼ਾਂ ਵਿਚ ਕਿਹੋ ਜਿਹੀ ਤੜਪ ਹੁੰਦੀ ਹੈ।" ਸਹਿਦੇਵ ਕਹਿਣ ਨੂੰ ਕਹਿ ਤਾਂ ਗਿਆ ਪਰ ਮੁਕਲ ਦਾ ਜਵਾਬ ਸੁਣ ਕੇ ਉਹ ਠਰ ਜਿਹਾ ਗਿਆ।
>
> "ਸਹਿਦੇਵ, ਤੇਰੇ ਲਈ ਮੇਰੀ ਜਾਨ ਹਾਜ਼ਰ ਐ.....ਪਰ ਖ਼ਤ ਪੜ੍ਹਾਉਣ ਵਾਲੀ ਗੱਲ ਕਰ ਕੇ ਮੈਨੂੰ ਏਸ ਤਰ੍ਹਾਂ ਲਗਦੈ ਜਿਵੇਂ ਤੂੰ ਮੈਥੋਂ ਕੁਝ ਖੋਹ ਰਿਹਾ ਹੋਵੇਂ।" ਉਸ ਲਈ ਮੁਕਲ ਦਾ ਏਨਾ ਕੁ ਜਵਾਬ ਹੀ ਬਹੁਤ ਸੀ। ਉਸਦੇ ਦਿਲ ਨੂੰ ਚੋਟ ਪਹੁੰਚੀ। (ਪੰਨਾ 44)

ਮੁਕਲ ਦਾ ਇਹੋ ਜਿਹਾ ਜਵਾਬ ਸੁਣ ਕੇ ਸਹਿਦੇਵ ਨੂੰ ਇਉਂ ਜਾਪਦਾ ਹੈ ਜਿਵੇਂ ਉਹ ਕੇਵਲ ਆਪਣੀ ਨਜ਼ਰ ਵਿਚ ਹੀ ਨਹੀਂ ਬਲਕਿ ਮੁਕਲ ਦੀ ਨਜ਼ਰ ਵਿਚ ਵੀ ਡਿੱਗ ਪਿਆ ਹੋਵੇ ਅਤੇ ਆਪਣੇ ਅੰਤਰੰਗ ਮਿੱਤਰ ਦੀਆਂ ਨਜ਼ਰਾਂ ਵਿਚ ਡਿੱਗਣਾ ਉਸਨੂੰ ਗਵਾਰਾ ਨਹੀਂ। ਉਸ ਦੀ ਨਜ਼ਰ ਵਿਚ ਉਪਰ ਉੱਠਣ ਲਈ ਸਹਿਦੇਵ ਇਕ ਮਨੋਵਿਗਿਆਨ ਵਿਧੀ (defence mechanism) ਦਾ ਪ੍ਰਯੋਗ ਕਰਦਾ ਹੈ। ਉਹ ਖ਼ੁਦ ਹੀ ਨਿਸ਼ਾ ਨਾਮ ਦੀ ਇਕ ਮੁਟਿਆਰ ਦੇ ਹਵਾਲੇ ਨਾਲ ਆਪਣੇ ਆਪ ਨੂੰ ਪ੍ਰੇਮ-ਪੱਤਰ ਲਿਖਣੇ ਸ਼ੁਰੂ ਕਰ ਦਿੰਦਾ ਹੈ। ਪਰੰਤੂ ਜਿੱਥੇ ਲੱਕੀ ਦੁਆਰਾ ਲਿਖੇ ਖ਼ਤ ਮੁਕਲ ਦੀ ਬਹੁਮੁੱਲੀ ਸੰਪਤੀ ਹੁੰਦੇ ਸਨ ਅਤੇ ਉਹ ਉਨ੍ਹਾਂ ਨੂੰ ਸੰਭਾਲ-ਸੰਭਾਲ ਕੇ ਰੱਖਦਾ ਸੀ, ਉਥੇ ਸਹਿਦੇਵ ਲਈ ਇਨ੍ਹਾਂ ਜਾਅਲੀ ਜਹੇ ਪੱਤਰਾਂ ਦੀ ਕੋਈ ਅਹਿਮੀਅਤ ਹੀ ਨਹੀਂ ਸੀ। ਉਹ ਇਕ ਨਜ਼ਰ ਵੇਖ ਕੇ ਇਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿੰਦਾ ਸੀ। ਆਖਰ ਸਹਿਦੇਵ ਆਪਣੀ ਇਸ ਬਣਾਉਟੀ ਜਿਹੀ ਖੇਡ (make-believe) ਤੋਂ ਤੰਗ ਆ ਗਿਆ ਅਤੇ ਉਸਨੇ ਇਹ ਖੇਡ ਛੱਡ ਦਿੱਤੀ। ਪਰੰਤੂ ਪ੍ਰੇਮ ਦੀ ਮਘਦੀ ਅਗਨ ਦਾ ਨਿੱਘ ਮਾਣ ਰਹੇ ਮੁਕਲ ਅਤੇ ਲੱਕੀ ਦੀ ਨਿਕਟਤਾ ਹੌਲੀ-ਹੌਲੀ ਉਸਨੂੰ ਜਲਾਉਣ ਲੱਗ ਪਈ। ਉਹ ਮਨੋਵਿਗਿਆਨ ਗੁੰਝਲ ਦਾ ਸ਼ਿਕਾਰ ਹੋ ਕੇ ਮੰਜੇ ਉਤੇ ਪੈ ਗਿਆ ਅਤੇ ਹੌਲੀ-ਹੌਲੀ ਘੁਲ-ਘੁਲ ਕੇ ਮ੍ਰਿਤੂ ਵੱਲ ਵਧਣ ਲੱਗਾ। ਜਦੋਂ ਉਹ ਮੌਤ ਦੇ ਬਿਲਕੁਲ ਕਰੀਬ ਪਹੁੰਚ ਜਾਂਦਾ ਹੈ ਤਾਂ ਉਹ ਮੁਕਲ ਦੇ ਖ਼ੂਬਸੂਰਤ ਭਵਿੱਖ ਲਈ ਦੁਆ ਕਰਦਾ ਹੈ:

"ਚੰਗਾ ਵੀਰੇ, ਮੈਂ ਬੇਸ਼ਕ ਤੁਹਾਡੇ ਲਈ ਕੁਝ ਵੀ ਨਹੀਂ ਕਰ ਸਕਿਆ, ਫੇਰ ਵੀ ਮੇਰੀ ਆਖਰੀ ਵੇਲੇ ਦੀ ਦੁਆ ਹੈ, ਤੂੰ ਤੇ ਲੱਕੀ ਮਿਲ ਜਾਵੇਂ। ਆਖਰੀ ਵੇਲੇ ਦੀ ਦੁਆ ਤਾਂ ਰੱਬ ਦੀ ਦਰਗਾਹ ਵਿਚ ਵੀ ਮੰਜੂਰ ਹੋ ਜਾਂਦੀ ਐ।"

"ਹਾਂ! ਕਿਉਂ ਨਹੀਂ?"

"ਫੇਰ ਜਦੋਂ ਤੂੰ ਤੇ ਲੱਕੀ ਮਿਲਿਆ ਕਰੋਂ ਤਾਂ ਮੈਨੂੰ ਜਰੂਰ ਯਾਦ ਕਰ ਲਿਆ ਕਰਿਓ। ਕਦੇ-ਕਦਾਈਂ ਜਦੋਂ ਤੁਸੀਂ ਚੰਨ-ਚਾਨਣੀ ਰਾਤ ਵਿਚ ਕੋਠੇ ਉਤੇ ਬਹਿ ਕੇ ਪਿਆਰ ਦੀਆਂ ਗੱਲਾਂ ਕਰਿਆ ਕਰੋਂ ਤਾਂ ਕਿਤੇ-ਕਿਤੇ ਮੇਰਾ ਜ਼ਿਕਰ ਜਰੂਰ ਕਰ ਲਿਆ ਕਰਿਓ। (ਪੰਨੇ 50-51)

ਦਰਸ਼ਨ ਮਿਤਵਾ ਨੇ ਆਪਣੇ ਇਸ ਨਾਵਲ ਵਿਚ ਇਕ ਮਨੋਵਿਗਿਆਨਕ ਸਮੱਸਿਆ ਨੂੰ ਲੈ ਕੇ ਇਸਦਾ ਗਲਪੀਕਰਣ ਕੀਤਾ ਹੈ। ਇਸ ਨਾਵਲ ਵਿਚ ਦੋਸਤੀ ਅਤੇ ਮੁਹੱਬਤ ਦੇ ਵਿਸ਼ੇ ਨਿਰੂਪਤ ਹੋਏ ਹਨ। ਦੋਸਤੀ ਸਹਿਦੇਵ ਅਤੇ ਮੁਕਲ ਦੇ ਦਰਮਿਆਨ ਦਿਖਾਈ ਗਈ ਹੈ। ਦੋਵੇਂ ਮਿੱਤਰ ਆਪੋ ਆਪਣੀ ਤਨਹਾਈ ਅਤੇ ਸਮਾਜਿਕ-ਸਭਿਆਚਾਰਕ ਦਬਾਉ ਦੇ ਭੰਨੇ ਹੋਏ ਇਕ-ਦੂਜੇ ਤੋਂ ਸਹਾਰਾ ਪ੍ਰਾਪਤ ਕਰਦੇ ਹਨ। ਲੇਖਕ ਨੇ ਦੋਸਤੀ ਦੇ ਸੰਕਲਪ ਅਤੇ ਮਹਤਵ ਬਾਰੇ ਆਪਣੇ ਵਿਲੱਖਣ ਵਿਚਾਰ ਵੀ ਇਸ ਰਚਨਾ ਵਿਚ ਪ੍ਰਸਤੁਤ ਕੀਤੇ ਹਨ। ਦੇਖੋ:

"ਅਸਲ ਵਿਚ ਦੋਸਤੀ ਤਾਂ ਇਕ ਸਮਝੌਤੇ ਮੁਕਲ, ਆਪਣੇ ਆਪ ਨਾਲ। ਜਦੋਂ ਦੋ ਜਣੇ ਇਕ-ਦੂਸਰੇ ਲਈ ਅੰਦਰੋਂ ਤੇ ਬਾਹਰੋਂ ਸੱਚੇ ਹੋਣਗੇ, ਇੱਕ-ਦੂਸਰੇ ਨੂੰ ਸਮਝ ਲੈਣਗੇ ਤਾਂ ਉਹ ਦੋਵੇਂ ਵਧੀਆ ਦੋਸਤ ਬਣ ਜਾਣਗੇ। ਜਿਹੋ ਜਿਹਾ ਦੋਸਤ ਤੈਨੂੰ ਚਾਹੀਦੈ, ਪਹਿਲਾਂ ਉਹੋਜਾ ਬਣ ਕੇ ਦਿਖਾ। ਜਿਹੋਜਾ ਪਿਆਰ ਚਾਹੀਦੈ ਪਹਿਲਾਂ ਉਹੋ ਜਿਹਾ ਕਿਸੇ ਨੂੰ ਕਰ ਕੇ ਤਾਂ ਦੇਖ। ਦੋਸਤੀ ਤਾਂ ਬਸ ਦੇਣ ਦਾ ਈ ਨਾਂਅ ਐ, ਲੈਣ ਦਾ ਨ੍ਹੀਂ। ਵੇਲੇ ਸਿਰ ਕੰਮ ਆਉਣ ਵਾਲਾ ਈ ਦੋਸਤ ਹੁੰਦੈ, ਇਹ ਵੀ ਭਲਾ ਕੀ ਪਰਿਭਾਸ਼ਾ ਹੋਈ ਦੋਸਤੀ ਦੀ? ਇਹ ਤਾਂ ਸਵਾਰਥ ਐ, ਨਿਰਾ ਸਵਾਰਥ। ਲੈਣ ਵਿਚ ਹਮੇਸ਼ਾ ਸਵਾਰਥ ਛੁਪਿਆ ਹੁੰਦੈ ਤੇ ਸਵਾਰਥ ਅੱਗੇ ਭਲਾ ਮੁਕਲ, ਦੋਸਤੀ ਕਿੰਨਾ ਕੁ ਚਿਰ ਦਮ ਭਰ ਸਕਦੀ ਐ?"......ਦੋਸਤੀ ਕਦੇ ਕਿਸੇ ਪਰਖ ਦੀ ਮੁਹਤਾਜ ਨਹੀਂ ਹੁੰਦੀ। ਇਹ ਤਾਂ ਇਕ ਵਿਸ਼ਵਾਸ ਐ, ਆਪਣੇ ਈ ਅੰਦਰ ਦਾ ਵਿਸ਼ਵਾਸ। ਜਦੋਂ ਵੀ ਦੋਸਤ ਨੂੰ ਪਰਖਣ ਦੀ ਗੱਲ ਚੱਲਦੀ ਐ ਤਾਂ ਸਮਝ ਲਓ ਕਿ ਤੁਹਾਡੇ ਦਿਲ ਵਿਚ ਕੋਈ ਖੋਟ ਆ ਗਿਆ, ਸਵਾਰਥ-ਭਾਵਨਾ ਜਾਗ ਪਈ।......." (ਪੰਨੇ 20)

ਦਰਸ਼ਨ ਮਿਤਵਾ ਨੇ ਦੋਸਤੀ ਦੇ ਨਾਲ-ਨਾਲ ਮੁਹੱਬਤ ਦੇ ਇਹਸਾਸ ਅਤੇ ਰਿਸ਼ਤੇ ਦੀ ਵੀ ਭਰਪੂਰ ਤਰਜਮਾਨੀ ਕੀਤੀ ਹੈ। ਲੇਖਕ ਨੇ ਦੋਸਤੀ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਹਿਦੇਵ ਦੇ ਮਾਧਿਅਮ ਦੁਆਰਾ ਰੂਪਮਾਨ ਕੀਤੇ ਹਨ ਜਦੋਂ ਕਿ ਮੁਹੱਬਤ ਵਿਚੋਂ ਪੈਦਾ ਹੋਣ ਵਾਲੇ ਆਨੰਦ ਦੀ ਪੇਸ਼ਕਾਰੀ ਮੁਕਲ ਦੁਆਰਾ ਕੀਤੀ ਗਈ

ਹੈ। ਦੇਖੋ:

"ਹੁਣ ਪਤਾ ਲੱਗਦੈ ਸਹਿਦੇਵ ਕਿ ਇਸ਼ਕ ਵਿਚ ਪਹਾੜ ਵੀ ਕੱਟਿਆ ਜਾ ਸਕਦੈ, ਮੱਝਾਂ ਵੀ ਚਰਾਈਆਂ ਜਾ ਸਦਕੀਆਂ ਨੇ ਤੇ ਤੱਤੇ ਥਲਾਂ ਨੂੰ ਵੀ ਗਾਹਿਆ ਜਾ ਸਕਦੈ।" ਮੁਕਲ ਨੇ ਦੱਸਿਆ ਕਿ ਉਹ ਅੱਜ ਪਹਿਲੀ ਵਾਰ ਆਪਣੀ ਮਹਿਬੂਬ ਕੁੜੀ ਨੂੰ ਮਿਲ ਕੇ ਆਇਆ ਸੀ। ਉਸ ਨੂੰ ਮਿਲਣ ਲਈ ਪਹਾੜ ਜਿੱਡੀ ਕੰਧ ਪਤਾ ਹੀ ਨਹੀਂ ਉਹ ਅੱਖ ਦੇ ਫੋਰ ਵਿਚ ਕਿਵੇਂ ਟੱਪ ਗਿਆ ਸੀ। (ਪੰਨੇ 31)

'ਕਸਤੂਰੀ' ਵਿਚ ਦਰਸ਼ਨ ਮਿਤਵਾ ਨੇ ਮੁਹੱਬਤ ਦੇ ਇਸ ਪੱਖ ਵੱਲ ਵੀ ਸੰਕੇਤ ਕੀਤਾ ਹੈ ਕਿ ਇਸ ਦੀ ਮਹਿਕ ਆਪਣੇ ਹੀ ਅੰਦਰ ਸਮਾਈ ਹੁੰਦੀ ਹੈ। ਜਿਹੜੇ ਲੋਕ ਇਸ ਮਹਿਕ ਦੀ ਤਲਾਸ਼ ਵਿਚ ਬਾਹਰ ਭਟਕਦੇ ਰਹਿੰਦੇ ਹਨ, ਉਨ੍ਹਾਂ ਨੂੰ ਇਸਦੀ ਪ੍ਰਾਪਤੀ ਨਹੀਂ ਹੁੰਦੀ। ਲੇਖਕ ਨੇ ਆਪਣੀ ਇਸ ਧਾਰਨਾ ਨੂੰ ਨਾਵਲ ਦੇ ਅੰਤ ਵਿਚ ਬਿਆਨ ਕਰ ਕੇ ਇਹ ਦਰਸਾਉਣ ਦੀ ਚੇਸ਼ਟਾ ਕੀਤੀ ਹੈ ਕਿ ਸਹਿਦੇਵ ਮੁਹੱਬਤ ਦੀ ਮਹਿਕ ਨੂੰ ਪ੍ਰਾਪਤ ਕਰਨ ਵਾਸਤੇ ਐਵੇਂ ਇਧਰ-ਉਧਰ ਭਟਕਦਾ ਰਿਹਾ, ਅਸਲ ਵਿਚ ਮੁਹੱਬਤ ਰੂਪੀ ਕਸਤੂਰੀ ਉਸਦੇ ਆਪਣੇ ਵਜੂਦ, ਆਪਣੀ ਸ਼ਖ਼ਸੀਅਤ ਵਿਚ ਹੀ ਮੌਜੂਦ ਸੀ। ਪਰੰਤੂ ਲੇਖਕ ਨੇ ਆਪਣੀ ਇਸ ਧਾਰਨਾ ਦੇ ਪ੍ਰਗਟਾਉ ਅਥਵਾ, ਨਿਰੂਪਣ ਵਾਸਤੇ ਬਹੁਤ ਘੱਟ ਸਪੇਸ ਦਾ ਪ੍ਰਯੋਗ ਕੀਤਾ ਹੈ, ਜਿਸ ਕਾਰਨ ਇਸ ਧਾਰਨਾ ਦਾ ਗਲਪੀ-ਬਿੰਬ ਉਜਾਗਰ ਨਹੀਂ ਹੋ ਸਕਿਆ। ਜਿਹੜਾ ਇਹਸਾਸ ਇਸ਼ ਰਚਨਾ ਵਿਚ ਪੂਰਨ ਭਾਂਤ ਉਜਾਗਰ ਹੋਇਆ ਹੈ, ਉਹ ਸਹਿਦੇਵ ਦੇ ਮਨ ਵਿਚ ਮੁਹੱਬਤ ਦੀ ਅਤ੍ਰਿਪਤੀ ਕਾਰਨ ਪੈਦਾ ਹੋਈ ਉਦਾਸੀ ਨਾਲ ਸੰਬੰਧ ਰੱਖਦਾ ਹੈ। ਜਦੋਂ ਵੀ ਮੁਕਲ, ਸਹਿਦੇਵ ਨਾਲ ਆਪਣੇ ਪ੍ਰੇਮ ਨਾਲ ਸੰਬੰਧਿਤ ਕਿਸੇ ਘਟਨਾ ਦਾ ਉਲੇਖ ਕਰਦਾ ਹੈ ਤਾਂ ਸਹਿਦੇਵ ਇਕ ਡੂੰਘੀ ਉਦਾਸੀ ਦੇ ਜਜ਼ਬੇ ਨਾਲ ਘਿਰ ਜਾਂਦਾ ਹੈ। ਦੇਖੋ:-

ਮੁਕਲ ਸਹਿਦੇਵ ਨੂੰ ਖੁਸ਼ ਕਰਨ ਲਈ, ਉਸਦੀ ਉਦਾਸੀ ਨੂੰ ਤੋੜਨ ਅਤੇ ਚੁੱਪੀ ਨੂੰ ਭੰਗ ਕਰਨ ਲਈ ਫੇਰ ਤੋਂ ਆਪਣੀਂ ਮਹਿਬੂਬ ਕੁੜੀ ਦੀਆਂ ਗੱਲਾਂ ਛੇੜ ਲੈਂਦਾ ਤਾਂ ਸਹਿਦੇਵ ਦੀ ਚੁੱਪੀ ਹੋਰ ਸੰਘਣੀ ਹੋ ਜਾਂਦੀ। ਉਸਦੀ ਉਦਾਸੀ ਜਿਵੇਂ ਚੁਪਾਸੀਂ ਵੀ ਖਿੱਲਰਨੀ ਸ਼ੁਰੂ ਹੋ ਜਾਂਦੀ ਸੀ। ਜੇ ਉਹ ਮੁਕਲ ਸਾਮ੍ਹਣੇ ਮੁਸਕਰਾਉਣ ਦੀ ਕੋਸ਼ਿਸ਼ ਵੀ ਕਰਦਾ ਤਾਂ ਉਹ ਅੰਦਰਲੀ ਉਦਾਸੀ ਉਸ ਦੀਆਂ ਅੱਖਾਂ ਵਿਚ ਉਤਰਨੀ ਸ਼ੁਰੂ ਹੋ ਜਾਂਦੀ, ਜਿਸਨੂੰ ਉਹ ਕਿਸੇ ਵੀ ਤਰ੍ਹਾਂ ਮੁਕਲ ਤੋਂ ਲੁਕੋ ਨਹੀਂ ਸਕਦਾ ਸੀ। ਅੱਖਾਂ ਉਸਦੀ ਉਦਾਸੀ ਦੀ ਬਾਤ ਪਾਉਂਦੀਆਂ......ਅਜੇ ਤਾਂ ਕੋਈ ਬਹੁਤ ਸਮਾਂ ਵੀ ਨਹੀਂ ਸੀ ਲੰਘਿਆ ਕਿ ਉਸਦੀ ਉਦਾਸੀ ਉਸਦੇ ਚਿਹਰੇ ਉੱਤੇ ਵੀ ਆ ਕੇ ਚਿਪਕਣ ਲੱਗ ਪਈ ਸੀ। ਉਸ ਅੰਦਰਲਾ ਦੁੱਖ ਫੋੜੇ ਵਾਂਗ ਰਿਸਣ ਪੱਗ ਪਿਆ ਸੀ। ਫੇਰ ਹੌਲੀ-ਹੌਲੀ ਉਸਨੂੰ ਇਹ ਵੀ ਮਹਿਸੂਸ ਹੋਣ ਲੱਗ ਪਿਆ ਕਿ ਉਸਦਾ ਦੋਸਤ ਮੁਕਲ ਵੀ ਉਸਨੂੰ ਪਹਿਲਾਂ ਨਾਲੋਂ ਘੱਟ ਮਿਲਣ ਲੱਗ ਪਿਆ ਹੈ। (ਪੰਨੇ 33)

ਦਰਸ਼ਨ ਮਿਤਵਾ ਨੇ ਇਕ ਬਹੁਤ ਹੀ ਸੂਖ਼ਮ ਵਿਸ਼ੇ ਨੂੰ ਲੈ ਕੇ ਇਸ ਮਨੋਵਿਗਿਆਨਕ ਨਾਵਲ ਦੀ ਰਚਨਾ ਕੀਤੀ ਹੈ। ਉਹ ਆਪਣੀਆਂ ਰਚਨਾਵਾਂ ਵਿਚ ਸਮੇਂ ਨੂੰ ਇਕ ਵਿਸ਼ੇਸ਼ ਮੁਕਾਮ ਉੱਤੇ ਫਰੀਜ਼ ਕਰ ਲੈਂਦਾ ਹੈ ਅਤੇ ਫਿਰ ਸਿੰਟੇਗਮੈਟਿਕ ਵਿਧੀ ਦੁਆਰਾ ਆਪਣੇ ਕਥਾਨਕ ਨੂੰ ਪਸਾਰਦਾ-ਵਿਸਾਰਦਾ ਹੈ। ਇਸ ਕਾਰਨ ਨਾਵਲੀ-ਜੁਗਤ ਵਿਚੋਂ ਇਤਿਹਾਸਕ ਪਰਿਪੇਖ ਦੀ ਟੋਹ ਲੈਣ ਵਾਲੇ ਪਾਠਕ ਜ਼ਰੂਰ ਕੁਝ ਨਿਰਾਸ਼ ਹੋ ਜਾਂਦੇ ਹੋਣਗੇ ਕਿਉਂਕਿ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੋਵੇਗਾ ਜਿਵੇਂ ਨਾਵਲਕਾਰ ਆਪਣੀ ਬੇਧਿਆਨੀ ਦੇ ਕਾਰਨ ਆਪਣੇ ਪਾਤਰਾਂ ਦੇ ਸਮਾਜਿਕ-ਆਰਥਿਕ ਪਰਿਵੇਸ਼ ਦਾ ਵਿਸ਼ਲੇਸ਼ਣ ਨਹੀਂ ਕਰਦਾ। ਪਰ ਅਸਲ ਵਿਚ ਇਹ ਸਭ ਨਾਵਲਕਾਰ ਦੀ ਵਿਲੱਖਣ ਵਿਧੀ ਦੇ ਕਾਰਨ ਹੀ ਵਾਪਰਦਾ ਹੈ। ਜੇ ਉਹ ਪੰਜਾਬੀ ਵਿਚ ਗਲਪ-ਰਚਨਾ ਕਰਨ ਵਾਲੇ ਬਹੁਤ ਸਾਰੇ ਗਲਪਕਾਰਾਂ ਵਾਂਗ ਆਪਣਾ ਬਹੁਤਾ ਧਿਆਨ ਸਮਾਜਿਕ-ਆਰਥਿਕ ਪਰਿਸਥਿਤੀਆਂ ਉਤੇ ਹੀ ਟਿਕਾਈ ਰੱਖੇ ਤਾਂ ਉਸਦਾ ਮੂਲ ਮੁੱਦਾ ਪੂਰੀ ਭਾਂਤ ਉਜਾਗਰ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਉਹ ਆਪਣੀ ਦ੍ਰਿਸ਼ਟੀ ਪਾਤਰਾਂ ਅਤੇ ਉਨ੍ਹਾਂ ਨਾਲ ਵਾਪਰਣ ਵਾਲੀਆਂ ਘਟਨਾਵਾਂ ਉੱਤੇ ਹੀ ਕੇਂਦ੍ਰਿਤ ਕਰਕੇ ਰੱਖਦਾ ਹੈ। ਜੇ ਅਸੀਂ ਉਸਦੀਆਂ ਰਚਨਾਵਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਕਥਾਵਸਤੂ ਅਤੇ ਪਾਤਰ ਉਸਾਰੀ ਦੀ ਤਹਿ ਵਿਚ ਉਹ ਸਾਰੇ ਸਮਾਜਿਕ-ਆਰਥਿਕ ਵੇਰਵੇ ਲੱਭ ਜਾਂਦੇ ਹਨ, ਜਿਹੜੇ ਕਿਸੇ ਰਚਨਾ ਦੀ ਪ੍ਰਮਾਣਿਕਤਾ ਲਈ ਲੋੜੀਂਦੇ ਹੁੰਦੇ ਹਨ। 'ਕਸਤੂਰੀ' ਇਕ ਪ੍ਰਮਾਣਿਕ ਗਲਪ-ਰਚਨਾ ਦੀਆਂ ਸਾਰੀਆਂ ਜ਼ਰੂਰਤਾਂ ਉਤੇ ਪੂਰਾ ਉੱਤਰਦਾ ਹੈ।

□

ਸੱਚਿਦਾਨੰਦ
ਅੰਤਰੀਵ ਸੱਚ

ਪੰਜਾਬੀ ਗਲਪ ਸਾਹਿਤ ਵਿਚ ਦਰਸ਼ਨ ਮਿਤਵਾ ਦਾ ਇਕ ਵਿਸ਼ੇਸ਼ ਸਥਾਨ ਹੈ। ਉਸ ਨੇ ਪੰਜਾਬੀ ਜਨ ਜੀਵਨ ਦੇ ਬਹੁਤ ਸਾਰੇ ਪੱਖਾਂ ਅਤੇ ਧਰਾਤਲਾਂ ਨੂੰ ਗਲਪ ਦੇ ਮਾਧਿਅਮ ਦੁਆਰਾ ਮੂਰਤੀਮਾਨ ਕੀਤਾ ਹੈ। ਪੰਜਾਬੀ ਦੇ ਬਹੁਤੇ ਗਲਪਕਾਰ ਸਿਰਜਕ ਹੋਣ ਨਾਲੋਂ ਅਨੁਕਰਤਾ ਵਧੇਰੇ ਹਨ ਅਰਥਾਤ ਵਸਤੂਗਤ ਜੀਵਨ ਵਿਚ ਉਨ੍ਹਾਂ ਨੂੰ ਜਿਹੜਾ ਉੱਲੇਖਯੋਗ ਬ੍ਰਿਤਾਂਤ ਲੱਭਦਾ ਹੈ, ਉਹ ਉਸੇ ਦਾ ਪੁਨਰ-ਲੇਖਣ ਕਰ ਦਿੰਦੇ ਹਨ। ਮੁਢਲੇ ਦੌਰ ਵਿਚ ਲੇਖਕ ਲਈ ਅਨੁਕਰਤਾ ਹੋਣਾ ਕੋਈ ਮਿਹਣੇ ਵਾਲੀ ਗੱਲ ਨਹੀਂ ਸੀ ਅਤੇ ਬਹੁਤੇ ਲੇਖਕ ਅਨੁਕਰਤੇ ਹੀ ਹੁੰਦੇ ਸਨ। ਸ਼ਾਇਦ ਇਸੇ ਕਾਰਨ ਪਲੈਟੋ ਵਰਗੇ ਦਾਰਸ਼ਨਿਕਾਂ ਨੇ ਸਾਹਿੱਤਕਾਰਾਂ ਨੂੰ ਅਨੁਕਰਤੇ ਮੰਨਿਆ ਸੀ। ਉਸਦੇ ਅਨੁਕਰਣ-ਸਿਧਾਂਤਾਂ ਵਿਚ ਸਾਹਿੱਤ ਦੀ ਇਸੇ ਦ੍ਰਿਸ਼ਟੀ ਤੋਂ ਨਿਰਖ-ਪਰਖ ਕੀਤੀ ਗਈ ਹੈ। ਪਲੈਟੋ ਦਾ ਵਿਚਾਰ ਸੀ ਕਿ ਸਾਹਿੱਤਕਾਰ ਲੋਕ, ਜੀਵਨ ਅਤੇ ਜਗਤ ਵਿਚ ਸੁਭਾਵਿਕ ਰੂਪ ਵਿਚ ਲਿਖੇ ਜਾ ਰਹੇ ਬ੍ਰਿਤਾਂਤਾਂ ਨੂੰ ਹੀ ਜਿਉਂ-ਦਾ-ਤਿਉਂ ਪੇਸ਼ ਕਰਕੇ ਜਗਤ ਦਾ ਅਨੁਕਰਣ ਕਰ ਰਹੇ ਹਨ। ਪਲੈਟੋ ਦੇ ਇਸ ਇਲਜ਼ਾਮ ਦਾ ਜਵਾਬ ਅਰਸਤੂ ਨੇ ਆਪਣੇ ਕੈਥਾਰਸਿਜ਼ ਦੇ ਸਿਧਾਂਤ ਦੁਆਰਾ ਦਿੱਤਾ ਅਤੇ ਇਹ ਵੀ ਦਰਸਾਇਆ ਕਿ ਸਾਹਿੱਤਕਾਰ ਅਨੁਕਰਤਾ ਨਹੀਂ ਬਲਕਿ ਸਿਰਜਕ ਹੁੰਦਾ ਹੈ।

ਇਹ ਠੀਕ ਹੈ ਕਿ ਹਰ ਸਾਹਿੱਤਕਾਰ ਨੂੰ ਬੀਜ ਰੂਪ ਵਿਚ ਕੋਈ-ਨਾ-ਕੋਈ ਬ੍ਰਿਤਾਂਤ ਆਪਣੇ ਆਸ-ਪਾਸ ਫੈਲੇ ਜਗਤ ਵਿਚੋਂ ਪ੍ਰਾਪਤ ਹੋ ਜਾਂਦਾ ਹੈ ਪਰ ਉਸਦੀ ਸਾਹਿੱਤਕਾਰੀ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਹ ਅੱਗੇ ਜਾ ਕੇ ਇਸ ਬੀਜ ਰੂਪ ਵਿਚ ਪ੍ਰਾਪਤ ਕਹਾਣੀ ਦਾ ਕਰਦਾ ਕੀ ਹੈ? ਦਰਸ਼ਨ ਮਿਤਵਾ ਨੂੰ ਵੀ ਸੱਚਿਦਾਨੰਦ ਦੀ ਕਹਾਣੀ ਬੀਜ ਰੂਪ ਵਿਚ ਇਕ ਜਿਉਂਦੇ-ਜਾਗਦੇ ਵਿਅਕਤੀ (ਸਾਧੂ) ਨਾਲ ਅਚਾਨਕ ਹੋਏ ਇਕ ਸਾਖਿਆਤਕਾਰ ਦੁਆਰਾ ਹੋਈ ਸੀ। ਪਰੰਤੂ ਮਾਡਲ ਰੂਪ ਵਿਚ ਨਜ਼ਰ ਆਏ ਇਸ ਪਾਤਰ ਦੇ ਜੀਵਨ ਬ੍ਰਿਤਾਂਤ ਨੂੰ ਉਸਨੇ ਜਿਉਂ-ਦਾ-ਤਿਉਂ ਪੇਸ਼ ਕਰਨ ਦੀ ਬਜਾਇ ਇਸ ਮਾਡਲ ਦੀ ਪੁਨਰ-ਸਿਰਜਣਾ ਕੀਤੀ ਹੈ ਅਤੇ ਇਉਂ ਸੰਨਿਆਸੀ ਜੀਵਨ ਬਾਰੇ ਆਪਣੇ ਦ੍ਰਿਸ਼ਟਕੋਣ ਦੀ ਨਿਰੂਪਣ ਵੀ ਕੀਤਾ ਹੈ। ਇਸ ਨਾਵਲ ਵਿਚ ਦਰਸ਼ਨ ਮਿਤਵਾ ਦੀ ਰਚਨਾਤਮਕਤਾ ਦਾ ਇਕ ਵੱਡੀ ਪ੍ਰਾਪਤੀ ਸੰਨਿਆਸੀ ਮਹਾਪੁਰਖਾਂ ਦੇ ਜੀਵਨ ਨਾਲ ਜੁੜੇ ਆਸ਼ਰਮਾਂ ਦੀ ਭੂਗੋਲਿਕ-ਸਭਿਆਚਾਰਕ ਸਥਿਤੀ ਦੀ ਪੇਸ਼ਕਾਰੀ ਕਰਨਾ ਹੈ। ਸੱਚਿਦਾਨੰਦ ਦੀ ਸਰਾਪੀ ਹੋਂਦ ਨੂੰ ਕਲਾਤਮਕ

ਪਰਿਪੇਖ ਵਿਚ ਪੇਸ਼ ਕਰਨ ਲਈ ਦਰਸ਼ਨ ਮਿਤਵਾ ਨੂੰ ਮਹਾਰਿਸ਼ੀ ਸ਼ੁਕਨ ਦੇ ਆਸ਼ਰਮ ਦੀ ਕਲਪਣਾ ਕਰਨੀ ਪਈ। ਲੇਖਕ ਅਨੁਸਾਰ ਸ਼ਕੁਨ ਰਿਸ਼ੀ ਦਾ ਆਸ਼ਰਮ ਚੀਲਾਂ, ਦਿਓਦਾਰਾਂ ਅਤੇ ਹੋਰ ਦੇਵਕੱਦ ਹਰੇ-ਭਰੇ ਬਿਰਖਾਂ ਨਾਲ ਘਿਰਿਆ ਹੋਇਆ ਸੀ। ਆਸ਼ਰਮ ਵਿਚੋਂ ਪਹਾੜਾਂ ਦੀਆਂ ਚੋਟੀਆਂ ਨਜ਼ਰ ਆ ਰਹੀਆਂ ਸਨ। ਚਾਰੇ ਪਾਸੇ ਰੰਗ ਬਿਰੰਗੇ ਫੁੱਲ ਆਪਣੀ ਮਹਿਕ ਖਿੰਡਾ ਰਹੇ ਸਨ। ਰੁੱਖਾਂ ਉੱਤੇ ਚੜ੍ਹੀਆ ਵੇਲਾਂ, ਹਵਾ ਦੇ ਬੁੱਲਿਆਂ ਨਾਲ ਝੂਮਦੀਆਂ ਹੋਈਆਂ ਇਸ ਤਰ੍ਹਾਂ ਪ੍ਰਤੀਤ ਹੋ ਰਹੀਆਂ ਸਨ, ਜਿਵੇਂ ਸਾਉਣ ਮਹੀਨੇ ਵਿਚ ਨੱਢੀਆਂ-ਮੁਟਿਆਰਾਂ ਜਿਦ-ਜਿਦ ਕੇ ਪੀਂਘਾਂ ਚੜ੍ਹਾ ਰਹੀਆਂ ਹੋਣ। ਆਸ਼ਰਮ ਦਾ ਸਮੁੱਚਾ ਵਾਤਾਵਰਣ ਸੰਗੀਤਮਈ ਦਰਸਾਇਆ ਗਿਆ ਹੈ। ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਅਤੇ ਹੋਰ ਜੀਵ-ਜੰਤੂਆਂ ਦੀਆਂ ਆਵਾਜ਼ਾਂ ਇਸ ਮਾਹੌਲ ਦੀ ਫਿਜ਼ਾ ਨੂੰ ਸੁਰੀਲਾ ਬਣਾਉਂਦੀਆਂ ਰਹਿੰਦੀਆਂ ਹਨ। ਇਸ ਆਸ਼ਰਮ ਤੋਂ ਕੁਝ ਦੂਰ ਇਕ ਨਦੀ ਵਗਦੀ ਹੈ ਜੋ ਇਸ ਮਾਹੌਲ ਦੀ ਖੂਬਸੂਰਤੀ ਅਤੇ ਪਵਿੱਤਰਤਾ ਵਿਚ ਹੋਰ ਵਾਧਾ ਕਰਦੀ ਹੈ। ਲੇਖਕ ਨੇ ਸ਼ਕੁਨ ਰਿਸ਼ੀ ਦੇ ਇਸ ਆਸ਼ਰਮ ਦੀ ਅਲੌਕਿਕਤਾ ਅਤੇ ਪਵਿੱਤਰਤਾ ਨੂੰ ਦਰਸਾਉਣ ਲਈ ਇਸ ਨਾਲ ਸੰਬੰਧਿਤ ਹੋਰ ਵੀ ਕਈ ਵੇਰਵੇ ਪੇਸ਼ ਕੀਤੇ ਹਨ। ਜਿਵੇਂ: ਆਸ਼ਰਮ ਦੇ ਵਿਹੜੇ ਵਿਚ ਇਕ ਚਬੂਤਰਾ ਹੈ ਜਿਸ ਉਪਰ ਹਵਨ-ਕੁੰਡ ਬਣਿਆ ਹੋਇਆ ਹੈ। ਇਸਨੂੰ ਹਰ ਰੋਜ਼ ਗੋਬਰ ਨਾਲ ਲਿੱਪ-ਪੋਚ ਕੇ ਇਸ ਵਿਚ ਹਵਨ-ਸਮੱਗਰੀ ਪਾਈ ਜਾਂਦੀ ਹੈ, ਜਿਸ ਨਾਲ ਪੂਰਾ ਵਾਤਾਵਰਣ ਸੁਗੰਧਿਤ ਬਣਿਆ ਰਹਿੰਦਾ ਹੈ। ਆਸ਼ਰਮ ਦੇ ਇਕ ਪਾਸੇ ਸਰਕੰਡਿਆਂ ਨਾਲ ਬਣੀ ਰਸੋਈ ਹੈ, ਆਸ਼ਰਮ ਵਿਚ ਬਣੀ ਹੋਈ ਇਕ ਵੱਡੀ ਕੁਟੀਆ ਪੂਜਾ-ਘਰ ਹੈ; ਇਹੀ ਮਹਿਮਾਨਖਾਨਾ ਹੈ, ਜਿਸ ਵਿਚ ਬਾਹਰ ਤੋਂ ਆਉਣ ਵਾਲੇ ਸਾਧੂ-ਮਹਾਤਮਾ ਬਿਸਰਾਮ ਕਰਦੇ ਹਨ। ਆਸ਼ਰਮ ਵਿਚ ਬਹੁਤ ਸਾਰੀਆਂ ਦੁੱਧਾਰੂ ਗਾਵਾਂ ਹਨ, ਜਿਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਦੁੱਧ ਨਾਲ ਮਹਿਮਾਨ-ਸਾਧੂਆਂ ਦੀ ਆਉਭਗਤ ਕੀਤੀ ਜਾਂਦੀ ਹੈ।

ਆਸ਼ਰਮ ਦੀ ਮਰਯਾਦਾ ਨੂੰ ਹੋਰ ਚੰਗੀ ਤਰ੍ਹਾਂ ਸੁਣਾਉਣ/ਬਿਆਨ ਕਰਨ ਦੀ ਮਨਸ਼ਾ ਨਾਲ ਲੇਖਕ ਨੇ ਆਸ਼ਰਮ ਵਿਚ ਸਮੇਂ-ਸਮੇਂ ਹੋਣ ਵਾਲੇ ਮਹਾਭੋਜਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਇਨ੍ਹਾਂ ਮਹਾਭੋਜਾਂ ਵਿਚ ਦੂਰ-ਨੇੜੇ ਦੇ ਆਸ਼ਰਮਾਂ ਵਿਚ ਨਿਵਾਸ ਕਰਨ ਵਾਲੇ ਸਾਰੇ ਸੰਤਾਂ-ਸਾਧੂਆਂ ਨੂੰ ਆਮੰਤ੍ਰਿਤ ਕੀਤਾ ਜਾਂਦਾ ਸੀ। ਨਾਵਲ ਦੇ ਪ੍ਰਥਮ ਦ੍ਰਿਸ਼ ਵਿਚ ਇਕ ਇਹੋ ਜਿਹੇ ਮਹਾਭੋਜ ਦੇ ਵੇਰਵੇ ਪੇਸ਼ ਕੀਤੇ ਗਏ ਹਨ। ਇਸ ਭੋਜ ਵਿਚ ਬਜ਼ੁਰਗ ਰਿਸ਼ੀ ਕਾਮਿਆ, ਉਸਦਾ ਨੌਜਵਾਨ ਸ਼ਿਸ਼-ਪੁੱਤਰ ਰਾਵੀਆ ਅਤੇ ਮਹਾਰਿਸ਼ੀ ਕੰਦਰਾ ਵੀ ਤਸ਼ਰੀਫ਼ ਲਿਆਏ ਹਨ। ਹੋਰ ਵੀ ਬਹੁਤ ਸਾਰੇ ਰਿਸ਼ੀ-ਮੁਨੀ ਇਸ ਮਹਾਭੋਜ ਦੀ ਸ਼ੋਭਾ ਵਧਾਉਣ ਲਈ ਪਹੁੰਚੇ ਹੋਏ ਹਨ। ਕੋਈ ਆਪਣੀ ਮਸਤੀ ਵਿਚ ਅੱਖਾਂ ਮੁੰਦੀ ਬੈਠਾ ਹੈ, ਕੋਈ ਚਿਲਮਾਂ ਫੂਕ ਰਿਹਾ ਹੈ। ਨਾਲ ਹੀ 'ਓਮ', 'ਸ਼ਿਵ ਭਲੇ' ਅਤੇ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦੀਆਂ ਧੁਨੀਆਂ ਦਾ ਉਚਾਰਣ ਕੀਤਾ ਜਾ ਰਿਹਾ ਹੈ। ਲੰਮੀਆਂ-ਲੰਮੀਆਂ ਜਟਾਂ, ਖੁੱਲ੍ਹੀਆਂ ਬੀਬੀਆਂ ਦਾੜ੍ਹੀਆਂ, ਘੋਨ-ਮੋਨ

ਸਿਰ ਅਤੇ ਸਫਾ ਚੱਟ ਚਿਹਰੇ। ਲੇਖਕ ਨੇ ਆਸ਼ਰਮ ਦੇ ਜੀਵਨ ਨੂੰ ਚਿਤ੍ਰਣ ਵਾਸਤੇ ਆਪਣੇ ਅਨੁਭਵ, ਸਿਮ੍ਰਤੀ ਅਤੇ ਸੂਝ-ਬੂਝ ਦਾ ਭਰਪੂਰ ਪਰਿਚਯ ਦਿੱਤਾ ਹੈ। ਉਸ ਅਨੁਸਾਰ ਮਹਾਭੋਜ ਵਾਲੇ ਦਿਨ ਸੁਬ੍ਹਾ-ਸਵੇਰੇ ਹਵਨ, ਫਿਰ ਵਿਚਾਰ-ਚਰਚਾ, ਆਸ਼ਰਮ ਅਤੇ ਆਸ਼ਰਮ ਵਾਸੀਆਂ ਲਈ ਮੰਗਲ-ਕਾਮਨਾਵਾਂ ਅਤੇ ਅੰਤ ਵਿਚ ਭੋਜਨ। ਰਿਸ਼ੀ ਸ਼ਕੁਨ, ਉਸਦੀ ਪਤਨੀ ਸੁਰੈਣਾ ਅਤੇ ਇਕਲੌਤੀ ਬੇਟੀ ਮੇਰੂ ਇਸ ਮਹਾਭੋਜ ਦੀ ਤਿਆਰੀ ਅਤੇ ਨਿਰਵਾਹ ਲਈ ਪੂਰੇ ਜੀਅ-ਜਾਨ ਨਾਲ ਕੰਮ ਕਰਦੇ ਸਨ। ਸ਼ਾਮ ਤੱਕ ਸਾਰੇ ਸਾਧੂ-ਮਹਾਤਮਾ ਰਵਾਨਾ ਹੋ ਜਾਂਦੇ ਸਨ ਅਤੇ ਇਉਂ ਆਸ਼ਰਮ ਦਾ ਜੀਵਨ ਬੜੇ ਸ਼ਾਂਤ ਅਤੇ ਨਿਰਵਿਘਨ ਢੰਗ ਨਾਲ ਚੱਲ ਰਿਹਾ ਸੀ।

ਆਸ਼ਰਮ ਦੇ ਇਸੇ ਸ਼ਾਂਤ, ਸਹਿਜ ਅਤੇ ਲੁਭਾਵਣੇ ਜੀਵਨ-ਵ੍ਰਿਤ ਉਤੇ ਦਰਸ਼ਨ ਮਿਤਵਾ ਨੇ ਮਾਨਵੀ ਜੀਵਨ ਦੇ ਇਕ ਬੜੇ ਬੇਰਹਿਮ ਅਤੇ ਘਿਨੌਣੇ ਬ੍ਰਿਤਾਂਤ ਨੂੰ ਸਥਿਤ ਕੀਤਾ ਹੈ। ਇਸ ਆਸ਼ਰਮ ਦੇ ਨਜ਼ਦੀਕ ਇਕ ਪਹਾੜ ਦੀ ਗੁਫ਼ਾ ਵਿਚ ਨੌਜਵਾਨ ਸਾਧੂ ਸੱਚਿਦਾਨੰਦ ਦਾ ਟਿਕਾਣਾ ਸੀ। ਸੱਚਿਦਾਨੰਦ ਇਕ ਬਹੁਤ ਹੀ ਖ਼ੂਬਸੂਰਤ ਅਤੇ ਦਰਸ਼ਨੀ ਸਾਧੂ ਸੀ। ਉਹ ਸ਼੍ਰੀ ਕ੍ਰਿਸ਼ਨਾਨੰਦ ਦਾ ਸ਼ਿਸ਼ ਸੀ ਅਤੇ ਪਿਛਲੇ ਪੰਦਰਾਂ ਕੁ ਵਰ੍ਹਿਆਂ ਤੋਂ ਇੱਥੇ ਹੀ ਤਪੱਸਿਆ ਕਰ ਰਿਹਾ ਸੀ। ਉਹ ਬਿਲਕੁਲ ਇਕੱਲਾ ਸੀ ਪਰ ਉਸਦੀ ਲਿਵ, ਪ੍ਰਭੂ ਦੇ ਚਰਨਾਂ ਨਾਲ ਲੱਗੀ ਹੋਈ ਸੀ, ਇਸ ਲਈ ਇਕਲਾਪਾ ਉਸਨੂੰ ਖ਼ਲਦਾ ਨਹੀਂ ਸੀ। ਇਕ ਦਿਨ ਸ਼ਕੁਨ ਰਿਸ਼ੀ ਦੀ ਨੌਜਵਾਨ ਕੰਨਿਆ ਮੇਰੂ ਜੰਗਲ ਵਿਚ ਘੁੰਮਦੀ-ਫਿਰਦੀ ਸੱਚਿਦਾਨੰਦ ਦੇ ਟਿਕਾਣੇ ਤੇ ਆ ਪਹੁੰਚਦੀ ਹੈ। ਏਨੇ ਖ਼ੂਬਸੂਰਤ ਅਤੇ ਯੁਵਾ ਸਾਧੂ ਨੂੰ ਦੇਖ ਉਹ ਉਸ ਉਤੇ ਪਹਿਲੀ ਨਜ਼ਰੇ ਮਰ ਮਿਟਦੀ ਹੈ। ਉਹ ਸੱਚਿਦਾਨੰਦ ਨੂੰ ਚਰਨਾ-ਬੰਦਨਾ ਕਰਦੀ ਹੈ ਪਰ ਉਹ ਅੱਖਾਂ ਨਹੀਂ ਖੋਲ੍ਹਦਾ। ਕੁਝ ਸਮਾਂ ਉੱਥੇ ਰੁਕ ਕੇ ਮੇਰੂ ਵਾਪਸ ਆਪਣੇ ਆਸ਼ਰਮ ਨੂੰ ਪਰਤ ਜਾਂਦੀ ਹੈ ਪਰ ਹੁਣ ਉਹ ਰੋਜ਼ ਉੱਥੇ ਆਉਣਾ ਸ਼ੁਰੂ ਕਰ ਦਿੰਦੀ ਹੈ। ਇਕ ਦਿਨ ਸੱਚਿਦਾਨੰਦ ਆਪਣੇ ਨੇਤਰ ਖੋਲ੍ਹ ਕੇ ਉਸਨੂੰ ਵੇਖਦਾ ਹੈ। ਏਨੀ ਸੁੰਦਰ ਮੁਟਿਆਰ ਨੂੰ ਵੇਖ ਕੇ ਉਹ ਵੀ ਹੈਰਾਨ ਰਹਿ ਜਾਂਦਾ ਹੈ। ਮੇਰੂ, ਸੱਚਿਦਾਨੰਦ ਨੂੰ ਗੰਧਰਵ ਵਿਆਹ ਕਰਨ ਲਈ ਪ੍ਰੇਰਦੀ ਹੈ। ਸੱਚਿਦਾਨੰਦ ਆਪਣੇ ਸਾਧੂਪੁਣੇ ਦਾ ਵਾਸਤਾ ਦੇ ਕੇ ਉਸਤੋਂ ਖ਼ਿਮਾ ਚਾਹੁੰਦਾ ਹੈ ਪਰ ਜਦੋਂ ਮੇਰੂ ਉਸਦੇ ਖਹਿੜੇ ਹੀ ਪੈ ਜਾਂਦੀ ਹੈ ਤਾਂ ਉਹ ਦੱਸਦਾ ਹੈ ਕਿ ਉਹ ਭੋਗ ਦੇ ਯੋਗ ਨਹੀਂ ਹੈ, ਉਸਨੇ ਕਿੰਨੇ ਵਰ੍ਹਿਆਂ ਤੋਂ ਆਪਣੀ ਲਿੰਗ-ਇੰਦਰੀ ਨੂੰ ਵਿੰਨ੍ਹ ਕੇ ਉਸ ਵਿਚ ਲੋਹੇ ਦਾ ਕੜਾ ਪੁਆ ਰੱਖਿਆ ਹੈ। ਉਹ ਆਪਣੀ ਇਹ ਖੰਡਿਤ ਇੰਦਰੀ ਮੇਰੂ ਨੂੰ ਦਿਖਾ ਵੀ ਦਿੰਦਾ ਹੈ। ਉਸਦਾ ਇਹ ਹਾਲ ਦੇਖ ਕੇ ਮੇਰੂ ਉਸਨੂੰ ਬਹੁਤ ਕੋਸਦੀ ਹੈ ਅਤੇ ਕਹਿੰਦੀ ਹੈ ਕਿ ਉਹ ਮਹਾਪੁਰਖ ਕੀ ਬਣੇਗਾ, ਉਹ ਤਾਂ ਢੰਗ ਦਾ ਪੁਰਖ ਵੀ ਨਹੀਂ ਹੈ। ਇਉਂ ਕਹਿ ਕੇ ਮੇਰੂ ਤਾਂ ਵਾਪਸ ਆਪਣੇ ਆਸ਼ਰਮ ਨੂੰ ਚਲੀ ਜਾਂਦੀ ਹੈ ਪਰੰਤੂ ਆਪਣੇ ਪਿੱਛੇ ਸੱਚਿਦਾਨੰਦ ਨੂੰ ਪਛਤਾਵੇ ਅਤੇ ਪੀੜਾ ਦੇ ਸੰਤਾਪ ਵਿਚ ਸੜਦੇ ਰਹਿਣ ਲਈ ਛੱਡ ਜਾਂਦੀ ਹੈ।

ਇਉਂ ਦਰਸ਼ਨ ਮਿਤਵਾ ਸੰਨਿਆਸੀਆਂ ਦੇ ਕਰਮ-ਕਾਂਡਾਂ ਦੀ ਨਿਸਫ਼ਲਤਾ ਉਪਰ ਇਕ ਬੜਾ ਜ਼ਬਰਦਸਤ ਵਿਅੰਗ ਕਰਦਾ ਹੈ। ਉਹ ਇਹ ਵੀ ਦਰਸਾਉਂਦਾ ਹੈ ਕਿ ਅਸ਼ਰਮਾਂ ਵਿਚ ਰਹਿਣ ਵਾਲੇ ਸਾਧੂ-ਸੰਤ ਗ੍ਰਹਿਸਥੀਆਂ ਨਾਲੋਂ ਬੜੇ ਕਮਜ਼ੋਰ ਅਤੇ ਮਜਬੂਰ ਵਿਅਕਤੀ ਹੁੰਦੇ ਹਨ। ਸਾਰੀ ਉਮਰ ਪ੍ਰਭੂ ਦਾ ਸਿਮਰਨ ਕਰਨ ਦੇ ਬਾਵਜੂਦ ਉਹ ਉਸ ਦੀ ਇਕ ਝਲਕ ਮਾਤਰ ਵੀ ਨਹੀਂ ਪਾ ਸਕਦੇ। ਬਲਕਿ ਆਪਣੇ ਮਨੁੱਖੀ ਜੀਵਨ ਨੂੰ ਵਿਅਰਥ ਹੀ ਗੁਆ ਬੈਠਦੇ ਹਨ। ਸੰਨਿਆਸੀ ਜੀਵਨ ਦੀ ਨਿਰਾਰਥਕਤਾ ਨੂੰ ਸਿੱਧ ਕਰਨ ਵਾਸਤੇ ਲੇਖਕ ਸੱਚਿਦਾਨੰਦ ਨੂੰ ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਦਾ ਹੋਇਆ ਵਿਖਾਉਂਦਾ ਹੈ। ਮੇਰੂ ਤੋਂ ਤ੍ਰਿਸਕਿਤ ਹੋ ਕੇ ਸੱਚਿਦਾਨੰਦ ਆਪਣੇ ਗੁਰੂ ਕ੍ਰਿਸ਼ਨਾਨੰਦ ਦੇ ਡੇਰੇ ਵਿਚ ਚਲਾ ਜਾਂਦਾ ਹੈ ਅਤੇ ਉਸਤੋਂ ਆਪਣੇ ਮਾਤਾ-ਪਿਤਾ ਬਾਰੇ ਪੁੱਛਦਾ ਹੈ। ਉਸਦੀ ਅਧੀਰਤਾ ਨੂੰ ਦੇਖ ਕੇ ਕ੍ਰਿਸ਼ਨਾਨੰਦ ਉਸ ਨੂੰ ਉਸ ਪਿੰਡ ਵਿਚ ਲੈ ਜਾਂਦਾ ਹੈ, ਜਿੱਥੋਂ ਉਹ ਸੱਚਿਦਾਨੰਦ ਨੂੰ ਲੈ ਕੇ ਆਇਆ ਸੀ। ਇਹ ਮਾਲਵੇ ਦੇ ਕਿਸੇ ਪਿੰਡ ਦਾ ਇਕ ਛੋਟਾ ਜਿਹਾ ਡੇਰਾ ਸੀ, ਜਿੱਥੇ ਰਹਿਣ ਵਾਲੇ ਇਕ ਸਾਧਾਰਣ ਜਿਹੇ ਸਾਧੂ ਨੇ ਉਸਨੂੰ ਕ੍ਰਿਸ਼ਨਾਨੰਦ ਦੇ ਨਾਲ ਭੇਜ ਦਿੱਤਾ ਸੀ ਤਾਂ ਜੋ ਸੱਚਿਦਾਨੰਦ ਪੜ੍ਹ-ਲਿਖ ਕੇ ਕੋਈ ਨਾਮੀ ਸਾਧੂ ਬਣ ਜਾਵੇ। ਅੱਗੋਂ ਕ੍ਰਿਸ਼ਨਾਨੰਦ ਨੇ ਕਾਮ ਤੋਂ ਵਰਜਣ ਦੀ ਖਾਤਰ ਉਸਦੇ ਲਿੰਗ ਨੂੰ ਹੀ ਪਰੁੰਨ੍ਹ ਕੇ ਰੱਖ ਦਿੱਤਾ ਸੀ ਅਤੇ ਹੁਣ ਇਹ ਲਿੰਗ ਕਿਸੇ ਕੰਮ ਦਾ ਨਹੀਂ ਸੀ ਰਿਹਾ ਅਤੇ ਇਉਂ ਉਸਦਾ ਮਨੁੱਖੀ ਜੀਵਨ ਵੀ ਵਿਅਰਥ ਚਲਾ ਗਿਆ ਸੀ। ਇਸ ਬ੍ਰਿਤਾਂਤ ਦੇ ਅੰਤ ਵਿਚ ਸੱਚਿਦਾਨੰਦ ਨੂੰ ਇਹ ਬੋਧ ਹੋ ਜਾਂਦਾ ਹੈ ਕਿ ਲਿੰਗ ਨੂੰ ਭੰਨ੍ਹਣ-ਤੋੜਨ ਨਾਲ ਨਾ ਤਾਂ ਵਾਸਨਾਵਾਂ ਉੱਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਨਾ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਦਰਸ਼ਨ ਮਿਤਵਾ ਨੇ ਇਕ ਜਟਿਲ ਬ੍ਰਿਤਾਂਤ ਨੂੰ ਬੜੀ ਨਿਪੁੰਨਤਾ ਨਾਲ ਬਿਆਨ ਕੀਤਾ ਹੈ ਅਤੇ ਨਾਲ ਹੀ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਸੰਨਿਆਸੀ ਜੀਵਨ-ਸ਼ੈਲੀ ਨਾ ਤਾਂ ਪ੍ਰਮਾਣੀਕ ਹੈ ਅਤੇ ਨਾ ਹੀ ਇਸ ਵਿਚੋਂ ਕੁਝ ਪ੍ਰਾਪਤ ਹੋ ਸਕਦਾ ਹੈ।

ਬੇਸ਼ਕ ਦਰਸ਼ਨ ਮਿਤਵਾ ਨੂੰ ਇਹ ਨਾਵਲ ਲਿਖਣ ਦੀ ਪ੍ਰੇਰਨਾ ਤਾਂ ਇਕ ਸੁੰਦਰ-ਸਜੀਲੇ ਸਾਧੂ ਤੋਂ ਹੀ ਮਿਲੀ ਸੀ, ਜਿਸਦੀ ਇਕ ਵਾਰ ਉਸ ਨਾਲ ਅਚਾਨਕ ਮੁਲਾਕਾਤ ਹੋ ਗਈ ਸੀ। ਪਰੰਤੂ ਖੰਡਿਤ ਇੰਦਰੀ ਵਾਲੇ ਉਸ ਵਾਸਤਵਿਕ ਸਾਧੂ ਨੂੰ ਇਕ ਗਲਪੀ ਪਾਤਰ ਬਣਾਉਣ ਲਈ ਮਿਤਵਾ ਨੇ ਟੈਕਸਟ ਦੀ ਸੰਰਚਨਾ ਉਪਰ ਬੜੀ ਮਿਹਨਤ ਕੀਤੀ ਹੈ। ਨਾ ਕੇਵਲ ਉਸਨੇ ਪਹਾੜੀ ਖੇਤਰਾਂ ਦੇ ਪੈਰਾਂ ਵਿਚ ਬਣੇ ਆਸ਼ਰਮਾਂ ਦੀ ਭੂਗੋਲਿਕ ਰੂਪ-ਰੇਖਾ ਨੂੰ ਬੜੀ ਮਿਹਨਤ ਨਾਲ ਉਸਾਰਿਆ ਹੈ ਬਲਕਿ ਆਪਣੇ ਸਾਧੂ ਕਿਰਦਾਰਾਂ ਦੇ ਆਚਾਰ-ਵਿਹਾਰ ਅਤੇ ਬੋਲ ਬਾਣੀ ਨੂੰ ਉਸਾਰਨ ਵਿਚ ਵੀ ਉਸਨੇ ਬੜੀ ਪਰਿਪੱਕਤਾ ਅਤੇ ਸੱਜਗਤਾ ਦਾ ਸਬੂਤ ਪੇਸ਼ ਕੀਤਾ ਹੈ।

ਇਸ ਨਾਵਲ ਨੂੰ ਪੜ੍ਹਨ ਦੌਰਾਨ ਕਈ ਵਾਰ ਮੇਰੇ ਜ਼ੇਹਨ ਵਿਚ ਇਹ ਸਵਾਲ ਵੀ ਉਠਿਆ ਹੈ ਕਿ ਕਿਧਰੇ ਪੁਰਸ਼ ਆਪਣੀ ਇੰਦਰੀ ਨੂੰ ਲੈ ਕੇ ਬੇਵਜਹ ਹੀ

ਤਾਂ ਨਹੀਂ ਇਤਰਾਇਆ ਫਿਰਦਾ। ਮੇਰਾ ਖਿਆਲ ਹੈ ਕਿ ਇਹ ਵੀ ਸਾਡੀ ਮਰਦ-ਪ੍ਰਧਾਨ ਮਾਨਸਿਕਤਾ ਹੀ ਹੈ, ਜਿਸ ਕਾਰਨ ਅਸੀਂ ਪੁਰਸ਼-ਇੰਦਰੀ ਨੂੰ ਏਨਾ ਮਹੱਤਵ ਦਿੰਦੇ ਰਹਿੰਦੇ ਹਾਂ। ਅਸੀਂ ਇਕ ਇਹ ਸੰਕਲਪ ਬਣਾ ਰੱਖਿਆ ਹੈ ਕਿ ਜਿਸ ਪੁਰਸ਼ ਦੀ ਇੰਦਰੀ ਬਲਵਾਨ ਜਾਂ ਕਰਮਸ਼ੀਲ ਨਹੀਂ ਹੁੰਦੀ, ਉਸਦਾ ਜੀਵਨ ਵਿਅਰਥ ਹੋ ਜਾਂਦਾ ਹੈ। ਉਹ ਜਿਉਣ-ਜੋਗਾ ਨਹੀਂ ਰਹਿੰਦਾ ਅਤੇ ਉਸ ਨੂੰ ਹਰ ਥਾਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਾਇਦ ਇਸੇ ਕਾਰਣ ਮਾਰਕਿਟ ਵਿਚ ਪੁਰਸ਼-ਇੰਦਰੀ ਨੂੰ ਬਲਵਾਨ ਬਣਾਉਣ ਵਾਲੀਆਂ ਦਵਾਈਆਂ ਸਭ ਤੋਂ ਵੱਧ ਵਿਕਦੀਆਂ ਹਨ। ਕਿਸੇ ਪੁਰਸ਼ ਅਤੇ ਇਸਤ੍ਰੀ ਦੇ ਵਿਆਹ ਉਪਰੰਤ ਕਈ ਵਾਰ ਤੋੜ-ਵਿਛੋੜਾ ਇਸ ਲਈ ਹੋ ਜਾਂਦਾ ਹੈ ਕਿ ਸੰਬੰਧਿਤ ਪੁਰਸ਼ ਦੀ ਇੰਦਰੀ ਬਲਵਾਨ ਨਹੀਂ ਸੀ ਅਤੇ ਇਸ ਕਾਰਨ ਉਹ ਨਾ-ਮਰਦ ਸੀ। ਪੁਰਸ਼ ਦੀ ਇੰਦਰੀ ਨੂੰ ਲੈ ਕੇ ਇਸਤ੍ਰੀਆਂ ਦੇ ਆਕ੍ਰਸ਼ਣ-ਵਿਕ੍ਰਸ਼ਣ ਦੀਆਂ ਕਹਾਣੀਆਂ ਵੀ ਸਾਡੇ ਸਮਾਜ ਵਿਚ ਆਮ ਪ੍ਰਚਲਿਤ ਹਨ। ਪਰ ਹੁਣ ਜਿਵੇਂ-ਜਿਵੇਂ ਨਾਰੀਵਾਦੀ ਸੋਚ ਦੇ ਬਾਰੇ ਵਿਚ ਕੁਝ ਨਵੇਂ ਤੱਥ ਆ ਰਹੇ ਹਨ, ਮੇਰਾ ਨਹੀਂ ਖਿਆਲ ਕਿ ਪੁਰਸ਼-ਇੰਦਰੀ ਆਪਣੇ ਰਵਾਇਤੀ ਭਰਮ-ਭਉ ਨੂੰ ਬਚਾ ਕੇ ਰੱਖ ਸਕੇਗੀ। ਪੁਰਸ਼ ਅਤੇ ਇਸਤ੍ਰੀ ਨੂੰ ਇਕ ਦੂਜੇ ਨਾਲ ਜੋੜਨ ਅਤੇ ਜੋੜ ਕੇ ਟਿਕਾਈ ਰੱਖਣ ਵਾਲਾ ਉਪਕਰਣ ਕੇਵਲ ਉਸਦੀ ਇੰਦਰੀ ਹੀ ਨਹੀਂ ਹੈ, ਹੋਰ ਵੀ ਬਹੁਤ ਕੁਝ ਹੈ, ਜਿਸਦਾ ਵਿਸ਼ਲੇਸ਼ਣ ਅਤੇ ਅਧਿਐਨ ਹੋਣਾ ਬਾਕੀ ਹੈ।

ਮੈਨੂੰ ਦਰਸ਼ਨ ਮਿਤਵਾ ਦੀ ਇਹ ਅਨੂਠੀ ਰਚਨਾ ਬੜੀ ਪਸੰਦ ਆਈ ਹੈ ਕਿਉਂਕਿ ਇਸ ਵਿਚ ਉਸਨੇ ਅਧਿਆਤਮ ਨੂੰ ਵੀ ਪਦਾਰਥਕ ਦ੍ਰਿਸ਼ਟੀ ਨਾਲ ਵੇਖਣ ਦਾ ਬੜਾ ਸ਼ਲਾਘਾਯੋਗ ਉੱਦਮ ਕੀਤਾ ਹੈ। ਇਹ ਇਕ ਲੋਕਪੱਖੀ ਰਚਨਾ ਹੈ ਅਤੇ ਇਹ ਸਾਡੇ ਸਮਾਜ ਅਤੇ ਸਭਿਆਚਾਰ ਵਿਚ ਪ੍ਰਚਲਿਤ ਬਹੁਤ ਸਾਰੀਆਂ ਕਪੋਲ-ਕਲਪਨਾਵਾਂ ਅਤੇ ਮਿਥਿਆ ਰੀਤੀ-ਰਿਵਾਜਾਂ ਨੂੰ ਬੇਨਕਾਬ ਕਰਦੀ ਹੈ।

□

ਸਾਖਿਆਤਕਾਰ : ਇੰਟਰਵਿਊ

ਸਵਾਲ : ਤੁਹਾਡਾ ਬਚਪਨ ਬੜੀਆਂ ਤੰਗੀਆਂ-ਦੁਸ਼ਵਾਰੀਆਂ ਵਿਚੋਂ ਗੁਜ਼ਰਿਆ ਹੈ। ਜੀਵਨ ਦੀਆਂ ਇਨ੍ਹਾਂ ਤਲਖ਼ੀਆਂ ਨੇ ਤੁਹਾਡੇ ਜੀਵਨ ਉੱਤੇ ਕੀ ਅਤੇ ਕਿਹੋ ਜਿਹਾ ਪ੍ਰਭਾਵ ਪਾਇਆ ਹੈ?

ਜਵਾਬ : ਮੇਰਾ ਇਕੱਲਾ ਬਚਪਨ ਹੀ ਨਹੀਂ, ਜਵਾਨੀ ਵੀ ਤੰਗੀਆਂ ਅਤੇ ਦੁਸ਼ਵਾਰੀਆਂ ਵਿਚੋਂ ਗੁਜ਼ਰੀ ਹੈ। ਮੈਂ ਉਹ ਸਮਾਂ ਵੀ ਦੇਖਿਆ ਹੈ ਜਦੋਂ ਰੋਟੀ ਦੀ ਇਕ-ਇਕ ਬੁਰਕੀ ਲਈ ਮਨ ਤਰਸਿਆ ਹੈ। ਕਈ-ਕਈ ਡੰਗ ਰੋਟੀ ਤੋਂ ਵਾਂਝੇ ਕੱਟਿਆ ਹੈ। ਦਸਵੀਂ ਤੱਕ ਪੜ੍ਹਦਿਆਂ ਲਾਈਨਾਂ ਵਿਚੋਂ ਕੋਲੇ ਚੁਗ ਕੇ ਜਾਂ ਕੁਲਫੀਆਂ ਵੇਚ ਕੇ ਮੈਂ ਜੋ ਦੋ ਪੈਸੇ ਕਮਾਉਂਦਾ, ਉਸ ਨਾਲ ਨੌਂ ਜੀਆਂ ਦੇ ਪਰਿਵਾਰ ਨੂੰ ਦੂਜੇ-ਤੀਜੇ ਡੰਗ ਵੀ ਮਸਾਂ ਰੋਟੀ ਮਿਲਦੀ। ਮੇਰਾ ਵੱਡਾ ਭਰਾ ਸਾਈਕਲ ਉੱਤੇ ਪਿੰਡਾਂ ਵਿਚ ਸਬਜ਼ੀ ਵੇਚ ਕੇ ਆਉਂਦਾ। ਸਬਜ਼ੀ ਦੇ ਵੱਟੇ ਜੋ ਦਾਣੇ ਆਉਂਦੇ ਸਨ, ਕਈ ਵਾਰੀ ਮਾਂ ਅਤੇ ਵੱਡੀ ਭੈਣ ਰਾਤ ਨੂੰ ਚੱਕੀ ਉੱਤੇ ਉਹ ਦਾਣੇ ਪੀਂਹਦੀਆਂ ਜਿਸ ਵਿਚ ਕਣਕ, ਜੌਂ, ਜਵਾਰ ਅਤੇ ਬਾਜਰਾ ਹੁੰਦਾ ਸੀ। ਫਿਰ ਉਸਦੀ ਰੋਟੀ ਬਣਾਉਂਦੀਆਂ। ਜਿੰਨੀਆਂ ਰੋਟੀਆਂ ਬਣਦੀਆਂ, ਸਾਰੇ ਪਰਿਵਾਰਿਕ ਜੀਅ ਵੰਡੇ ਸਿਰ ਦੀ ਇਕ-ਇਕ, ਅੱਧੀ-ਅੱਧੀ ਰੁੱਖੀ-ਸੁੱਖੀ ਰੋਟੀ, ਲੂਣ-ਮਿਰਚ ਲਬੇੜ ਕੇ ਜਾਂ ਚਟਣੀ ਨਾਲ ਖਾ ਕੇ ਆਪਣਾ ਢਿੱਡ ਭਰ ਲੈਂਦੇ। ਬਾਪੂ ਸਕੂਲਾਂ, ਦਫ਼ਤਰਾਂ ਵਿਚ ਜਾ-ਜਾ ਕੇ ਟੁੱਟੀਆਂ ਕੁਰਸੀਆਂ ਲਿਆਉਂਦਾ ਅਤੇ ਮਾਂ ਤੇ ਵੱਡੀ ਭੈਣ ਘਰੇ ਬੈਠ ਕੇ ਕੁਰਸੀਆਂ ਬੁਣਦੀਆਂ। ਅਜਿਹੀਆਂ ਸਥਿਤੀਆਂ ਨੇ ਮੈਨੂੰ ਜ਼ਿੰਦਗੀ ਨੂੰ ਅਤਿਅੰਤ ਕਰੀਬ ਤੋਂ ਦੇਖਣ-ਸਮਝਣ ਦਾ ਮੌਕਾ ਪ੍ਰਦਾਨ ਕੀਤਾ ਅਤੇ ਮੈਂ ਜੀਵਨ ਦੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਨੂੰ ਜਾਨਣ-ਸਮਝਣ ਦੇ ਲਾਇਕ ਹੋਇਆ। ਜੀਵਨ-ਜਾਚ ਪਤਾ ਲੱਗੀ ਅਤੇ ਇਕ ਪਰਿਪੱਕ ਸੋਚ ਦਾ ਧਾਰਨੀ ਬਣਿਆ। ਮੈਨੂੰ ਇਕ-ਇਕ ਪਲ ਭਰਪੂਰਤਾ ਨਾਲ ਬਿਨਾ ਲੜਖੜਾਏ ਜਿਉਣ ਦਾ ਢੰਗ ਪਤਾ ਲੱਗਿਆ। ਇਨ੍ਹਾਂ ਸਥਿਤੀਆਂ ਨੇ ਮੈਨੂੰ ਉਮਰੋਂ ਪਹਿਲਾਂ ਪ੍ਰੌਢ ਬਣਾਇਆ, ਜੁਝਾਰੂ ਅਤੇ ਹਰ ਮੁਸੀਬਤ ਦਾ ਆਖਰੀ ਪਲ ਤੱਕ ਡਟ ਕੇ ਮੁਕਾਬਲਾ ਕਰਨ ਦੀ ਜੁੱਅਰਤ ਬਖਸ਼ੀ। ਆਪਣੇ ਵਰਗ ਦੇ ਹਰ ਵਿਅਕਤੀ ਲਈ ਮਨ ਵਿਚ ਮਰਮ ਪੈਦਾ ਕੀਤਾ।

ਸਵਾਲ : ਤੁਸੀਂ ਸਭ ਤੋਂ ਪਹਿਲਾਂ ਸਾਹਿੱਤ ਦੇ ਕਿਸ ਰੂਪ ਵੱਲ ਆਕਰਸ਼ਿਤ ਹੋਏ ਅਤੇ ਤੁਹਾਡੇ ਵਿਚ ਸਾਹਿਤਿਕ ਸੰਸਕਾਰ ਕਿਵੇਂ ਉੱਭਰੇ?

ਜਵਾਬ : ਮੈਂ ਇਕ ਅਤਿਅੰਤ ਗਰੀਬ ਪਰਿਵਾਰ ਨਾਲ ਸੰਬੰਧਿਤ ਸੀ ਅਤੇ ਸਾਡਾ ਪਰਿਵਾਰ ਸ਼ਹਿਰ ਵਿਚ ਅਣਗੌਲਿਆ ਜਿਹਾ ਸੀ। ਸ਼ਹਿਰ ਵਿਚ ਮੇਰੇ ਪਿਤਾ ਨੂੰ ਬਹੁਤ ਘੱਟ ਲੋਕ ਜਾਣਦੇ ਸਨ। ਮੈਂ ਆਪਣੇ ਪਿਤਾ ਨੂੰ ਹਰ ਵੇਲੇ ਤਰਸ ਦਾ ਇਕ ਪਾਤਰ ਜਿਹਾ ਬਣਿਆ ਹੀ ਦੇਖਿਆ ਹੈ। ਮੇਰੇ ਅੰਦਰ ਬਚਪਨ ਤੋਂ ਹੀ ਬਹੁਤ ਅਮੀਰ ਅਤੇ ਪ੍ਰਸਿੱਧ ਹੋਣ ਦੀ ਇੱਛਾ ਸੀ। ਅਤੇ ਮੇਰੇ ਖ਼ਿਆਲ ਵਿਚ, ਜਿਵੇਂ ਕਿ ਮੈਂ ਉਨ੍ਹਾਂ ਦਿਨਾਂ ਵਿਚ ਸੋਚਿਆ ਕਰਦਾ ਸੀ ਕਿ ਕੋਈ ਵੀ ਵਿਅਕਤੀ ਲੇਖਕ ਬਣ ਕੇ ਜਲਦੀ ਹੀ ਅਮੀਰ ਅਤੇ ਪ੍ਰਸਿੱਧ ਹੋ ਸਕਦਾ ਹੈ। ਉਂਜ ਮੈਂ ਬਾਰ੍ਹਵੀਂ ਤੱਕ ਫਿਜ਼ਿਕਸ, ਕੈਮਿਸਟਰੀ ਅਤੇ ਮੈਥ ਦਾ ਵਿਦਿਆਰਥੀ ਸੀ। ਨਾਵਲ, ਕਹਾਣੀ ਕਦੇ ਪੜ੍ਹੀ ਨਹੀਂ ਸੀ। ਸਾਹਿਤ ਬਾਰੇ ਮੈਨੂੰ ਕੁਝ ਗਿਆਨ ਜਾਂ ਪਤਾ ਨਹੀਂ ਸੀ। ਅਖਬਾਰ ਵੀ ਸਾਡੇ ਘਰ ਨਹੀਂ ਆਉਂਦਾ ਸੀ। ਕੀ ਕਹਿਣਾ ਕਿ ਦਸਵੀਂ-ਗਿਆਰ੍ਹਵੀਂ ਵਿਚ ਕਿਤੇ ਸਾਲ-ਛਿਮਾਹੀ ਕਿਸੇ ਤੋਂ ਮੰਗ-ਤੰਗ ਕੇ ਕੋਈ ਨਾਵਲ ਪੜ੍ਹਿਆ ਹੋਵੇ। ਉਹ ਵੀ ਜਾਸੂਸੀ। ਉਦੋਂ ਨੌਜਵਾਨ ਮੁੰਡੇ ਜਾਸੂਸੀ ਨਾਵਲ ਬਹੁਤ ਪੜ੍ਹਦੇ ਹੁੰਦੇ ਸਨ। ਉਹੋ ਹੀ ਮੈਨੂੰ ਦੱਸਿਆ ਕਰਦੇ ਸਨ ਕਿ ਨਾਵਲ ਲਿਖਣ ਵਾਲੇ ਬਹੁਤ ਪੈਸੇ ਲੈਂਦੇ ਹਨ ਅਤੇ ਬਹੁਤ ਅਮੀਰ ਹੁੰਦੇ ਹਨ ਅਤੇ ਮੈਂ ਵੀ ਉਹਨਾਂ ਵਾਂਗ ਅਮੀਰ ਹੋਣਾ ਚਾਹੁੰਦਾ ਸੀ। ਮੇਰੇ ਲਈ ਤਾਂ ਉਹ ਜਾਸੂਸੀ ਜਾਂ ਕਮਰਸ਼ੀਅਲ ਜਿਹੇ ਸਮਾਜਿਕ ਨਾਵਲ ਹੀ ਸਾਹਿਤ ਹੁੰਦੇ ਸਨ। ਉਹਨੀਂ ਦਿਨੀਂ ਹੀ ਸ਼ਾਮ ਸਿੰਘ ਨਾਂ ਦਾ ਇਕ ਕਿੱਸਾਕਾਰ ਸਾਡੇ ਮੁਹੱਲੇ ਵਿਚ ਆ ਕੇ ਆਪਣੇ ਲਿਖੇ ਕਿੱਸੇ ਗਾ ਕੇ ਸੁਣਾਇਆ ਕਰਦਾ ਅਤੇ ਇਕ-ਇਕ ਆਨੇ ਵਿਚ ਵੇਚਿਆ ਵੀ ਕਰਦਾ ਸੀ। ਉਸਦੇ ਇਕ ਮੋਢੇ ਵਿਚ ਲਟਕਦੇ ਝੋਲੇ ਵਿਚ ਕਿੱਸੇ ਹੁੰਦੇ ਅਤੇ ਦੂਜੇ ਪਾਸੇ ਲਾਊਡਸਪੀਕਰ ਪਾਇਆ ਹੁੰਦਾ ਸੀ। ਉਹ ਲਾਊਡਸਪੀਕਰ ਵਿਚ ਬੋਲ-ਬੋਲ ਕੇ ਆਪਣੇ ਕਿੱਸੇ ਸੁਣਾਉਂਦਾ। ਉਸਦੇ ਕਿੱਸੇ ਬੜੇ ਹਸਾਉਣੇ ਹੁੰਦੇ। ਲੋਕ ਖੜ੍ਹ-ਖੜ੍ਹ ਕੇ ਉਸਦੇ ਕਿੱਸੇ ਸੁਣਦੇ, ਖ਼ੂਬ ਹੱਸਦੇ ਅਤੇ ਖਰੀਦਦੇ ਵੀ। ਮੈਨੂੰ ਉਹ ਬੜਾ ਚੰਗਾ ਲੱਗਦਾ। ਮੈਂ ਸੋਚਦਾ ਕਿ ਲੋਕ ਇਸਦੇ ਕਿੱਸੇ ਵੀ ਸੁਣਦੇ ਹਨ ਅਤੇ ਇਹ ਚੰਗੇ ਪੈਸੇ ਵੀ ਵੱਟ ਲੈਂਦਾ ਹੈ। ਇਸ ਤਰ੍ਹਾਂ ਇਸ ਨੂੰ ਪ੍ਰਸਿੱਧੀ ਵੀ ਮਿਲਦੀ ਹੈ ਅਤੇ ਪੈਸੇ ਵੀ। ਬਸ ਉਥੋਂ ਹੀ ਮੇਰੇ ਅੰਦਰ ਕੁਝ ਲਿਖਣ ਦੀ ਲਗਨ ਲੱਗੀ। ਕਿੱਸਾਕਾਰੀ ਜਾਂ ਗੀਤ ਆਦਿ ਲਿਖਣੇ ਤਾਂ ਮੇਰੇ ਵੱਸ ਦੀ ਗੱਲ ਨਹੀਂ ਸੀ, ਮੈਂ ਬੱਸ ਕਹਾਣੀ ਲਿਖਣ ਲੱਗ ਪਿਆ। ਜਦੋਂ ਮੈਂ ਕਾਲਜ ਗਿਆ ਤਾਂ ਨਾਟਕ ਲਿਖਣ ਵੱਲ ਵਧੇਰੇ ਰੁਚਿਤ ਹੋ ਗਿਆ।

ਸਵਾਲ : ਸਿਰਜਣਾ ਦੇ ਖੇਤਰ ਵਿਚ ਪੈਰ ਧਰਨ ਸਮੇਂ ਤੁਹਾਡੇ ਮਨ ਵਿਚ ਕੋਈ ਰੋਲ-ਮਾਡਲ ਵੀ ਸੀ?

ਜਵਾਬ : ਮੈਂ ਦੱਸਿਆ ਹੈ ਕਿ ਮੈਨੂੰ ਸਾਹਿਤ ਦੀ ਕੋਈ ਸਮਝ ਨਹੀਂ ਸੀ। ਬੱਸ ਬਹੁਤ ਛੇਤੀ ਅਮੀਰ ਹੋਣ ਅਤੇ ਪ੍ਰਸਿੱਧੀ ਪ੍ਰਾਪਤ ਕਰਨ ਲਈ ਹੀ ਲਿਖਣਾ ਚਾਹੁੰਦਾ ਸੀ। ਹੋਰ ਰੋਲ-ਮਾਡਲ ਕੀ ਹੁੰਦਾ ਹੈ, ਇਹ ਮੈਂ ਨਹੀਂ ਜਾਣਦਾ ਸੀ। ਬਸ ਮਨ ਵਿਚ ਸੀ ਕਿ ਜਾਸੂਸੀ ਜਾਂ ਸਮਾਜਿਕ ਨਾਵਲ, ਜਿਹੋ ਜਿਹੇ ਅਕਸਰ ਹਿੰਦੀ ਵਿਚ ਲਿਖੇ ਜਾਂਦੇ ਹਨ, ਹਰ ਮਹੀਨੇ ਲਗਾਤਾਰ ਲਿਖਦਾ ਰਹਾਂ ਅਤੇ ਮੈਂ ਅਮੀਰ ਹੋ ਜਾਵਾਂ। ਜੇ ਉਨ੍ਹਾਂ ਉੱਤੇ ਫਿਲਮਾਂ ਬਨਣ ਲੱਗ ਜਾਣ ਤਾਂ ਮੈਂ ਦਿਨਾਂ ਵਿਚ ਹੀ ਲੱਖਾਂਪਤੀ ਹੋ ਸਕਦਾ ਹਾਂ। ਲੇਖਕ ਬਣਨ ਨੂੰ ਮੈਂ ਹੋਰ ਕਾਰੋਬਾਰ ਵਾਂਗ ਇਕ ਧੰਦਾ ਹੀ ਸਮਝਦਾ ਸੀ।

ਸਵਾਲ : ਗਲਪਕਾਰੀ ਦੇ ਖੇਤਰ ਵਿਚ ਤੁਸੀਂ ਆਪਣੇ ਆਪ ਨੂੰ ਕਿਸ ਲੇਖਕ/ ਲੇਖਕਾਂ ਦੀ ਪਰੰਪਰਾ ਵਿਚ ਰੱਖਦੇ ਹੋ?

ਜਵਾਬ : ਸਚੇਤ ਤੌਰ ਤੇ ਮੈਂ ਆਪਣੇ ਆਪ ਨੂੰ ਕਦੇ ਵੀ ਕਿਸੇ ਲੇਖਕ/ਪਰੰਪਰਾ ਜਾਂ ਧਾਰਾ ਵਿਚ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਮੇਰਾ ਆਪਣਾ ਅਨੁਭਵ ਹੈ ਅਤੇ ਮੈਂ ਉਸ ਅਨੁਭਵ ਨੂੰ ਨਿਰੋਲ ਆਪਣੇ ਹੀ ਰੰਗ ਵਿਚ ਲਿਖਣ ਦਾ ਯਤਨ ਕੀਤਾ ਹੈ। ਜਿਹੋ ਜਿਹਾ ਕੁਝ ਮੈਂ ਆਪਣੇ ਜੀਵਨ ਵਿਚ ਬਹੁਤ ਨੇੜਿਓਂ ਜਾਣਿਆ ਜਾਂ ਭੋਗਿਆ ਹੈ, ਲਿਖਿਆ ਹੈ। ਇਹੀ ਕਾਰਣ ਹੈ ਕਿ ਮੈਂ ਆਪਣੀਆਂ ਰਚਨਾਵਾਂ ਵਿਚ ਦਲਿਤਾਂ, ਮਜ਼ਦੂਰਾਂ, ਮਜਬੂਰ ਨਾਰੀਆਂ, ਨਿਮਨ ਮਧਵਰਗੀ ਪਾਤਰਾਂ ਨੂੰ ਹੀ ਚਿਤਰਿਆ ਹੈ। ਉਂਜ ਰੂਸੀ ਸਾਹਿਤ ਦਾ ਮੇਰੇ ਉਤੇ ਕਾਫੀ ਪ੍ਰਭਾਵ ਰਿਹਾ ਹੈ। ਰੂਸੀ ਸਾਹਿਤ ਮੈਂ ਕਾਫੀ ਪੜ੍ਹਿਆ ਹੈ। ਮਨ ਵਿਚ ਕਿਤੇ ਨਾ ਕਿਤੇ ਇਹ ਗੱਲ ਜ਼ਰੂਰ ਵਸੀ ਰਹੀ ਹੈ ਕਿ ਮੇਰੀਆਂ ਰਚਨਾਵਾਂ ਉਸੇ ਪਧੱਰ ਦੀਆਂ ਹੋਣ। ਪਰ ਮੈਂ ਉਨ੍ਹਾਂ ਦਾ ਅਨੁਕਰਣ ਕਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ।

ਸਵਾਲ : ਪੰਜਾਬੀ ਨਾਵਲ ਮੁੱਖ ਤੌਰ ਤੇ ਕਿਰਸਾਨੀ ਦੀਆਂ ਸਮੱਸਿਆਵਾਂ ਦੇ ਇਰਦ-ਗਿਰਦ ਘੁੰਮਦਾ ਹੈ। ਪਰ ਤੁਹਾਡੇ ਨਾਵਲਾਂ ਵਿਚ ਕਿਰਸਾਨੀ ਦਾ ਜ਼ਿਕਰ ਬਹੁਤ ਘੱਟ ਹੋਇਆ ਹੈ। ਕਿਉਂ?

ਜਵਾਬ : ਹਾਂ, ਇਹ ਸਹੀ ਹੈ। ਮੇਰੇ ਨਾਵਲਾਂ ਵਿਚ ਕਿਰਸਾਨੀ ਦਾ ਜ਼ਿਕਰ ਬਹੁਤ ਘੱਟ ਹੀ ਨਹੀਂ ਹੋਇਆ, ਸਮਝੋ ਹੋਇਆ ਹੀ ਨਹੀਂ। ਬੇਸ਼ਕ ਕਿਰਸਾਨੀ ਕਿਸੇ ਵੀ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੁੰਦੀ ਹੈ, ਪਰ ਮੈਂ ਕਿਰਸਾਨੀ ਨਾਲ ਬਹੁਤਾ ਜੁੜ ਨਹੀਂ ਸਕਿਆ ਅਤੇ ਮੈਂ ਕਦੇ ਵੀ ਕੋਈ ਰਚਨਾ ਸਿਰਫ਼ ਆਪਣੀਆਂ ਲਿਖਤਾਂ ਵਿਚ ਵਾਧਾ ਕਰਨ ਲਈ ਨਹੀਂ ਕਰਦਾ। ਮੈਂ ਸਮਝਦਾ ਹਾਂ ਕਿ ਪੰਜਾਬੀ ਵਿਚ ਅੱਜ ਤੱਕ ਕਿਰਸਾਨੀ ਤੇ ਜੋ

ਵੀ ਲਿਖਿਆ ਜਾ ਚੁੱਕਾ ਹੈ, ਮੈਂ ਸ਼ਾਇਦ ਉਸ ਤੋਂ ਵਧੀਆ ਨਹੀਂ ਲਿਖ ਸਕਦਾ। ਮੈਂ ਕਿਸੇ ਵੀ ਰਚਨਾ ਨੂੰ, ਵਿਧਾ ਬੇਸ਼ਕ ਕੋਈ ਹੋਵੇ, ਵਿਸ਼ਾ ਬੇਸ਼ਕ ਕੋਈ ਵੀ ਹੋਵੇ, ਆਪਣੇ ਮਨ ਦੀ ਸ਼ਿੱਦਤ ਨਾਲ ਹੀ ਲਿਖ ਸਕਦਾ ਹਾਂ, ਤਿੰਘ ਕੇ ਨਹੀਂ। ਆਪਣੇ ਹੱਡੀਂ ਹੰਢਾਏ ਸੱਚ ਤੋਂ ਬਿਨਾਂ ਮੈਥੋਂ ਲਿਖਿਆ ਹੀ ਨਹੀਂ ਜਾਂਦਾ। ਕਿਰਸਾਨੀ ਬਾਰੇ ਜੇ ਮੈਂ ਲਿਖਾਂ ਵੀ ਤਾਂ ਸ਼ਾਇਦ ਇਹ ਮੇਰੀ ਭਾਵੁਕ ਗ਼ਲਤੀ ਹੀ ਹੋਵੇ।

ਸਵਾਲ : ਇਕ-ਦੋ ਰਚਨਾਵਾਂ ਨੂੰ ਛੱਡ ਕੇ ਤੁਸੀਂ ਨਾਵਲੈੱਟ ਹੀ ਲਿਖਦੇ ਹੋ। ਇਸਦੀ ਕੋਈ ਖ਼ਾਸ ਵਜ੍ਹਾ ਹੈ ਅਤੇ ਕੀ ਤੁਸੀਂ ਕਦੇ ਵੱਡਾ ਨਾਵਲ ਲਿਖਣ ਬਾਰੇ ਨਹੀਂ ਸੋਚਿਆ?

ਜਵਾਬ : ਨਾਵਲ ਦੇ ਵੱਡਾ ਜਾਂ ਛੋਟਾ ਹੋਣ ਬਾਰੇ ਮੈਂ ਕਦੇ ਬਹੁਤਾ ਨਹੀਂ ਸੋਚਿਆ। ਲਿਖਣ ਸਮੇਂ ਮੇਰੇ ਮਨ ਵਿਚ ਇਕ ਕੇਂਦਰੀ ਥੀਮ ਹੁੰਦਾ ਹੈ, ਮੈਂ ਉਸਦੇ ਦੁਆਲੇ ਹੀ ਰਚਨਾ ਕਰਦਾ ਹਾਂ। ਫਿਰ ਰਚਨਾ ਛੋਟੀ ਬਣ ਜਾਵੇ ਜਾਂ ਵੱਡੀ, ਮੈਨੂੰ ਇਸਦੀ ਬਹੁਤੀ ਚਿੰਤਾ ਨਹੀਂ ਹੁੰਦੀ। ਪੰਨੇ ਕਿੰਨੇ ਵੀ ਹੋਣ, ਮੈਂ ਸਮਝਦਾ ਹਾਂ ਕਿ ਮੈਂ ਜੋ ਕਹਿਣਾ ਚਾਹਿਆ ਹੈ, ਪਾਠਕ ਉਸ ਮਰਮ ਨੂੰ ਮਹਿਸੂਸ ਕਰ ਸਕਣਗੇ ਜਾਂ ਨਹੀਂ! ਇਹੀ ਮੇਰੀ ਰਚਨਾ ਦਾ ਉਦੇਸ਼ ਹੁੰਦਾ ਹੈ। ਮੈਂ ਆਪਣੀ ਲਿਖਤ ਜਾਂ ਰਚਨਾ ਨੂੰ ਬਹੁਤੇ ਗੇੜ ਵਿਚ ਨਹੀਂ ਪਾਉਂਦਾ ਜਾਂ ਉਸਦੇ ਪੰਨਿਆਂ ਅਤੇ ਫੈਲਾਅ ਬਾਰੇ ਨਹੀਂ ਸੋਚਦਾ। ਮੇਰੇ ਖ਼ਿਆਲ ਅਨੁਸਾਰ ਰਚਨਾ ਦੇ ਵੱਡੇ ਆਕਾਰ ਨਾਲੋਂ ਰਚਨਾ ਦਾ ਵਿਸ਼ਾ ਵੱਡਾ ਹੋਣਾ ਚਾਹੀਦਾ ਹੈ। ਜਿਵੇਂ 'ਸੱਚਿਦਾਨੰਦ' ਨਾਵਲ ਵਿਚ ਮੈਂ ਇਕ ਅਜਿਹੇ ਅਣਛੂਹੇ ਵਿਸ਼ੇ ਨੂੰ ਲਿਆ ਹੈ ਜੋ ਸਦੀਆਂ ਤੋਂ ਚਰਚਾ ਦਾ ਵਿਸ਼ਾ ਵੀ ਬਣਿਆ ਰਿਹਾ ਹੈ ਅਤੇ ਬਣਿਆ ਰਹੇਗਾ ਪਰ ਫਿਰ ਵੀ ਅਛੂਤਾ ਹੈ ਕਿ ਮਨੁੱਖ ਮੁਕਤੀ ਪਾਉਣ ਲਈ ਆਪਣਾ ਤਨ, ਮਨ ਸਭ ਕੁਝ ਭੰਗ ਕਰ ਸਕਦਾ ਹੈ, ਆਪੇ ਨੂੰ ਭੁੱਲ ਜਾਂਦਾ ਹੈ ਪਰ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਕੁਝ ਵੀ ਨਹੀਂ ਕਰਨਾ ਚਾਹੁੰਦਾ ਜਿਸ ਵਿਚ ਅਸਲੀ ਮੁਕਤੀ ਹੈ। ਇਹ ਇਕ ਵਿਸ਼ਾਲ ਕੈਨਵਸ ਹੈ। ਇਸ ਨਾਵਲ ਨੂੰ ਹੋਰ ਵੱਡਾ ਵੀ ਬਣਾਇਆ ਜਾ ਸਕਦਾ ਸੀ। ਸ਼੍ਰੀ ਕਰਤਾਰ ਸਿੰਘ ਦੁੱਗਲ ਨੇ ਵੀ ਇਸ ਨਾਵਲ ਬਾਰੇ ਮੈਨੂੰ ਚਿੱਠੀ ਵਿਚ ਲਿਖਿਆ ਹੈ ਕਿ ਇਹ ਨਾਵਲ ਬਹੁਤ ਵੱਡਾ ਬਣ ਸਕਦਾ ਸੀ, ਪਰ ਜਿੰਨਾ ਲਿਖਿਆ ਹੈ, ਮਨ ਦੀ ਸ਼ਿੱਦਤ ਨਾਲ ਲਿਖਿਆ ਹੈ। ਮੈਂ ਇਹ ਨਾਵਲ ਲਿਖ ਕੇ ਸੰਤੁਸ਼ਟ ਹਾਂ। ਇਹ ਹਿੰਦੀ ਵਿਚ ਵੀ ਛਪ ਚੁੱਕਿਆ ਹੈ ਅਤੇ ਡਾ. ਤਿੱਪੇ ਸਵਾਮੀ, ਮੈਸੂਰ ਇਸ ਨਾਵਲ ਦਾ ਕੰਨੜ ਭਾਸ਼ਾ ਵਿਚ

ਅਨੁਵਾਦ ਕਰ ਰਹੇ ਹਨ। ਮੈਂ ਵਿਸ਼ੇ ਅਤੇ ਮਨ ਦੀ ਸ਼ਿੱਦਤ ਨੂੰ ਵੱਡਾ ਗਿਣਦਾ ਹਾਂ। ਉਂਜ ਮੇਰਾ ਨਾਵਲ 'ਕੁੜੀਆਂ ਚਿੜੀਆਂ' 170 ਪੰਨਿਆਂ ਅਤੇ 17 ਕਾਂਡਾਂ ਵਿਚ, 'ਉਸ ਮੋੜ ਤੋਂ ਗੁਜ਼ਰਦਿਆਂ' ਕਰੀਬ ਦੋ ਸੌ ਪੰਨਿਆਂ ਅਤੇ ਸਤਾਰਾਂ ਕਾਂਡਾਂ ਵਿਚ, 'ਇਕ ਰਾਤ ਦਾ ਜ਼ਖ਼ਮ' 112 ਪੰਨਿਆਂ ਅਤੇ ਤੇਰ੍ਹਾਂ ਕਾਂਡਾਂ ਵਿਚ ਫੈਲਿਆ ਹੋਇਆ। ਕਾਂਡਾਂ ਦੇ ਅੱਗੋਂ ਉਪਭਾਗ ਵੀ ਹਨ। ਵਿਸ਼ਿਆਂ ਦੀ ਕੈਨਵਸ ਵੀ ਵਿਸ਼ਾਲ ਹੈ। ਮੈਂ ਇਨ੍ਹਾਂ ਨੂੰ ਨਾਵਲ ਹੀ ਕਹਿੰਦਾ ਹਾਂ।

ਸਵਾਲ: ਲੇਖਕਾਂ ਬਾਰੇ ਆਮ ਰਾਇ ਹੈ ਕਿ ਉਹ ਜ਼ਿਮੇਵਾਰ ਨਹੀਂ ਹੁੰਦੇ ਜਾਂ ਪਰਿਵਾਰਿਕ ਜ਼ਿਮੇਵਾਰੀਆਂ ਨੂੰ ਆਪਣੀ ਰਚਨਾਤਮਕਤਾ ਉਪਰ ਬੰਧਨ ਸਮਝਦੇ ਹਨ, ਪਰ ਤੁਸੀਂ ਇਕ ਅਪਵਾਦ ਹੋ। ਪਰਿਵਾਰਿਕ ਜ਼ਿੰਮੇਵਾਰੀਆਂ ਪ੍ਰਤੀ ਜਿਤਨੀ ਸਜਗਤਾ ਅਤੇ ਸੁਹਿਰਦਤਾ ਤੁਸੀਂ ਦਿਖਾਈ ਹੈ, ਉਸਦਾ ਕੋਈ ਜਵਾਬ ਨਹੀਂ ਹੈ। ਆਪਣੇ ਵਿਅਕਤਿਤਵ ਦੇ ਇਸ ਰੂਪ-ਗੁਣ-ਲੱਛਣ ਬਾਰੇ ਤੁਸੀਂ ਕੀ ਸੋਚਦੇ ਹੋ?

ਜਵਾਬ: ਹੋਰਨਾਂ ਲੇਖਕਾਂ ਬਾਰੇ ਤਾਂ ਮੈਂ ਕੁਝ ਕਹਿ ਨਹੀਂ ਸਕਦਾ, ਪਰ ਮੈਂ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਪ੍ਰਤੀ ਬਹੁਤ ਸੰਜੀਦਾ ਹਾਂ ਅਤੇ ਇਹ ਮੇਰਾ ਫਰਜ਼ ਵੀ ਹੈ। ਮੈਂ ਆਪਣੇ ਪਰਿਵਾਰ ਦੇ ਮਰਮ ਨੂੰ ਸਮਝਦਾ ਹਾਂ। ਬਚਪਨ ਵਿਚ ਬਹੁਤ ਕੁਝ ਦੇਖਿਆ-ਭੋਗਿਆ ਹੈ। ਮੇਰੇ ਮਨ ਵਿਚ ਹਮੇਸ਼ਾ ਇਹੋ ਹੀ ਰਿਹਾ ਹੈ ਕਿ ਮੈਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਆਪਣੇ ਵਰਗੀਆਂ ਸਥਿਤੀਆਂ ਭੋਗਣ ਤੋਂ ਬਚਾ ਲਵਾਂ, ਹਰ ਸਮੇਂ ਉਨ੍ਹਾਂ ਦੀ ਓਟ ਬਣ ਕੇ ਖੜਾ ਰਹਾਂ। ਮੈਂ ਉਦੋਂ ਤੀਹ ਕੁ ਸਾਲਾਂ ਦਾ ਸੀ ਜਦੋਂ ਮੇਰਾ ਪਿਤਾ ਅਤੇ ਵੱਡਾ ਭਰਾ ਅੱਗੜ-ਪਿੱਛੜ ਚੱਲ ਵਸੇ। ਮੈਂ ਉਸ ਵੇਲੇ ਤੱਕ ਅਜੇ ਕੁਆਰਾ ਹੀ ਸਾਂ। ਵੱਡੇ ਭਾਈ ਦੇ ਬੱਚਿਆਂ, ਇਕ ਲੜਕੀ ਸਾਢੇ ਕੁ ਤਿੰਨ ਸਾਲ ਦੀ ਅਤੇ ਇਕ ਲੜਕਾ ਦੋ ਕੁ ਸਾਲ ਦਾ ਸੀ, ਨੂੰ ਪਾਲਿਆ, ਪੜ੍ਹਾਇਆ। ਲੜਕੀ ਨੂੰ ਐਮ. ਏ ਕਰਵਾਈ ਅਤੇ ਲੜਕੇ ਨੂੰ ਬੀ.ਕਾਮ। ਫਿਰ ਉਨ੍ਹਾਂ ਨੂੰ ਵਿਆਹਿਆ। ਇਸ ਦੌਰਾਨ ਮੈਂ ਵਿਆਹ ਕਰਵਾ ਲਿਆ ਸੀ ਪਰ ਇਹਨਾਂ ਦੋਵਾਂ ਬੱਚਿਆਂ ਨੂੰ ਲੈ ਕੇ ਮੈਂ ਤਲਾਕ ਲੈ ਲਿਆ ਅਤੇ ਮੁੜ ਵਿਆਹ ਕਰਵਾਉਣ ਦਾ ਮੌਕਾ ਹੀ ਨਹੀਂ ਮਿਲਿਆ। ਇਹਨਾਂ ਬੱਚਿਆਂ ਨੂੰ ਵਿਆਹੁਣ ਤੋਂ ਪਹਿਲਾਂ ਹੀ ਫਿਰ ਮੇਰਾ ਇਕ ਛੋਟਾ ਭਰਾ ਚੱਲ ਵਸਿਆ ਸੀ। ਉਸਦੇ ਬੱਚਿਆਂ ਦੀ ਪਰਵਰਿਸ਼ ਕੀਤੀ। ਉਸ ਭਰਾ ਦੇ ਵੀ ਇਕ ਲੜਕਾ ਅਤੇ ਇਕ ਲੜਕੀ ਹਨ। ਲੜਕੀ ਨੂੰ ਬੀ. ਐਡ. ਕਰਵਾ ਦਿੱਤੀ ਹੈ।

ਲੜਕਾ ਸੰਜੀਵ ਮੇਰੇ ਨਾਲ ਹੀ ਪਬਲੀਕੇਸ਼ਨ ਦੇ ਕੰਮ ਵਿਚ ਲੱਗਾ ਹੋਇਆ ਹੈ। ਭਾਈ ਦਾ ਘਰ ਵੀ ਗਹਿਣੇ ਪਿਆ ਸੀ ਅਤੇ ਗਹਿਣਾ-ਗੱਟਾ ਵੀ। ਸਾਰਾ ਕਰਜ਼ਾ ਲਾਹ ਦਿੱਤਾ ਹੈ। ਪੁਰਾਣਾ ਘਰ ਢੁਹਾ ਕੇ ਨਵਾਂ ਪਵਾ ਦਿੱਤਾ ਹੈ। ਇਹ ਕੁਝ ਕਰ ਕੇ ਮੈਨੂੰ ਸੰਤੁਸ਼ਟੀ ਮਿਲਦੀ ਹੈ। ਮਨ ਖੁਸ਼ ਹੁੰਦਾ ਹੈ। ਮੇਰੇ ਆਪਣੇ ਇਕ ਬੇਟੀ ਹੀ ਹੈ, ਜਿਸਨੂੰ ਮੈਂ ਲੜਕਿਆਂ ਤੋਂ ਵੀ ਵੱਧ ਪਿਆਰ ਕਰਦਾ ਹਾਂ। ਸ਼ਾਇਦ ਬਚਪਨ ਵਿਚ ਭੋਗੀਆਂ ਪਰਸਥਿਤੀਆਂ ਕਾਰਨ ਹੀ ਮੇਰੀ ਇਹ ਸੋਚ ਬਣੀ ਹੈ ਅਤੇ ਮੈਂ ਹੁਣ ਤੱਕ ਆਪਣੀ ਸੋਚ ਉੱਤੇ ਪਹਿਰਾ ਦੇ ਰਿਹਾ ਹਾਂ। ਸ਼ਾਇਦ ਮੈਨੂੰ ਜ਼ਿੰਦਗੀ ਵਿਚ ਚੰਗੇ ਬੰਦਿਆਂ ਦਾ ਸਾਥ ਮਿਲਿਆ ਹੈ, ਜਿਨ੍ਹਾਂ ਮੇਰੀ ਸੋਚ ਨੂੰ ਚੰਗੇ ਕਾਰਜ ਵਿਚ ਲਾਇਆ। ਸਾਹਿਤ ਸਿਰਜਨਾ ਵੀ ਇਸੇ ਚੰਗੇ ਕਾਰਜ ਦਾ ਹਿੱਸਾ ਹੈ।

ਸਵਾਲ: ਪੰਜਾਬੀ ਨਾਵਲ ਦੇ ਸੰਦਰਭ ਵਿਚ ਆਪਣੀ ਵਿਲੱਖਣਤਾ/ ਵਿਸ਼ਿਸ਼ਟਤਾ ਬਾਰੇ ਕੀ ਕਹਿਣਾ ਚਾਹੋਗੇ?

ਜਵਾਬ: ਮੈਂ ਆਪਣਾ ਹਰ ਨਾਵਲ ਮਨ ਦੀ ਸ਼ਿੱਦਤ ਨਾਲ ਲਿਖਿਆ ਹੈ ਅਤੇ ਜ਼ਿੰਦਗੀ ਦੇ ਸੱਚ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਜ਼ਿੰਦਗੀ ਦਾ ਸੱਚ ਕਹਿਣਾ-ਸੁਨਣਾ ਮੁਢ ਕਦੀਮੋਂ ਹੀ ਬੜਾ ਮੁਸ਼ਕਿਲ ਰਿਹਾ ਹੈ। ਮੈਂ ਇਹ ਹੌਂਸਲਾ ਕੀਤਾ ਹੈ। ਨਾਵਲ 'ਕੁੜੀਆਂ ਚਿੜੀਆਂ' ਵਿਚ ਨਸੀਬੋ ਆਪਣੇ ਹੀ ਪਿੰਡ ਦੇ ਇਕ ਗੱਭਰੂ ਨਾਲ ਵਿਆਹ ਕਰਦੀ ਹੈ। 'ਇਕ ਰਾਤ ਦਾ ਜ਼ਖ਼ਮ' ਵਿਚ ਕਾਕੀ ਜੱਟੀ ਹੋ ਕੇ ਘੁਮੰਡੀ ਬਾਣੀਏਂ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਤਾਂ ਕਿ ਉਹ ਆਪਣੀ ਬਚੀ ਜ਼ਿੰਦਗੀ ਨੂੰ ਚੰਗੇਰਾ ਬਣਾ ਸਕੇ। ਸਾਡੇ ਪੇਂਡੂ ਸਮਾਜ ਦੀ ਰੂੜ੍ਹੀ ਟੁੱਟਦੀ ਹੈ। ਮੈਂ ਆਪਣੇ ਪਾਤਰਾਂ ਦੀ ਕਾਰਗੁਜ਼ਾਰੀ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰਦਾ, ਬੱਸ ਉਨ੍ਹਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਕਰਨ ਦਿੰਦਾ ਹਾਂ। ਜਿਵੇਂ ਉਹ ਜਿਉਣਾ ਚਾਹੁੰਦੇ ਹਨ, ਜਿਉਣ ਦਿੰਦਾ ਹਾਂ। 'ਸੱਚਿਦਾਨੰਦ' ਨਾਵਲ ਵਿਚ ਮੈਂ ਸਾਡੀ ਮੁਕਤੀ ਪਾਉਣ ਦੀ ਗਲਤ ਧਾਰਨਾ ਨੂੰ ਤੋੜਨ ਦਾ ਯਤਨ ਕੀਤਾ ਹੈ। ਮੈਂ ਕੋਈ ਵੀ ਰਚਨਾ ਕਿਸੇ ਚੌਖਟੇ ਵਿਚ ਜੜ ਕੇ ਨਹੀਂ ਕਰਦਾ। ਜੋ ਸਹਿਜ ਸੁਭਾਅ ਅਤੇ ਸਰਲਤਾ ਨਾਲ ਘਟਦਾ ਹੈ, ਘਟਣ ਦਿੰਦਾ ਹਾਂ। ਜਿੱਥੇ ਕਿਤੇ ਸੁੰਦਰ ਜ਼ਿੰਦਗੀ ਜਿਉਣ ਦੀ ਪਰੰਪਰਾ ਭੰਗ ਹੁੰਦੀ ਹੈ, ਉਥੇ ਮੈਂ ਜ਼ਰੂਰ ਖੜ੍ਹਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਹੋ ਹੀ ਮੇਰੇ ਨਾਵਲਾਂ ਦੀ ਵਿਲੱਖਣਤਾ ਅਤੇ ਵਿਸ਼ਿਸ਼ਟਤਾ ਹੈ।

ਸਵਾਲ: ਵਸਤੂ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ 'ਕਸਤੂਰੀ' ਇਕ ਵੱਖਰੇ ਕਿਸਮ ਦੀ ਮਨੋਵਿਗਿਆਨਕ ਰਚਨਾ ਹੈ। ਇਸ ਰਚਨਾ ਦੇ ਬੀਜ ਤੁਹਾਡੇ ਮਨ ਵਿਚ ਕਿਵੇਂ ਅੰਕੁਰਿਤ ਹੋਏ ਅਤੇ ਤੁਸੀਂ ਇਸ ਨੂੰ ਇਕ ਵਿਸ਼ੇਸ ਆਕਾਰ-ਪ੍ਰਕਾਰ ਕਿਵੇਂ ਦਿੱਤਾ?

ਜਵਾਬ ਇਹ ਨਾਵਲ ਇਕ ਸੱਚੀ ਕਥਾ ਉੱਤੇ ਅਧਾਰਿਤ ਹੈ। ਇਸ ਨਾਵਲ ਦਾ ਇਕ ਪਾਤਰ ਮੈਂ ਖ਼ੁਦ ਹਾਂ ਅਤੇ ਮੈਂ ਇਸ ਨੂੰ ਜਿਉਂਇਆ ਹੈ। ਇਸ ਕਥਾ ਦਾ ਸੱਚ ਹੰਢਾਇਆ ਹੈ। ਸਹਿਦੇਵ ਮੈਂ ਹੀ ਹਾਂ, ਜੋ ਮੁਕਲ ਅਤੇ ਲੱਕੀ ਦੇ ਪ੍ਰੇਮ-ਪੱਤਰ ਇਕ-ਦੂਸਰੇ ਕੋਲ ਲੈ ਕੇ ਜਾਂਦਾ ਹੈ। ਅਤੇ ਅੱਜ ਤੱਕ ਮੈਂ ਇਸ ਨਾਵਲ ਦੀ ਕਥਾ ਨਾਲ ਜੁੜਿਆ ਹੋਇਆ ਹਾਂ। ਮੈਂ ਆਪਣੇ ਮਿੱਤਰ ਦੀ ਉਸ ਦੋਸਤੀ ਅਤੇ ਉਸਦੇ ਆਪਣੀ ਪ੍ਰੇਮਿਕਾ ਪ੍ਰਤੀ ਪਿਆਰ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਜਿਵੇਂ-ਜਿਵੇਂ ਇਸ ਨਾਵਲ ਦੀਆਂ ਪਰਸਥਿਤੀਆਂ ਨੂੰ ਮੈਂ ਭੋਗਿਆ, ਜੋ-ਜੋ ਮਹਿਸੂਸ ਕੀਤਾ, ਲਿਖਿਆ। ਬੱਸ ਨਾਵਲ ਦਾ ਅੰਤ ਕਲਾਤਮਿਕ ਹੈ। ਅਸਲੀ ਜ਼ਿੰਦਗੀ ਵਿਚ ਮੇਰੇ ਦੋਸਤ ਅਤੇ ਉਸਦੀ ਪ੍ਰੇਮਿਕਾ ਦੀ ਸ਼ਾਦੀ ਨਹੀਂ ਹੋਈ। ਅੱਜ ਉਹ ਦੋਵੇਂ ਧੀਆਂ-ਪੁੱਤਾਂ ਵਾਲੇ ਹਨ ਪਰ ਅਜੇ ਵੀ ਉਹ ਇਕ-ਦੂਸਰੇ ਲਈ ਸ਼ਿੱਦਤ ਦੀ ਦੀਵਾਨਗੀ ਰੱਖਦੇ ਹਨ। ਉਹ ਆਪਣੇ ਪਰਿਵਾਰ ਅਤੇ ਬੱਚਿਆਂ ਦੇ ਵਿਰੋਧ ਦੇ ਬਾਵਜੂਦ ਇਕ-ਦੂਸਰੇ ਨੂੰ ਅੱਜ ਵੀ ਚੋਰੀ-ਚੋਰੀ ਮਿਲਦੇ ਹਨ, ਪਿਆਰ ਦੀਆਂ ਗੱਲਾਂ ਕਰਦੇ ਹਨ। ਅੱਜ ਵੀ ਉਨ੍ਹਾਂ ਦੀਆਂ ਗੱਲਾਂ ਵਿਚ ਕਿਤੇ-ਕਿਤੇ ਮੇਰਾ ਜ਼ਿਕਰ ਹੁੰਦਾ ਹੈ। ਅਜੇ ਵੀ ਉਨ੍ਹਾਂ ਦੇ ਮਨ ਵਿਚ ਇਹ ਆਸ ਹੈ ਕਿ ਉਹ ਦੋਵੇਂ ਇਕ ਹੋ ਸਕਣਗੇ। ਮੇਰਾ ਇਹ ਨਾਵਲੈੱਟ ਨੌਜਵਾਨਾਂ ਨੇ ਬਹੁਤ ਪਸੰਦ ਕੀਤਾ ਹੈ। ਇਹ ਉਨ੍ਹਾਂ ਦੇ ਭਾਵਾਂ ਦੀ ਤਰਜਮਾਨੀ ਕਰਦਾ ਹੈ। ਜਿਨ੍ਹਾਂ-ਜਿਨ੍ਹਾਂ ਪਲਾਂ ਵਿਚ ਮੈਂ ਉਸ ਦੋਸਤ ਨਾਲ ਰਹਿੰਦਿਆਂ-ਵਿਚਰਦਿਆਂ ਆਪਣੇ-ਆਪ ਨੂੰ ਬਿਚਾਰਾ ਮਹਿਸੂਸ ਕੀਤਾ ਹੈ, ਉਨ੍ਹਾਂ ਭਾਵਾਂ ਦੀ ਭਾਵਮੁਕਤੀ ਲਈ ਇਸ ਨੂੰ ਲਿਖਦਾ ਸੀ। ਇਹ ਨਾਵਲ ਲਿਖਦਿਆਂ, ਜਿਉਂਦਿਆਂ ਮੈਂ ਬਹੁਤ ਆਨੰਦਿਤ ਹੋਇਆ ਹਾਂ। ਪ੍ਰੇਮ ਇਕ ਅਜਿਹਾ ਮਾਧਿਅਮ ਹੈ ਜੋ ਸਾਨੂੰ ਭਰਪੂਰਤਾ ਵੱਲ ਲੈ ਕੇ ਜਾਂਦਾ ਹੈ ਅਤੇ ਹਰ ਵਿਅਕਤੀ ਭਰਪੂਰ ਹੋਣਾ ਲੋਚਦਾ ਹੈ ਪਰ ਪ੍ਰੇਮ ਤੋਂ ਅਧੂਰਾ ਵਿਅਕਤੀ ਭਰਪੂਰ ਨਹੀਂ ਹੋ ਸਕਦਾ, ਅਧੂਰਾ ਰਹਿੰਦਾ, ਮਾਨਸਿਕ ਤੌਰ ਉਤੇ ਵੀ ਅਤੇ ਸਰੀਰਕ ਤੌਰ ਉਤੇ ਵੀ।

ਸਵਾਲ: ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਇਕ ਨਵਾਂ ਵੱਡਾਕਾਰੀ ਨਾਵਲ ਵੀ ਲਿਖ ਲਿਆ ਹੈ। ਕੀ ਤੁਸੀਂ ਇਸਦੇ ਵਿਸ਼ੇ ਅਤੇ ਕੱਥ (Content) ਬਾਰੇ ਕੁਝ ਕਹਿਣਾ ਚਾਹੋਗੇ?

ਜਵਾਬ: ਮੈਂ ਪਹਿਲਾਂ ਵੀ ਕਿਹਾ ਹੈ ਕਿ ਮੈਂ ਨਾਵਲ ਲਿਖਣ ਵੇਲੇ ਮੈਂ ਇਹ ਕਦੇ ਵੀ ਨਹੀਂ ਸੋਚਿਆ ਕਿ ਨਾਵਲ ਵੱਡਾ ਲਿਖਣਾ ਹੈ ਜਾਂ ਛੋਟਾ। ਮੈਂ ਵਿਸ਼ੇ ਨੂੰ ਮੁੱਖ ਮੰਨ ਕੇ ਚਲਦਾ ਹਾਂ। ਪਰ ਜੋ ਨਵਾਂ ਨਾਵਲ 'ਇੰਦਰੋ' ਲਿਖਿਆ ਹੈ ਉਹ ਆਕਾਰ ਵਿਚ ਥੋੜ੍ਹਾ ਵੱਡਾ ਹੋ ਗਿਆ ਹੈ। ਅਸਲ ਵਿਚ ਇਸ ਨਾਵਲ ਦੀ ਕਹਾਣੀ ਰੌਲੇ ਵੇਲਿਆਂ (1947) ਤੋਂ ਲੈ ਕੇ 2000 ਦੇ ਆਸ-ਪਾਸ ਖ਼ਤਮ ਹੁੰਦੀ ਹੈ। ਇਸ ਲਈ ਕਹਾਣੀ ਲੰਮੀ ਹੈ ਅਤੇ ਪੰਨੇ ਵਧ ਗਏ ਹਨ। ਇਸ ਨੂੰ ਤੁਸੀਂ ਵੱਡਾਕਾਰੀ ਵੀ ਕਹਿ ਸਕਦੇ ਹੋ। ਕਰੀਬ ਚਾਲੀ ਕਾਂਡ ਹਨ। ਇਹ ਨਾਵਲ ਵੀ ਥੁੜੇ-ਟੁੱਟੇ ਲੋਕਾਂ ਦੀ ਗਾਥਾ ਹੈ। ਇਸਦਾ ਮੁੱਖ ਪਾਤਰ 'ਇੰਦਰੋ' ਹੈ। ਇਹ ਆਰਥਿਕ ਪੱਖੋਂ ਅਤੇ ਸਮਾਜਿਕ ਕਾਰਣਾਂ ਕਰਕੇ ਵਾਰ-ਵਾਰ ਉਜੜਦੇ-ਵਸਦੇ ਪਰਿਵਾਰਿਕ ਮਾਹੌਲ ਦੀ ਕਹਾਣੀ ਹੈ, ਜਿਸ ਵਿਚੋਂ ਇੰਦਰੋ ਇਕ ਅਲੋਕਾਰ ਪਾਤਰ ਹੋ ਕੇ ਵਿਚਰਦੀ ਹੈ। ਹਾਲਤਾਂ ਅਤੇ ਸਥਿਤੀਆਂ ਨੇ ਉਸਨੂੰ ਇਕ ਦਲੇਰ ਔਰਤ ਬਣਾ ਦਿੱਤਾ ਹੈ। ਉਹ ਦਬੀ ਅਤੇ ਗੀਦੀ ਪਾਤਰ ਨਹੀਂ। ਉਹ ਆਪਣੇ ਮਨ ਵਿਚ ਸਿਰਜੇ ਸਮਾਜ ਨੂੰ ਜਿਉਂਦੀ ਹੈ ਅਤੇ ਬਿਨਾਂ ਕਿਸੇ ਸਮਾਜ, ਲੋਕਾਂ, ਪਰਿਵਾਰ, ਜਾਤ-ਪਾਤ ਦੀ ਪਰਵਾਹ ਕੀਤਿਆਂ ਉਸ ਜ਼ਿੰਦਗੀ ਨੂੰ ਹੰਢਾਉਂਦੀ ਹੈ। ਉਸ ਵਿਚ ਹੌਸਲਾ ਹੈ। ਮੈਂ ਸਮਝਦਾ ਹਾਂ ਕਿ ਇੰਦਰੋ ਦਾ ਕਿਰਦਾਰ ਇਕ ਵਿਲੱਖਣ ਕਿਰਦਾਰ ਹੋਵੇਗਾ, ਜਿਸ ਵਿਚ ਵਿਪਰੀਤ ਸਥਿਤੀਆਂ ਵਿਚ ਵੀ ਜਿਉਣ ਦੀ ਤੀਬਰ ਲਾਲਸਾ ਹੈ ਅਤੇ ਜੇਰਾ ਵੀ। ਉਹ ਸਮਾਜ ਨਾਲ ਟੱਕਰ ਲੈਂਦੀ ਹੈ, ਮਰਦ ਬਣ ਕੇ ਆਪਣੇ ਬਾਪੂ ਦੇ ਕਾਤਲਾਂ ਦਾ ਬਦਲਾ ਲੈਂਦੀ ਹੈ ਅਤੇ ਫੇਰ ਬਿਨਾਂ ਪਿੰਡ ਦੀ ਪਰਵਾਹ ਕੀਤਿਆਂ ਮਨ ਆਏ ਮੁੰਡੇ ਨਾਲ ਵਿਆਹ ਕਰ ਲੈਂਦੀ ਹੈ। ਉਹ ਆਪਣੀਆਂ ਇੱਛਾਵਾਂ ਅੱਗੇ ਸਮਾਜ, ਇਸਦੀਆਂ ਰੂੜ੍ਹੀਆਂ ਨੂੰ ਤੁੱਛ ਸਮਝਦੀ ਹੈ। ਅਖੀਰ, ਜਿਵੇਂ ਕਿ ਸਾਡੇ ਸਮਾਜ ਦਾ ਖਾਸਾ ਹੈ, ਸਮਾਂ ਪੈਣ ਉੱਤੇ ਉਹ ਬੀਤੇ ਹੋਏ ਸਭ ਕੁਝ ਨੂੰ ਭੁੱਲ-ਭੁਲਾ ਕੇ ਸਭ ਕੁਝ ਪਰਵਾਨ ਕਰ ਲੈਂਦਾ ਹੈ, ਇੰਦਰੋ ਨੂੰ ਵੀ ਪਰਵਾਨ ਕਰ ਲੈਂਦਾ ਹੈ।

ਮੈਂ ਉਦੋਂ ਸੱਤਵੀਂ ਅੱਠਵੀਂ ਵਿਚ ਪੜ੍ਹਦਾ ਸੀ। ਅਕਸਰ

ਹੀ ਸਾਡੇ ਮੁਹੱਲੇ ਵਿਚੋਂ ਦੀ ਲੰਘ ਕੇ ਕਚਹਿਰੀਆਂ ਜਾਂ ਥਾਣੇ ਨੂੰ ਜਾਂਦੀ ਇਕ ਔਰਤ ਨੂੰ ਦੇਖਦਾ ਹੁੰਦਾ। ਉਸਦੇ ਮੋਢੇ ਬੰਦੂਕ ਟੰਗੀ ਹੋਈ ਹੁੰਦੀ ਅਤੇ ਨਾਲ ਡਾਂਗਾਂ, ਗੰਡਾਸਿਆਂ ਵਾਲੇ ਕਈ-ਕਈ ਲਗਾੜੇ ਜਿਹੇ ਬੰਦੇ ਹੁੰਦੇ ਸਨ। ਉਹ ਸਾਡੇ ਕਿਸੇ ਲਾਗਲੇ ਪਿੰਡ ਦੀ ਔਰਤ ਸੀ। ਉਨ੍ਹਾਂ ਦਿਨਾਂ ਵਿਚ ਔਰਤਾਂ ਕੋਲੇ ਬੰਦੂਕ ਹੋਣਾ ਤਾਂ ਦੂਰ, ਕਿਸੇ-ਕਿਸੇ ਪਿੰਡ ਵਿਚ ਮਸਾਂ ਇਕ-ਅੱਧ ਬੰਦੂਕ ਹੁੰਦੀ ਸੀ। ਉਹ ਅਕਸਰ ਹੀ ਕਚਹਿਰੀ ਜਾਂ ਥਾਣੇ ਜਾਂਦੀ। ਉਸਨੂੰ ਇਸ ਤਰ੍ਹਾਂ ਜਾਂਦਿਆਂ ਦੇਖ ਕੇ ਸਾਡੇ ਮੁਹੱਲੇ ਵਿਚ ਆਪਣੇ ਘਰਾਂ ਦੀਆਂ ਦਿਹਲੀਆਂ ਉਤੇ ਬਹਿ ਕੇ ਹੁੱਕਾ ਪੀਂਦੇ, ਤਾਸ਼ ਖੇਲਦੇ ਬੁੱਢੇ-ਠੇਰੇ ਕਹਿੰਦੇ ਹੁੰਦੇ, "ਚੱਲੀ ਬਈ ਇੰਦਰਾ ਵੈਲਣ।" ਮੈਨੂੰ ਨਹੀਂ ਪਤਾ ਸਾਰੇ ਉਸਨੂੰ ਇੰਦਰਾ ਵੈਲਣ ਕਿਉਂ ਕਹਿੰਦੇ ਸਨ? ਉਸਦਾ ਨਾਂ ਸ਼ਾਇਦ ਇੰਦਰਾ ਨਹੀਂ ਸੀ। ਹੋ ਸਕਦਾ ਹੈ ਕਿ ਲੋਕ 'ਇੰਦਰਾ ਵੈਲਣ' ਕਹਿ ਕੇ ਉਸ ਉੱਤੇ ਵਿਅੰਗ ਕਸਦੇ ਹੋਣ। ਉਹਨੀਂ ਦਿਨੀਂ ਦੋ ਔਰਤਾਂ ਬਹੁਤ ਪ੍ਰਸਿੱਧ ਸਨ। ਇੱਕ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ। ਅਤੇ ਦੂਸਰੀ, ਪਿੰਡਾਂ ਵਿਚ ਉਸ ਜਿੰਨੀ ਹੀ ਪ੍ਰਸਿੱਧ ਹੁੰਦੀ ਸੀ ਪੰਜਾਬੀ ਫਿਲਮਾਂ ਦੀ ਹੀਰੋਇਨ ਇੰਦਰਾ ਬਿੱਲੀ। ਮੈਨੂੰ ਲੱਗਦਾ ਹੈ ਕਿ ਲੋਕ ਉਸ ਔਰਤ ਨੂੰ ਇਨ੍ਹਾਂ ਦੋਵੇਂ ਵਿਚੋਂ ਹੀ ਕਿਸੇ ਇਕ ਨੂੰ ਸੰਬੋਧਨ ਕਰਕੇ ਕਹਿੰਦੇ ਹੋਣਗੇ। ਔਰਤ ਦਾ ਉਹ ਕਿਰਦਾਰ ਮੇਰੇ ਜ਼ਿਹਨ ਵਿਚ ਵਸਿਆ ਹੋਇਆ ਸੀ। ਉਸਦੀ ਜ਼ਿੰਦਗੀ ਬਾਰੇ ਮੈਂ ਬਹੁਤ ਕੁਝ ਨਹੀਂ ਜਾਣਦਾ, ਪਰ ਇਹ ਨਾਵਲ ਲਿਖਦਿਆਂ ਉਹ ਔਰਤ ਮੇਰੇ ਸਾਹਮਣੇ ਸੀ। ਲੋਕ ਉਸਨੂੰ ਵੈਲਣ ਕਹਿੰਦੇ ਸਨ, ਉਹ ਵੈਲਣ ਸੀ ਜਾਂ ਨਹੀਂ, ਮੈਂ ਨਹੀਂ ਜਾਣਦਾ ਸ਼ਾਇਦ ਉਸਦੇ ਗਲ ਟੰਗੀ ਬੰਦੂਕ ਕਰਕੇ ਅਤੇ ਉਸ ਨਾਲ ਆਉਂਦੇ-ਜਾਂਦੇ ਲਗਾੜੇ ਜਿਹੇ ਬੰਦਿਆਂ ਕਰਕੇ ਹੀ ਲੋਕਾਂ ਨੇ ਉਸ ਨਾਲ ਵੈਲਣ ਵਿਸ਼ੇਸ਼ਣ ਜੋੜ ਦਿੱਤਾ ਹੋਵੇ। ਮੈਂ ਚਾਹੁੰਦਾ ਸੀ ਕਿ ਇੰਦਰੋ ਉਹੋ ਜਿਹੀ ਬਣ ਕੇ ਆਪਣੇ ਮਨ ਦੀਆਂ ਕਦਰਾਂ-ਕੀਮਤਾਂ ਵਾਲੀ ਗੜ੍ਹਕੇ ਵਾਲੀ ਜ਼ਿੰਦਗੀ ਜਿਉਂਵੇ। ਇੰਦਰੋ ਨੂੰ ਵੀ ਨਾਵਲ ਵਿਚ ਪਿੰਡ ਵਾਲੇ ਵੈਲਣ ਕਹਿੰਦੇ ਹਨ। ਉਹ ਇਹ ਨਾਂ-ਵਿਸ਼ੇਸ਼ਣ ਪ੍ਰਵਾਨ ਵੀ ਕਰ ਲੈਂਦੀ ਹੈ, ਅਣਖ ਵਾਲੀ ਜ਼ਿੰਦਗੀ ਵੀ ਜਿਉਂਦੀ ਹੈ, ਪਰ ਉਹ ਮੈਨੂੰ ਨਾਵਲ ਵਿਚ ਕਿਤੇ ਵੀ ਵੈਲਣ ਬਣੀ ਨਜ਼ਰ ਨਹੀਂ ਆਈ।

□



ਦਰਸ਼ਨ ਮਿਤਵਾ ਦੀ ਨਾਵਲ ਯਾਤਰਾ ਦੇ ਇਤਿਹਾਸਕ ਸਰਵੇਖਣ ਤੋਂ ਬਾਅਦ ਸਾਡੇ ਲਈ ਇਸ ਨਿਸ਼ਕਰਸ਼ ਤੇ ਪਹੁੰਚਣਾ ਔਖਾ ਨਹੀਂ ਕਿ ਉਸਨੇ ਪੰਜਾਬੀ ਜਨ-ਜੀਵਨ ਦੇ ਕੁਝ ਉਨ੍ਹਾਂ ਧਰਾਤਲਾਂ ਦੀ ਨਿਸ਼ਾਨਦੇਹੀ ਅਤੇ ਅੱਕਾਸੀ ਕੀਤੀ ਹੈ, ਜਿਨ੍ਹਾਂ ਉਤੇ ਅੱਜ ਤੱਕ ਕਿਸੇ ਹੋਰ ਨਾਵਲਕਾਰ ਦੀ ਨਜ਼ਰ ਨਹੀਂ ਸੀ ਗਈ। ਉਸਦੇ ਸਮੁੱਚੇ ਨਾਵਲ ਜਗਤ ਵਿਚ ਵੱਖ -ਵੱਖ ਪਰਿਸਥਿਤੀਆਂ ਅਤੇ ਪਰਿਵਾਰਕ ਸਮਾਜਿਕ ਪਰਿਵੇਸ਼ਾਂ ਵਿਚੋਂ ਆਏ ਅਦਨੇ ਆਦਮੀਆਂ/ਔਰਤਾਂ ਦੇ ਬ੍ਰਿਤਾਂਤ ਪੇਸ਼ ਹੋਏ ਹਨ। ਮੂਲ ਤੌਰ ਤੇ ਉਹ ਹਾਸ਼ੀਆਕ੍ਰਿਤ ਵਰਗਾਂ (ਦਲਿਤਾਂ, ਬਾਲ ਮਜ਼ਦੂਰਾਂ, ਮਜ਼ਦੂਰ ਨਾਰੀਆਂ, ਨਿਮਨ ਮਧਵਰਗ) ਆਦਿ ਦਾ ਚਿਤੇਰਾ ਹੈ। ਵਸਤੂ ਸਮਗਰੀ ਅਤੇ ਬ੍ਰਿਤਾਂਤ ਵਿਧੀਆਂ ਦੀ ਦ੍ਰਿਸ਼ਟੀ ਤੋਂ ਉਹ ਪੰਜਾਬੀ ਦਾ ਇਕ ਪ੍ਰਮੁੱਖ, ਆਲੋਚਨਾਤਮਕ ਯਥਾਰਥਵਾਦੀ ਨਾਵਲਕਾਰ ਹੈ।

ISBN 81-89869-56-6
9788189869564
Rs.160/-

Udaan Publications,
MANSA-151505